ਅੰਗ ੨੫੨ = ਸਲੋਕੁ ॥ ਲਾਲ ਗੁਪਾਲ ਗੋਬਿੰਦ ਪ੍ਰਭ, ਗਹਿਰ ਗੰਭੀਰ ਅਥਾਹ ॥ ਦੂਸਰ ਨਾਹੀ ਅਵਰ ਕੋ, ਨਾਨਕ ਬੇਪਰਵਾਹ ॥੧॥ (ਜਿਸ ਪ੍ਰਭੂ ਨੂੰ ਪਿਆਰ ਕਰਨਾ ਹੈ, ਉਸਦਾ ਸਰੂਪ ਦਸਦੇ ਹਨ) ਪ੍ਰਿਥਵੀ ਨੂੰ ਪਾਲਣ ਵਾਲਾ ਪਿਆਰਾ ਗੋਬਿੰਦ ਪ੍ਰਭੂ ਡੂੰਘਾ, ਸੰਜੀਦਾ ਤੇ ਬੇਅੰਤ ਹੈ। ਪ੍ਰਭੂ ਵਰਗਾ ਦੂਜਾ ਹੋਰ ਕੋਈ ਨਹੀਂ, ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਬੇ ਪ੍ਰਵਾਹ ਹੈ।੧।

ਪਉੜੀ ॥ ਲਲਾ ਤਾ ਕੈ ਲਵੈ ਨ ਕੋਊ ॥ ਏਕਹਿ ਆਪਿ ਅਵਰ ਨਹ ਹੋਊ ॥ ਹੋਵਨਹਾਰੁ ਹੋਤ ਸਦ ਆਇਆ ॥ ਉਆ ਕਾ ਅੰਤੁ ਨ ਕਾਹੂ ਪਾਇਆ ॥ ॥ ਕੀਟ ਹਸਤਿ ਮਹਿ ਪੂਰ ਸਮਾਨੇ ॥ ਪ੍ਰਗਟ ਪੁਰਖ ਸਭ ਠਾਊ ਜਾਨੇ ॥ ਜਾ ਕਉ ਦੀਨੋ ਹਰਿ ਰਸੁ ਅਪਨਾ ॥ ਨਾਨਕ ਗੁਰਮੁਖਿ ਹਰਿ ਹਰਿ ਤਿਹ ਜਪਨਾ ॥੧੨॥ ਲੱਲੇ ਅੱਖਰ ਦੁਆਰਾ ਕਥਨ ਕਰਦੇ ਹਨ, (ਸੰਸਾਰ ਵਿਚ ਉਸ ਪ੍ਰਭੂ ਦੇ) ਬਰਾਬਰ ਦਾ ਕੋਈ ਨਹੀਂ। (ਅਪਣੇ ਵਰਗਾ) ਇਕ ਵਾਹਿਗੁਰੂ ਆਪ ਹੀ ਹੈ, (ਅੱਗੇ ਨੂੰ ਵੀ ਉਸ ਵਰਗਾ) ਹੋਰ ਕੋਈ ਨਹੀ ਹੋਵੇਗਾ। ਜੋ (ਵਾਹਿਗੁਰੂ) ਸਦਾ ਰਹਿਣ ਵਾਲਾ ਹੈ, ਪਿੱਛੇ ਵੀ ਸਦਾ ਹੁੰਦਾ ਆਇਆ ਹੈ (ਜਿਸ ਦੀ ਹੋਂਦ ਸਦਾ ਤੋਂ ਚਲੀ ਆਈ ਹੈ)। ਉਸਦਾ ਅੰਤ ਕਿਸੇ ਨੇ ਨਹੀਂ ਪਾਇਆ। ਕੀੜੇ ਤੇ ਹਾਥੀ ਵਿਚ ਇਕੋ ਜਿਹਾ ਪੂਰਨ ਤੌਰ ਤੇ ਸਮਾਇਆ ਹੋਇਆ ਹੈ। ਉਹ ਅਕਾਲ ਪੁਰਖ ਸਭ ਥਾਵਾਂ ਤੇ ਪ੍ਰਗਟ ਜਾਣਿਆ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਉਸ ਹਰੀ ਨੇ) ਜਿਸ ਮਨੁੱਖ ਨੂੰ ਅਪਣਾ ਹਰਿ ਨਾਮ ਰਸ ਦੇ ਦਿਤਾ ਹੈ। (ਉਸ ਨੇ) ਗੁਰੂ ਦੁਆਰਾ ਹਰਿ ਹਰਿ ਨਾਮ ਜਪਣਾ ਕੀਤਾ ਹੈ।੧੨।

ਪਦਾਰਥ = ਲਾਲ–ਪਿਆਰਾ। ਗੋਪਾਲ–ਧਰਤੀ ਦਾ ਪਾਲਕ। ਗਹਿਰ ਗੰਭੀਰ–ਡੂੰਘੇ ਤੋਂ ਡੂੰਘਾ (ਔਖਾ ਪ੍ਰਾਪਤ ਹੋਣ ਵਾਲਾ); ਡੂੰਘਾ ਤੇ ਅਡੋਲ; (ਗੰਭੀਰ–ਸੰਜੀਦਾ–ਹੋਛੇਪਣ ਤੋਂ ਰਹਿਤ)। ਅਥਾਹ–ਬੇਅੰਤ। ਅਵਰ–ਹੋਰ। ਕੋ–ਕੋਈ।੧। ਤਾ ਕੈ–ਉਸ ਦੇ। ਲਵੈ–ਤੁਲ; ਬਰਾਬਰ ਦਾ। ਹੋਊ–ਹੋਵੇਗਾ। ਹੋਵਨਹਾਰੁ–ਵਾਹਿਗੁਰੂ ਸਦੀਵੀ ਹੋਂਦ ਵਾਲਾ ਹੈ। ਉਆ ਕਾ–ਉਸ ਦਾ। ਕਾਹੂ–ਕਿਸੇ ਨੇ। ਕੀਟ–ਕੀੜੇ। ਹਸਤਿ–ਹਾਥੀ। ਪੂਰ–ਪੂਰਨ। ਸਮਾਨੇ–ਸਮਾਇਆ ਹੋਇਆ ਹੈ। ਠਾਊ–ਥਾਵਾਂ ਤੇ। ਜਾ ਕਉ–ਜਿਸ ਨੂੰ। ਤਿਹ–ਉਸ ਨੇ।੧੨।

ਸਲੋਕੁ ॥ ਆਤਮ ਰਸੁ ਜਿਹ ਜਾਨਿਆ, ਹਰਿ ਰੰਗ ਸਹਜੇ ਮਾਣੁ ॥ ਨਾਨਕ ਧਨਿ ਧਨਿ ਧੰਨਿ ਜਨ, ਆਏ ਤੇ ਪਰਵਾਣੁ ॥੧॥ (ਹੇ ਭਾਈ!) ਜਿਨ੍ਹਾਂ ਪੁਰਖਾਂ ਨੇ ਆਤਮ ਰਸ ਨੂੰ ਜਾਣ ਲਿਆ ਹੈ, ਉਹ ਹਰੀ ਦਾ ਅਨੰਦ ਸੁਤੇ ਸਿੱਧ ਹੀ ਮਾਣ ਲੈਂਦੇ ਹਨ। ਹੇ ਨਾਨਕ! ਉਹ ਪੁਰਖ (ਸੰਸਾਰ ਵਿਚ) ਆਏ (ਜਨਮੇ) ਪ੍ਰਵਾਣ ਹਨ ਅਤੇ ਮਨ, ਬਾਣੀ ਤੇ ਸਰੀਰ ਕਰਕੇ ਧੰਨ ਹਨ (ਸੰ.ਸ.); ਉਨ੍ਹਾਂ ਦੀ ਮਾਂ ਧੰਨ ਹੈ, ਪਿਤਾ ਧੰਨ ਹੈ ਤੇ ਉਹ ਪੁਰਖ ਆਪ ਵੀ ਧੰਨ ਹਨ (ਸੰ.ਸ.); ਤਿੰਨਾਂ ਕਾਲਾਂ ਵਿਚ ਧੰਨ ਹਨ (ਫ.ਸ.)।੧।

ਪਉੜੀ ॥ ਆਇਆ ਸਫਲ ਤਾਹੂ ਕੋ ਗਨੀਐ ॥ ਜਾਸੁ ਰਸਨ ਹਰਿ ਹਰਿ ਜਸ ਭਨੀਐ ॥ ਆਇ ਬਸਹਿ ਸਾਧੂ ਕੈ ਸੰਗੇ ॥ ਅਨ ਦਿਨੁ ਨਾਮੁ ਧਿਆਵਹਿ ਰੰਗੇ ॥ ਆਵਤ ਸੋ ਜਨੁ ਨਾਮਹਿ ਰਾਤਾ ॥ ਜਾਕਉ ਦਇਆ ਮਇਆ ਬਿਧਾਤਾ ॥ ਏਕਹਿ ਆਵਨ ਫਿਰਿ ਜੋਨਿ ਨ ਆਇਆ ॥ ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥ (ਸੰਸਾਰ ਵਿਚ ਜਨਮ ਲੈ ਕੇ) ਆਇਆ ਉਸੇ ਪੁਰਖ ਦਾ ਸਫਲ ਗਿਣੀਦਾ ਹੈ। ਜਿਸਦੀ ਰਸਨਾ ਪ੍ਰਭੂ ਦਾ ਜਸ ਉਚਾਰਦੀ ਹੈ। (ਉਹ ਸੰਸਾਰ ਵਿਚ) ਆ ਕੇ ਸਾਧੂਆਂ ਦੇ ਸੰਗ ਵਿਚ ਵਸਦੇ ਹਨ। ਹਰ ਰੋਜ ਪ੍ਰੇਮ ਨਾਲ ਹਰੀ ਦਾ ਨਾਮ ਧਿਆਉਂਦੇ ਹਨ। (ਅਗਲੀ ਤੁਕ ਦਾ ਅਰਥ ਪਹਿਲਾਂ) ਜਿਸ ਤੇ ਰਚਨਹਾਰ ਕਰਤਾਰ ਦੀ ਕ੍ਰਿਪਾ ਹੋਈ ਹੈ, ਦਇਆ ਹੋਈ ਹੈ, ਉਹ ਪੁਰਖ (ਸੰਸਾਰ ਵਿਚ) ਆਉਂਦਾ ਭਾਵ ਬਚਪਨ ਤੋਂ ਹੀ ਹਰੀ ਦੇ ਨਾਮ ਵਿਚ ਲਗ ਗਿਆ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ, (ਅਜੇਹੇ ਮਨੁੱਖ ਦਾ ਸੰਸਾਰ ਵਿਚ) ਇਕੋ ਵਾਰ ਆਉਣਾ ਹੋਇਆ ਹੈ, ਮੁੜ (ਉਹ ਕਿਸੇ) ਜੂਨ ਵਿਚ ਨਹੀਂ ਆਇਆ। (ਕਿਉਂਕਿ ਉਹ) ਹਰੀ ਦੇ ਦਰਸ਼ਨ (ਸਰੂਪ) ਵਿਚ ਲੀਨ ਹੋ ਗਿਆ ਹੈ।੧੩।

ਪਦਾਰਥ = ਆਤਮ ਰਸੁ–ਆਤਮ ਅਨੰਦ ਦਾ ਰਸ; ਕਰਤਾਰ ਪ੍ਰਾਪਤੀ ਦਾ ਅਨੰਦ; ਅਗੰਮੀ ਰਸ; ਇਕਾਗਰਤਾ ਦਾ ਰਸ (ਅਪਣੇ ਵਿਚ ਟਿਕਿਆਂ ਜੋ ਆਪੇ ਦਾ ਰਸ ਆਉਂਦਾ ਹੈ)। ਜਿਹ–ਜਿਨ੍ਹਾਂ ਨੇ। ਰੰਗ–ਪਿਆਰ; ਅਨੰਦ। ਸਹਜੇ–ਸੁਤੇ ਸਿੱਧ; ਨਿਰ ਜਤਨ। ਤੇ–ਉਹ।੧। ਪਉੜੀ। ਤਾਹੂ ਕੋ–ਉਸ ਦਾ। ਗਨੀਐ–ਗਿਣਿਆ ਜਾਂਦਾ ਹੈ; ਸਮਝਿਆ ਜਾਂਦਾ ਹੈ। ਜਾਸੁ–ਜਿਸ ਦੀ। ਰਸਨ–ਜੀਭ। ਭਨੀਐ –ਉਚਾਰਦੀ ਹੈ। ਅਨਦਿਨੁ–ਹਰ ਰੋਜ। ਰੰਗੇ–ਪਿਆਰ ਨਾਲ। ਨਾਮਹਿ–ਨਾਮ ਵਿਚ। ਰਾਤਾ– ਲਗ ਜਾਂਦਾ ਹੈ; ਮਸਤ ਰਹਿੰਦਾ ਹੈ। ਮਇਆ–ਕਿਰਪਾ। ਬਿਧਾਤਾ–ਰਚਨਹਾਰ ਕਰਤਾਰ ਦੀ। ਏਕਹਿ–ਇਕੋ ਵਾਰੀ।੧੩।

ਸਲੋਕੁ ॥ ਯਾਸੁ ਜਪਤ ਮਨਿ ਹੋਇ ਅਨੰਦੁ ,ਬਿਨਸੈ ਦੂਜਾ ਭਾਉ ॥ ਦੂਖ ਦਰਦ ਤ੍ਰਿਸਨਾ ਬੁਝੈ, ਨਾਨਕ ਨਾਮਿ ਸਮਾਉ ॥੧॥ ਜਿਸ ਪ੍ਰਮੇਸਰ ਨੂੰ ਜਪਦਿਆਂ ਮਨ ਵਿਚ ਅਨੰਦ ਆਉਂਦਾ ਹੋਵੇ, ਦੂਜਾ ਭਾਵ ਨਾਸ ਹੋ ਜਾਵੇ। (ਮਨ ਦਾ) ਦੁਖ, (ਤਨ ਦਾ) ਦਰਦ ਤੇ ਤ੍ਰਿਸ਼ਨਾ (ਦੀ ਅੱਗ) ਬੁਝ ਜਾਵੇ, ਨਾਨਕ ਗੁਰੂ ਜੀ ਆਖਦੇ ਹਨ, (ਉਸ ਪ੍ਰਭੂ ਦੇ) ਨਾਮ ਵਿਚ ਲੀਨ ਹੋ ਜਾਵੋ।੧।

ਅੰਗ ੨੫੩ = ਪਉੜੀ ॥ ਯਯਾ ਜਾਰਉ ਦੁਰਮਤਿ ਦੋਊ ॥ ਤਿਸਹਿ ਤਿਆਗਿ ਸੁਖ ਸਹਜੇ ਸੋਊ ॥ ਯਯਾ ਜਾਇ ਪਰਹੁ ਸੰਤ ਸਰਨਾ ॥ ਜਿਹ ਆਸਰ ਇਆ ਭਵਜਲੁ ਤਰਨਾ ॥ ਯਯਾ ਜਨਮਿ ਨ ਆਵੈ ਸੋਊ ॥ ਏਕ ਨਾਮ ਲੇ ਮਨਹਿ ਪਰੋਊ ॥ ਯਯਾ ਜਨਮਿ

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org

ਨ ਹਾਰੀਐ, ਗੁਰ ਪੂਰੇ ਕੀ ਟੇਕ ॥ ਨਾਨਕ ਤਿਹ ਸੁਖੁ ਪਾਇਆ, ਜਾ ਕੈ ਹੀਅਰੈ ਏਕ ॥੧੪॥ ਯਯੇ (ਅੱਖਰ ਦੁਆਰਾ ਉਪਦੇਸ਼ ਹੈ ,ਹੇ ਭਾਈ!) ਦੁਐਤ ਭਾਵ ਵਾਲੀ ਖੋਟੀ ਬੁਧੀ ਨੂੰ ਸਾੜ ਦਿਓ। ਉਸ (ਦੁਰਮਤਿ) ਨੂੰ ਤਿਆਗ ਕੇ ਸਹਿਜ ਅਵਸਥਾ ਵਾਲੇ ਸੁਖ ਵਿਚ ਸੋਵੋਗੇ; ਉਹ (ਤਿਆਗਣ ਵਾਲਾ ਮਨੁੱਖ) ਸਹਿਜ ਸੁਖ ਵਿਚ ਟਿਕ ਜਾਵੇਗਾ। ਯਯੇ (ਦੁਆਰਾ ਆਖਦੇ ਹਨ) ਸੰਤਾਂ ਦੀ ਸ਼ਰਨ ਜਾ ਪਵੋ। ਜਿਨ੍ਹਾਂ ਦੇ ਆਸਰੇ ਇਸ ਸੰਸਾਰ ਸਾਗਰ ਨੂੰ ਤਰ ਜਾਈਦਾ ਹੈ। ਯਯੇ (ਦੁਆਰਾ ਆਖਦੇ ਹਨ ਕਿ) ਉਹ ਮਨੁੱਖ ਮੁੜ ਜਨਮ ਵਿਚ ਨਹੀਂ ਆਉਂਦਾ। (ਜਿਹੜਾ) ਇਕ ਵਾਹਿਗੁਰੂ ਦਾ ਨਾਮ ਲੈ ਕੇ ਮਨ ਵਿਚ ਪਰੋ ਲੈਂਦਾ ਹੈ। ਯਯੇ (ਦੁਆਰਾ ਉਪਦੇਸ਼ ਹੈ, ਜੇ) ਪੂਰੇ ਗੁਰੂ ਦੀ ਟੇਕ ਲੈ ਲਈਏ ਤਾਂ ਮਨੁੱਖਾ ਜਨਮ ਨਹੀਂ ਹਾਰੀਦਾ (ਵਿਅਰਥ ਨਹੀਂ ਜਾਂਦਾ)। ਨਾਨਕ ਗੁਰੂ ਜੀ ਆਖਦੇ ਹਨ, ਉਸ ਮਨੁੱਖ ਨੇ ਆਤਮਕ ਸੁਖ ਪਾਇਆ ਹੈ, ਜਿਸ ਦੇ ਹਿਰਦੇ ਵਿਚ ਇਕ ਵਾਹਿਗੁਰੂ ਵਸ ਗਿਆ ਹੈ।੧੪।

ਪਦਾਰਥ = ਯਾਸੁ–ਜਿਸ ਨੂੰ। ਜਪਤ–ਜਪਦਿਆਂ। ਬਿਨਸੈ–ਨਾਸ਼ ਹੁੰਦਾ ਹੈ। ਦੂਜਾ ਭਾਉ–ਰੱਬ ਤੋਂ ਬਿਨਾ ਕਿਸੇ ਹੋਰ ਨਾਲ ਪਿਆਰ; ਜੀਵ ਤੇ ਹਰੀ ਵਿਚ ਭੇਦ ਪਾਉਣ ਵਾਲਾ ਪਿਆਰ। ਬੁਝੈ–ਬੁਝ ਜਾਂਦੀ ਹੈ। ਸਮਾਉ–ਲੀਨ ਹੋਵੋ।੧। ਪਉੜੀ। ਜਾਰਉ–ਸਾੜ ਦਿਓ। ਦੁਰਮਤਿ–ਖੋਟੀ ਬੁੱਧੀ। ਦੋਊ–ਦੁਐਤ ਭਾਵ ਵਾਲੀ। ਤਿਸਹਿ–ਉਸ ਨੂੰ। ਸੁਖ ਸਹਜੇ–ਸਹਿਜ ਅਵਸਥਾ ਦਾ (ਕੁਦਰਤੀ) ਸੁੱਖ। ਸੋਊ–ਉਹ; ਸੋਵੋਗੇ। ਆਸਰ–ਆਸਰਾ–ਇਆ–ਇਹ। ਪਰੋਊ–ਪਰੋ ਲੈਂਦਾ ਹੈ। ਟੇਕ–ਆਸਰਾ। ਤਿਹ–ਉਸ ਨੇ। ਹੀਅਰੈ–ਹਿਰਦੇ ਵਿਚ।੧੪। ਸਲੋਕੁ ॥ ਅੰਤਰਿ ਮਨ ਤਨ ਬਸਿ ਰਹੇ, ਈਤ ਊਤ ਕੇ ਮੀਤ ॥ ਗੁਰਿ ਪੂਰੈ ਉਪਦੇਸਿਆ, ਨਾਨਕ ਜਪੀਐ ਨੀਤ ॥੧॥ (ਮੇਰੇ) ਮਨ ਤੇ ਤਨ ਦੇ ਅੰਦਰ (ਵਾਹਿਗੁਰੂ ਜੀ) ਵਸ ਰਹੇ ਹਨ, (ਜੋ) ਇਸ ਲੋਕ ਤੇ ਉਸ ਲੋਕ (ਪ੍ਰਲੋਕ) ਦੇ ਮਿਤ੍ਰ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਪੂਰੇ ਗੁਰੂ ਨੇ ਇਹ ਉਪਦੇਸ਼ ਦਿਤਾ ਹੈ (ਕਿ ਮਿਤ੍ਰ ਵਾਹਿਗੁਰੂ ਨੂੰ) ਨਿਤ ਜਪਣਾ ਚਾਹੀਦਾ ਹੈ।੧।

ਪਉੜੀ ॥ ਅਨਦਿਨੁ ਸਿਮਰਹੁ ਤਾਸੁ ਕਉ ,ਜੋ ਅੰਤਿ ਸਹਾਈ ਹੋਇ ॥ ਇਹ ਬਿਖਿਆ ਦਿਨ ਚਾਰਿ ਛਿਅ, ਛਾਡਿ ਚਲਿਓ ਸਭੁ ਕੋਇ ॥ ਕਾ ਕੋ ਮਾਤ ਪਿਤਾ ਸੁਤ ਧੀਆ ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥ ਐਸੀ ਸੰਚਿ ਜੁ ਬਿਨਸਤ ਨਾਹੀ ॥ ਪਤਿ ਸੇਤੀ ਅਪੁਨੈ ਘਰਿ ਜਾਹੀ ॥ ਸਾਧ ਸੰਗਿ ਕਲਿ ਕੀਰਤਨੁ ਗਾਇਆ ॥ ਨਾਨਕ ਤੇ ਤੇ ਬਹੁਰਿ ਨ ਆਇਆ ॥੧੫॥ (ਗੁਰੂ ਨੇ ਇਹ ਉਪਦੇਸ਼ ਦਿਤਾ ਹੈ ਕਿ) ਦਿਨ ਰਾਤ ਉਸ (ਵਾਹਿਗੁਰੂ ਨੂੰ) ਸਿਮਰੋ, ਜਿਹੜਾ ਅੰਤ ਸਮੇਂ ਸਹਾਈ ਹੁੰਦਾ ਹੈ। ਇਹ ਮਾਇਆ ਚਾਰ ਛੇ ਦਿਨਾਂ (ਥੋੜੇ ਸਮੇਂ) ਦੀ ਹੈ, ਸਭ ਕੋਈ (ਇਸ ਮਾਇਆ ਨੂੰ) ਛਡ ਕੇ ਚਲਾ ਜਾਂਦਾ ਹੈ। ਮਾਂ ਬਾਪ ਪੁਤ੍ਰ ਤੇ ਧੀਆਂ ਕਿਸ ਦੇ ਹਨ? ਘਰ ਤੇ ਇਸਤ੍ਰੀ (ਆਦਿ ਵਿਚੋਂ ਮਰਨ ਸਮੇਂ ਕਦੇ ਕਿਸੇ ਨੇ) ਕੁਛ ਵੀ ਨਾਲ ਨਹੀਂ ਲਿਆ। (ਇਸ ਲਈ) ਐਸੀ ਪੂੰਜੀ ਇਕੱਠੀ ਕਰ, ਜੋ ਨਾਸ਼ ਨਹੀਂ ਹੁੰਦੀ । (ਜਿਸ ਕਰਕੇ ਤੂੰ) ਇਜਤ ਨਾਲ ਅਪਣੇ ਘਰ ਜਾਏਂਗਾ। ਕਲਜੁਗ ਵਿਚ (ਜਿਸ ਜਿਸ ਨੇ ਵੀ) ਸਾਧ ਸੰਗਤ ਵਿਚ ਹਰੀ ਦਾ ਜਸ ਗਾਇਆ ਹੈ। ਨਾਨਕ ਗੁਰੂ ਜੀ ਆਖਦੇ ਹਨ, ਉਹ ਉਹ ਮੁੜ (ਦੁਬਾਰਾ ਕਿਸੇ ਜੂਨ ਵਿਚ) ਨਹੀਂ ਆਏ।੧੫।

ਪਦਾਰਥ = ਅੰਤਰਿ–ਅੰਦਰ। ਈਤ–ਇਸ ਲੋਕ ਦਾ। ਊਤ–ਉਸ ਲੋਕ ਦਾ। ਮੀਤ–ਮਿਤ੍ਰ। ਨੀਤ–ਨਿੱਤ; ਸਦਾ।੧। ਅਨਦਿਨੁ–ਹਰ ਰੋਜ। ਤਾਸੁ ਕਉ–ਉਸ ਨੂੰ। ਬਿਖਿਆ–ਮਾਇਆ। ਚਾਰਿ ਛਿਅ–ਚਾਰ ਛੇ ਦਿਨਾਂ ਦੀ ਭਾਵ ਥੋੜੇ ਸਮੇਂ ਦੀ; ਚਾਰ+ਛਿਅ–ਦਸ ਦਿਨਾਂ ਦੀ। ਕਾ ਕੋ–ਕਿਸ ਦਾ? ਸੁਤ–ਪੁਤ੍ਰ। ਗ੍ਰਿਹ–ਘਰ। ਬਨਿਤਾ–ਇਸਤ੍ਰੀ। ਸੰਚਿ–ਇੱਕਠੀ ਕਰ। ਪਤਿ–ਇੱਜਤ। ਸੇਤੀ–ਨਾਲ। ਘਰਿ–ਰੱਬੀ ਘਰ ਵਿਚ। ਕਲਿ–ਕਲਜੁਗ ਵਿਚ; ਇਸ ਜਨਮ ਦੇ ਸਮੇਂ ਵਿਚ। ਤੇ ਤੇ–ਉਹ ਉਹ (ਮਨੁੱਖ)। ਬਹੁਰਿ–ਮੁੜ ਦੁਬਾਰਾ।੧੫।

ਸਲੋਕੁ ॥ ਅਤਿ ਸੁੰਦਰ ਕੁਲੀਨ ਚਤੁਰ, ਮੁਖਿ ਙਿਆਨੀ ਧਨਵੰਤ ॥ ਮਿਰਤਕ ਕਹੀਅਹਿ ਨਾਨਕਾ, ਜਿਹ ਪ੍ਰੀਤਿ ਨਹੀ ਭਗਵੰਤ ॥੧॥ (ਰੱਬ ਦੇ ਪ੍ਰੇਮ ਵਿਹੂਣੇ ਮਨੁੱਖ ਨੂੰ ਮੁਰਦੇ ਤੁੱਲ ਆਖਦੇ ਹਨ, ਭਾਵੇਂ ਕੋਈ ਮਨੁੱਖ) ਬਹੁਤ ਸੁੰਦਰ ਹੋਵੇ, ਉਚੀ ਕੁਲ ਵਾਲਾ ਹੋਵੇ, ਸਿਆਣਾ (ਸਮਝ ਵਾਲਾ) ਹੋਵੇ, ਮੁਖੀ (ਮੰਨਿਆ ਪ੍ਰਮੰਨਿਆ) ਹੋਵੇ, ਗਿਆਨੀ ਤੇ ਧਨਵਾਨ ਹੋਵੇ। (ਇਹ ਸਾਰੇ ਗੁਣ ਹੋਣ ਦੇ ਬਾਵਜੂਦ ਵੀ) ਹੇ ਨਾਨਕ! ਜਿਸ ਦੇ ਅੰਦਰ ਵਾਹਿਗੁਰੂ ਦੀ ਪ੍ਰੀਤ ਨਹੀਂ ਹੈ, ਉਹ (ਮਨੁੱਖ) ਮੁਰਦਾ ਕਿਹਾ ਜਾਂਦਾ ਹੈ।੧। (ਸ਼ਬਦਾਰਥ, ਦਰਪਣ ਤੇ ਨਿਰਣੈ ਨੇ ਇਸ ਸਲੋਕ ਦੇ ਅਰਥ ਬਹੁ ਵਚਨ ਵਿਚ ਕੀਤੇ ਹਨ, ਬਾਕੀ ਸਭ ਨੇ ਇਕ ਵਚਨ ਵਿਚ)।

ਪਉੜੀ ॥ ਙੰਙਾ ਖਟੁ ਸਾਸਤ੍ਰ ਹੋਇ ਙਿਆਤਾ ॥ ਪੂਰਕੁ ਕੁੰਭਕ ਰੇਚਕ ਕਰਮਾਤਾ ॥ ਙਿਆਨ ਧਿਆਨ ਤੀਰਥ ਇਸਨਾਨੀ ॥ ਸੋਮ ਪਾਕ ਅਪਰਸ ਉਦਿਆਨੀ ॥ ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥ ਜੋ ਕਛੁ ਕੀਨੋ ਸੋਊ ਅਨੇਤਾ ॥ ਉਆ ਤੇ ਊਤਮ ਗਨਉ ਚੰਡਾਲਾ ॥ ਨਾਨਕ ਜਿਹ ਮਨਿ ਬਸਹਿ ਗੁਪਾਲਾ ॥੧੬॥ ਙੰਙੇ ਅੱਖਰ ਦਾ ਉਪਦੇਸ਼ ਹੈ ਕਿ ਭਾਵੇਂ ਕੋਈ ਮਨੁੱਖ ਛੇ ਸ਼ਾਸਤ੍ਰਾਂ ਦਾ ਜਾਨਣ ਵਾਲਾ ਹੋਵੇ। (ਭਾਵੇਂ ਕੋਈ ਮਨੁੱਖ) ਸੁਆਸਾਂ ਨੂੰ ਉਪਰ ਚੜ੍ਹਾਉਣ, ਸੁਆਸਾਂ ਨੂੰ ਅੰਦਰ ਰੋਕਣ ਤੇ ਸੁਆਸਾਂ ਨੂੰ ਬਾਹਰ ਕਢਣ ਦੇ ਕਰਮ ਕਰਨ ਵਾਲਾ ਹੋਵੇ। (ਭਾਵੇਂ ਉਹ ਮਨੁੱਖ) ਗਿਆਨ ਦੀਆਂ ਗੱਲਾਂ ਕਰਨ ਵਾਲਾ, ਧਿਆਨ ਜੋੜਨ ਵਾਲਾ ਤੇ ਤੀਰਥਾਂ ਦੇ ਇਸ਼ਨਾਨ ਕਰਨ ਵਾਲਾ ਹੋਵੇ। (ਭਾਵੇਂ ਉਹ ਭੋਜਨ ਅਪਣੇ) ਹੱਥਾਂ ਨਾਲ ਪਕਾ ਕੇ ਖਾਣ ਵਾਲਾ ਹੋਵੇ, ਕਿਸੇ ਨਾਲ ਨਾ ਛੋਹਣ ਵਾਲਾ ਹੋਵੇ ਤੇ ਉਜਾੜ ਵਿਚ

ਰਹਿੰਦਾ ਹੋਵੇ।(ਪਰ ਜੇ ਉਸ ਮਨੁੱਖ ਦੇ) ਮਨ ਵਿਚ ਪ੍ਰਭੂ ਦੇ ਨਾਮ ਨਾਲ ਪਿਆਰ ਨਹੀਂ।(ਤਾਂ ਉਸ ਨੇ) ਜੋ ਕੁਛ ਵੀ ਕਰਮ ਕੀਤਾ ਹੈ ,ਉਹ ਮਿਥਿਆ ਹੈ।ਹੇ ਨਾਨਕ! ਉਸ ਮਨੁੱਖ ਤੋਂ (ਉਸ) ਚੰਡਾਲ ਨੂੰ ਉਤਮ ਸਮਝੋ, ਜਿਸ ਦੇ ਮਨ ਵਿਚ ਪ੍ਰਭੂ ਵਸਦਾ ਹੈ।੧੬।

ਪਦਾਰਥ = ਅਤਿ–ਬਹੁਤ।ਕੁਲੀਨ–ਉਚੀ ਖਾਨਦਾਨ ਵਾਲਾ।ਚਤੁਰ–ਸਿਆਣਾ।ਮੁਖਿ ਗਿਆਨੀ–ਮੁਖੀ ਤੇ ਗਿਆਨਵਾਨ; ਮੂੰਹੋਂ ਗਿਆਨ ਦੀਆਂ ਗੱਲਾਂ ਕਰਨ ਵਾਲਾ।ਧਨਵੰਤ–ਧਨਵਾਨ।ਮਿਰਤਕ–ਮੁਰਦਾ।ਜਿਹ–ਜਿਸ ਦੇ।ਭਗਵੰਤ–ਵਾਹਿਗੁਰੂ ਦੀ।੧।ਪਉੜੀ। ਖਟੁ ਸਾਸਤ੍ਰ–ਛੇ ਸ਼ਾਸਤ੍ਰ (ਸਾਂਖ, ਨਿਆਇ, ਵੈਸ਼ੇਸਿਕ, ਮੀਮਾਂਸਾ, ਪਤੰਜਲ ਤੇ ਵੇਦਾਂਤ)।ਗਿਆਤਾ–ਜਾਨਣ ਵਾਲਾ।ਪੂਰਕ–ਸੁਆਸ ਉਪਰ ਚਾੜ੍ਹਨੇ।ਕੁੰਭਕ–ਸੁਆਸ ਅੰਦਰ ਰੋਕਣੇ।ਰੇਚਕ–ਸੁਆਸ ਬਾਹਰ ਕੱਢਣੇ।ਕਰਮਾਤਾ–ਕਰਮ ਕਰਨ ਵਾਲਾ।ਸੋਮ ਪਾਕ–ਹੱਥੀ ਭੋਜਨ ਪਕਾਉਣ ਵਾਲਾ (ਦੂਜੇ ਦਾ ਪੱਕਿਆ ਨਾ ਖਾਣ ਵਾਲਾ)।ਅਪਰਸ–ਜੋ ਕਿਸੇ ਦੂਜੇ ਨੂੰ ਅਪਣੇ ਨਾਲ ਛੋਹਣ ਨਾ ਦੇਵੇ।ਉਦਿਆਨੀ–ਉਜਾੜ ਵਿਚ ਰਹਿਣ ਵਾਲਾ; ਬਨ ਵਾਸੀ।ਹੇਤਾ–ਹਿਤ; ਪਿਆਰ।ਸੋਊ–ਉਹ।ਅਨੇਤਾ–ਨਿਤ ਨਾ ਰਹਿਣ ਵਾਲਾ (ਨਾਸ਼ਵੰਤ); ਮਿਥਿਆ ;ਬਿਅਰਥ।ਉਆ ਤੇ–ਉਸ ਤੋਂ (ਨਾਲੋਂ)।ਗਨਉ–ਗਿਣੋ; ਸਮਝੋ।ਚੰਡਾਲਾ–ਬਹੁਤ ਨੀਚ ਜਾਤ ਵਾਲਾ।੧੬।

ਸਲੋਕੁ ॥ ਕੁੰਟ ਚਾਰਿ ਦਹ ਦਿਸਿ ਭ੍ਰਮੇ, ਕਰਮ ਕਿਰਤਿ ਕੀ ਰੇਖ ॥ ਸੂਖ ਦੂਖ ਮੁਕਤਿ ਜੋਨਿ, ਨਾਨਕ ਲਿਖਿਓ ਲੇਖ ॥੧॥ ਕੀਤੇ ਕਰਮਾਂ ਦੀ ਪਈ ਲੀਕ ਅਨੁਸਾਰ ਹੀ (ਜੀਵ) ਚਾਰੇ ਕੁੰਡਾਂ ਤੇ ਦਸਾਂ ਦਿਸ਼ਾਵਾਂ ਵਿਚ ਭਟਕਦੇ ਹਨ।ਹੇ ਨਾਨਕ! (ਪ੍ਰਭੂ ਦੇ) ਲਿਖੇ ਹੋਏ ਲੇਖ ਅਨੁਸਾਰ ਸੁੱਖ ਦੁਖ, ਮੁਕਤੀ ਤੇ ਜੂਨਾਂ ਵਿਚ (ਭ੍ਰਮਣਾ ਪ੍ਰਾਪਤ) ਹੁੰਦਾ ਹੈ।੧।

ਪਵੜੀ ॥ ਕਕਾ ਕਾਰਨ ਕਰਤਾ ਸੋਊ ॥ ਲਿਖਿਓ ਲੇਖੁ ਨ ਮੇਟਤ ਕੋਊ ॥ ਨਹੀ ਹੋਤ ਕਛੁ ਦੋਊ ਬਾਰਾ ॥ ਕਰਨੈਹਾਰੁ ਨ ਭੂਲਨਹਾਰਾ ॥ ਕਾਹੂ ਪੰਥੁ ਦਿਖਾਰੈ ਆਪੈ ॥ ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥ ਆਪਨ ਖੇਲੁ ਆਪ ਹੀ ਕੀਨੋ ॥ ਜੋ ਜੋ ਦੀਨੋ ਸੁ ਨਾਨਕ ਲੀਨੋ ॥੧੭॥ ਕੱਕੇ ਅੱਖਰ ਦਾ ਉਪਦੇਸ਼ ਹੈ ਕਿ ਸਾਰੇ ਕਾਰਨਾਂ ਦਾ ਕਰਤਾ ਉਹ ਪ੍ਰਭੂ (ਆਪ) ਹੈ।(ਉਸ ਪ੍ਰਭੂ ਦਾ) ਲਿਖਿਆ ਲੇਖ ਕੋਈ ਵੀ ਮੇਟ ਨਹੀਂ ਸਕਦਾ।(ਇਕ ਬਾਰ ਹੀ ਜੋ ਉਸ ਨੇ ਕਰ ਦਿਤਾ ਹੈ, ਉਸ ਉਤੇ) ਦੂਜੀ ਬਾਰ ਕੁਛ ਨਹੀਂ ਹੋ ਸਕਦਾ (ਉਸ ਦੇ ਕੀਤੇ ਨੂੰ ਕੋਈ ਦੂਜਾ ਬਦਲ ਨਹੀਂ ਸਕਦਾ।ਕਿਉਂਕਿ ਉਹ) ਕਰਨਹਾਰ ਵਾਹਿਗੁਰੂ ਭੁੱਲਣ ਵਾਲਾ ਨਹੀਂ।ਕਿਸੇ (ਮਨੁੱਖ) ਨੂੰ ਪ੍ਰਭੂ ਆਪ ਹੀ ਸਹੀ ਰਾਹ ਦਿਖਾ ਦਿੰਦਾ ਹੈ।ਕਿਸੇ ਨੂੰ ਉਜਾੜ ਵਿਚ ਭਟਕਾ ਕੇ ਪਛਤਾਵਾ ਕਰਾਉਂਦਾ ਹੈ।ਅਪਣਾ ਜਗਤ ਖੇਲ (ਉਸ ਪ੍ਰਭੂ ਨੇ) ਆਪ ਹੀ ਕੀਤਾ ਹੈ।ਹੇ ਨਾਨਕ! ਜੋ ਜੋ (ਕੁਛ ਪ੍ਰਭੂ ਨੇ ਜਿਸ ਜਿਸ ਜੀਵ ਨੂੰ) ਦਿਤਾ ਹੈ, (ਉਸ ਉਸ ਨੇ) ਉਹ ਹੀ ਲਿਆ ਹੈ।੧੭।

ਪਦਾਰਥ = ਕੁੰਟ–ਪਾਸਾ; ਤਰਫ।ਦਹ ਦਿਸਿ–ਦਸ ਦਿਸ਼ਾਂ।ਕਿਰਤਿ–ਕੀਤੇ ਹੋਏ।ਰੇਖ–ਲਕੀਰ; ਸੰਸਕਾਰ।੧।ਪਉੜੀ।ਕਰਤਾ–ਰਚਨਹਾਰ।ਸੋਊ–ਉਹ।ਕੋਊ–ਕੋਈ।ਦੋਊ ਬਾਰਾ–ਦੂਜੀ ਵਾਰ।ਕਾਹੂ–ਕਿਸੇ ਨੂੰ।ਪੰਥੁ–ਰਸਤਾ।ਉਦਿਆਨ–ਉਜਾੜ।੧੭।

ਸਲੋਕੁ ॥ ਖਾਤ ਖਰਚਤ ਬਿਲਛਤ ਰਹੇ, ਟੂਟਿ ਨ ਜਾਹਿ ਭੰਡਾਰ ॥ ਹਰਿ ਹਰਿ ਜਪਤ ਅਨੇਕ ਜਨ, ਨਾਨਕ ਨਾਹਿ ਸੁਮਾਰ ॥੧॥ (ਵਾਹਿਗੁਰੂ ਨਾਮ ਦੇ) ਭੰਡਾਰ ਟੁੱਟ ਨਹੀਂ ਜਾਂਦੇ (ਇਸ ਭੰਡਾਰੇ ਵਿਚੋਂ ਸੰਤ ਜਨ ਆਪ) ਖਾਂਦੇ ਹਨ ਤੇ ਦੂਜੇ ਲੋਕਾਂ ਲਈ ਵੀ ਖਰਚਦੇ ਹਨ ਭਾਵ ਆਪ ਨਾਮ ਜਪਦੇ ਤੇ ਹੋਰਨਾਂ ਨੂੰ ਵੀ ਉਪਦੇਸ ਦੇ ਕੇ ਜਪਾਉਂਦੇ ਹੋਏ ਅਨੰਦ ਮਾਣ ਰਹੇ ਹਨ (ਨਾਮ ਦਾ ਖਜਾਨਾ ਅਮੁੱਕ ਹੈ, ਸੰਤ ਜਨ ਨਾਮ ਦਾ ਵਪਾਰ ਕਰਦੇ ਹਨ ਤੇ ਵਪਾਰ ਤੋਂ ਹੋਏ ਲਾਭ ਦਾ ਅਨੰਦ ਮਾਣਦੇ ਰਹਿੰਦੇ ਹਨ)।ਨਾਨਕ ਗੁਰੂ ਜੀ ਆਖਦੇ ਹਨ ਕਿ ਅਨੇਕਾਂ ਪੁਰਖ ਹਰਿ ਹਰਿ ਨਾਮ ਜਪਦੇ ਹਨ, ਜਿਨਾਂ ਦੀ ਗਿਣਤੀ ਨਹੀ ਹੋ ਸਕਦੀ।੧।

ਪਉੜੀ ॥ ਖਖਾ ਖੂਨਾ ਕਛੁ ਨਹੀ, ਤਿਸੁ ਸੰਮ੍ਰਥ ਕੈ ਪਾਹਿ ॥ ਜੋ ਦੇਨਾ ਸੋ ਦੇ ਰਹਿਓ, ਭਾਵੈ ਤਹ ਤਹ ਜਾਹਿ ॥ ਖਰਚੁ ਖਜਾਨਾ ਨਾਮ ਧਨੁ ,ਇਆ ਭਗਤਨ ਕੀ ਰਾਸਿ ॥ ਖਿਮਾ ਗਰੀਬੀ ਅਨਦ ਸਹਜ, ਜਪਤ ਰਹਹਿ ਗੁਣਤਾਸ ॥ ਖੇਲਹਿ ਬਿਗਸਹਿ ਅਨਦ ਸਿਉ ,ਜਾ ਕਉ ਹੋਤ ਕ੍ਰਿਪਾਲ ॥ ਸਦੀਵ ਗਨੀਵ ਸੁਹਾਵਨੇ, ਰਾਮ ਨਾਮ ਗ੍ਰਿਹਿ ਮਾਲ ॥ ਖੇਦੁ ਨ ਦੂਖੁ ਨ ਡਾਨੁ ਤਿਹ, ਜਾ ਕਉ ਨਦਰਿ ਕਰੀ ॥ ਨਾਨਕ ਜੋ ਪ੍ਰਭ ਭਾਣਿਆ, ਪੂਰੀ ਤਿਨਾ ਪਰੀ ॥੧੮॥ ਖੱਖੇ ਅੱਖਰ ਦੁਆਰਾ ਉਪਦੇਸ਼ ਦੇਂਦੇ ਹਨ ਕਿ ਉਸ ਸਮਰੱਥ ਵਾਹਿਗੁਰੂ ਪਾਸ ਕਿਸੇ ਪਦਾਰਥ ਦੀ ਕੁਛ ਕਮੀ ਨਹੀਂ ਹੈ।ਜੋ (ਕੁਛ ਪ੍ਰਭੂ ਨੇ ਜੀਵ ਨੂੰ) ਦੇਣਾ ਹੈ, ਉਹ ਦੇ ਰਿਹਾ ਹੈ, (ਜੀਵ) ਉਥੇ ਉਥੇ ਜਾਂਦੇ ਹਨ, ਜਿਥੇ ਉਸ ਨੂੰ ਭਾਉਂਦਾ ਹੈ; ਭਾਵੇਂ ਜਿਥੇ ਜਿਥੇ ਜੀਵ ਦੀ ਇੱਛਾ ਹੋਵੇ ਉਥੇ ਚਲਾ ਜਾਵੇ (ਪ੍ਰਭੂ ਦੇ ਦਿਤੇ ਤੋਂ ਅਧਿਕ ਨਹੀਂ ਮਿਲਦਾ) ।ਨਾਮ ਦਾ ਧਨ ਹੀ ਖਰਚ ਕਰਨ ਲਈ (ਭਗਤਾਂ ਦਾ) ਖਜਾਨਾ ਹੈ, ਇਹੋ ਹੀ ਭਗਤਾਂ ਦੀ ਪੂੰਜੀ ਹੈ (ਨਾਮ ਜਪਦੇ ਹਨ ਤੇ ਨਾਮ ਦਾਨ ਦੇਂਦੇ ਹਨ)।ਖਿਮਾ ਗਰੀਬੀ ਅਤੇ ਸਹਿਜ ਅਵਸਥਾ ਦੇ ਅਨੰਦ ਨਾਲ (ਉਹ ਭਗਤ ਜਨ) ਗੁਣਾਂ ਦੇ ਖਜਾਨੇ ਵਾਹਿਗੁਰੂ ਨੂੰ ਜਪਦੇ ਰਹਿੰਦੇ ਹਨ।ਜਿਨ੍ਹਾਂ ਉਤੇ ਪ੍ਰਭੂ ਮਿਹਰਵਾਨ ਹੁੰਦਾ ਹੈ, ਉਹ ਅਨੰਦ ਸਹਿਤ (ਪ੍ਰਭੂ ਨਾਲ ਪ੍ਰੇਮ ਦੀ ਖੇਡ) ਖੇਡਦੇ ਹਨ ਤੇ ਮਨੋਂ ਖਿੜੇ ਰਹਿੰਦੇ ਹਨ।ਉਹ ਸਦਾ ਧਨਵਾਨ ਤੇ ਸੋਹਣੇ ਹਨ, ਕਿਉਂਕਿ ਉਨ੍ਹਾਂ ਦੇ ਹਿਰਦੇ ਘਰ ਵਿਚ ਵਾਹਿਗੁਰੂ ਦਾ ਨਾਮ ਰੂਪ ਮਾਲ ਹੈ।ਜਿਨ੍ਹਾਂ ਉਪਰ ਵਾਹਿਗੁਰੂ ਨੇ ਕ੍ਰਿਪਾ ਦ੍ਰਿਸਟੀ ਕੀਤੀ ਹੈ, ਉਨ੍ਹਾਂ ਨੂੰ ਨਾ (ਸਰੀਰਕ) ਦੁਖ ਹੈ, ਨਾ (ਮਾਸਸਿਕ) ਕਲੇਸ਼ ਹੈ ਅਤੇ ਨਾ ਹੀ (ਜਮਰਾਜ ਦਾ)

All Rights Reserved by Harjinder Singh Gyani | www.GuruGranthVakhyaan.org

ਡੰਨ ਲਗਦਾ ਹੈ {ਜਾ ਕੇ ਚਾਕਰ ਕਉ ਨਹੀ ਡਾਨ ੨੩੮}।ਹੇ ਨਾਨਕ! ਜਿਹੜੇ ਮਨੁੱਖ ਪ੍ਰਭੂ ਨੂੰ ਚੰਗੇ ਲੱਗੇ ਹਨ, ਉਨ੍ਹਾਂ ਦੀ ਪੂਰੀ ਪੈ ਗਈ ਹੈ ਭਾਵ ਸਾਰੇ ਕੰਮ ਸਿਰੇ ਚੜ੍ਹ ਗਏ ਹਨ; ਜੀਵਨ ਸਫਲ ਹੋਇਆ ਹੈ।੧੮।

ਪਦਾਰਥ =ਬਿਲਛਤ-ਆਤਮਕ ਅਨੰਦ ਮਾਣਦੇ ਹਨ।ਟੂਟਿ ਨ ਜਾਹਿ-ਟੁੱਟ ਨਹੀਂ ਜਾਂਦੇ (ਮੁੱਕਦੇ ਨਹੀਂ)।ਸੁਮਾਰ-ਗਿਣਤੀ।੧।ਪਉੜੀ।ਖੂਨਾ-ਘਾਟ; ਕਮੀ।ਪਾਹਿ-ਪਾਸ।ਭਾਵੈ-ਚੰਗਾ ਲਗਦਾ ਹੈ।ਤਹ ਤਹ-ਉਥੇ ਉਥੇ।ਰਾਸਿ-ਪੂੰਜੀ।ਗੁਣਤਾਸ-ਗੁਣਾਂ ਦਾ ਖਜਾਨਾ। ਬਿਗਸਹਿ-ਖਿੜੇ ਰਹਿੰਦੇ ਹਨ।ਸਿਉ-ਨਾਲ।ਹੋਤ-ਹੁੰਦਾ ਹੈ।ਸਦੀਵ-ਸਦਾ।ਗਨੀਵ-ਧਨਾਢ; ਧਨ ਨਾਲ ਤ੍ਰਿਪਤ।ਸੁਹਾਵਨੇ-ਸੋਹਣੇ। ਗ੍ਰਿਹਿ-ਹਿਰਦੇ ਘਰ ਵਿਚ।ਖੇਦ-ਦੁਖ; ਘਬਰਾਹਟ।ਡਾਨ-ਡੰਨ; ਸਜਾ।ਪੂਰੀ ਪਰੀ-ਪੂਰੀ ਪੈ ਗਈ (ਕੰਮ ਸਿਰੇ ਚੜ੍ਹ ਗਏ)।੧੮। ਅੰਗ ੨੫੪ = ਸਲੋਕੁ ॥ ਗਨਿ ਮਿਨਿ ਦੇਖਹੁ ਮਨੈ ਮਾਹਿ, ਸਰਪਰ ਚਲਨੋ ਲੋਗ ॥ ਆਸ ਅਨਿਤ ਗੁਰਮੁਖਿ ਮਿਟੈ, ਨਾਨਕ ਨਾਮ ਅਰੋਗ ॥੧॥ (ਹੇ ਭਾਈ! ਅਪਣੇ) ਮਨ ਵਿਚ ਗਿਣ ਮਿਣ (ਚੰਗੀ ਤਰ੍ਹਾਂ ਵਿਚਾਰ) ਕੇ ਦੇਖ ਲਵੋ, ਸਾਰੇ ਲੋਕਾਂ ਨੇ (ਇਸ ਸੰਸਾਰ ਤੋਂ) ਜਰੂਰ ਚਲੇ ਜਾਣਾ ਹੈ।(ਪਰ ਇਨ੍ਹਾਂ ਲੋਕਾਂ ਵਿਚੋਂ) ਨਾਸ਼ਵੰਤ ਪਦਾਰਥਾਂ ਦੀ ਆਸ ਕੇਵਲ ਗੁਰਮੁਖਾਂ ਦੀ ਮਿਟਦੀ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਦੇ (ਦਾਰੂ ਨਾਲ ਉਹ ਸਦਾ) ਅਰੋਗ ਰਹਿੰਦੇ ਹਨ।੧।

ਪਉੜੀ ॥ ਗਗਾ ਗੋਬਿਦ ਗੁਣ ਰਵਹੁ ,ਸਾਸਿ ਸਾਸਿ ਜਪਿ ਨੀਤ ॥ ਕਹਾ ਬਿਸਾਸਾ ਦੇਹ ਕਾ, ਬਿਲਮ ਨ ਕਰਿਹੋ ਮੀਤ ॥ ਨਹ ਬਾਰਿਕ ਨਹ ਜੋਬਨੈ, ਨਹ ਬਿਰਧੀ ਕਛੁ ਬੰਧੁ ॥ ਓਹ ਬੇਰਾ ਨਹ ਬੂਝੀਐ, ਜਉ ਆਇ ਪਰੈ ਜਮ ਫੰਧੁ ॥ ਗਿਆਨੀ ਧਿਆਨੀ ਚਤੁਰ ਪੇਖਿ, ਰਹਨੁ ਨਹੀ ਇਹ ਠਾਇ ॥ ਛਾਡਿ ਛਾਡਿ ਸਗਲੀ ਗਈ, ਮੂੜ ਤਹਾ ਲਪਟਾਹਿ ॥ ਗੁਰ ਪ੍ਰਸਾਦਿ ਸਿਮਰਤ ਰਹੈ, ਜਾਹੂ ਮਸਤਕਿ ਭਾਗ ॥ ਨਾਨਕ ਆਏ ਸਫਲ ਤੇ, ਜਾ ਕਉ ਪ੍ਰਿਅਹਿ ਸੁਹਾਗ ॥੧੯॥ ਗੱਗੇ ਅੱਖਰ ਦੁਆਰਾ ਉਪਦੇਸ਼ ਦੇ ਰਹੇ ਹਨ ਕਿ ਵਾਹਿਗੁਰੂ ਦੇ ਗੁਣ ਉਚਾਰਨ ਕਰੋ ਅਤੇ ਹਰ ਰੋਜ ਸੁਆਸ ਸੁਆਸ (ਵਾਹਿਗੁਰੂ ਦਾ ਨਾਮ) ਜਪੋ।ਇਸ ਦੇਹ ਦਾ ਕੀ ਭਰੋਸਾ ਹੈ? ਹੇ ਮਿਤ੍ਰ! (ਨਾਮ ਪਜਣ ਲਈ) ਦੇਰ ਨਾ ਕਰੋ।(ਜੇ ਕੋਈ ਕਹੇ ਬਾਦ ਵਿਚ ਜਪ ਲਵਾਂਗੇ, ਮੌਤ ਨੂੰ) ਨਾ ਬਾਲਕ ਉਮਰ ਵਿਚ, ਨਾ ਜੁਆਨੀ ਵੇਲੇ ਤੇ ਨਾ ਹੀ ਬੁਢੇਪੇ ਵਿਚ ਕੁਛ ਰੋਕ ਹੈ; (ਮੌਤ ਦਾ) ਕੋਈ ਨੇਮ ਨਹੀਂ (ਕਦੋਂ ਆ ਜਾਣੀ ਹੈ, ਕੋਈ ਬੰਨ੍ਹਿਆ ਨਿਯਮ ਨਹੀਂ ਕਿ ਫਲਾਣੇ ਵੇਲੇ ਹੀ ਮੌਤ ਆਉਣੀ ਹੈ)।ਉਸ ਵੇਲੇ ਦਾ ਪਤਾ ਨਹੀਂ ਲਗਦਾ ਕਿ ਜਦ ਜਮਾਂ ਦੀ ਫਾਹੀ (ਗਲ ਵਿਚ) ਆ ਪੈਂਦੀ ਹੈ।(ਹੇ ਭਾਈ!) ਦੇਖ ਲੈ, ਗਿਆਨ ਵਾਨ, ਧਿਆਨ ਸਾਧਨਾ ਕਰਨ ਵਾਲੇ ਤੇ ਚਤਰ ਪੁਰਖਾਂ ਆਦਿਕਾਂ ਦਾ ਇਸ ਥਾਂ ਤੇ ਰਹਿਣ (ਟਿਕਾਣਾ ਕਿਸੇ ਦਾ ਵੀ) ਨਹੀਂ ।ਜਿਸ ਚੀਜ ਨੂੰ ਸਾਰੀ ਦੁਨੀਆਂ ਛਡ ਛਡ ਜਾਂਦੀ ਹੈ, ਉਸੇ ਨਾਲ ਮੂਰਖ ਜੀਵ ਚਿੰਬੜਦੇ ਹਨ।ਗੁਰੂ ਦੀ ਕ੍ਰਿਪਾ ਨਾਲ (ਉਹ ਮਨੁੱਖ ਹੀ ਵਾਹਿਗੁਰੂ) ਨਾਮ ਸਿਮਰਦਾ ਰਹਿੰਦਾ ਹੈ, ਜਿਸ ਦੇ ਮੱਥੇ ਉਤੇ ਚੰਗੇ ਭਾਗ ਹਨ।ਨਾਨਕ ਗੁਰੂ ਜੀ ਆਖਦੇ ਹਨ ਉਹ ਮਨੁੱਖ ਹੀ (ਸੰਸਾਰ ਵਿਚ) ਆਏ ਸਫਲ ਹਨ, ਜਿਨ੍ਹਾਂ ਨੂੰ ਪਤੀ ਪ੍ਰਭੂ ਦਾ ਸੁਹਾਗ ਪ੍ਰਾਪਤ ਹੋਇਆ ਹੈ।੧੯।

ਪਦਾਰਥ = ਗਨਿ ਮਿਨਿ-ਚੰਗੀ ਤਰ੍ਹਾਂ ਵਿਚਾਰ ਕਰਕੇ; ਪੂਰੀ ਜਾਂਚ ਤੇ ਧਿਆਨ ਕਰਕੇ।ਸਰਪਰ-ਜਰੂਰ; ਨਿਰ ਸੰਦੇਹ (ਬਿਨਾ ਸ਼ੱਕ)। ਲੋਗ-ਲੋਕ; ਜਗਤ।ਅਨਿਤ-ਨਿਤ ਨਾ ਰਹਿਣ ਵਾਲੇ (ਨਾਸ਼ਵੰਤ) ਪਦਾਰਥ।ਪਉੜੀ।ਰਵਹੁ-ਉਚਾਰੋ।ਸਾਸਿ ਸਾਸਿ-ਹਰੇਕ ਸਾਹ ਨਾਲ।ਨੀਤ-ਹਰ ਰੋਜ।ਕਹਾ-ਕੀ।ਬਿਸਾਸਾ-ਭਰੋਸਾ।ਬਿਲਮ-ਦੇਰ; ਢਿੱਲ।ਬਿਰਧੀ-ਬੁਢੇਪੇ ਵਿਚ।ਬੰਧੁ-ਰੋਕ; ਨਿਯਮ।ਬੇਰਾ-ਵੇਲਾ।ਫੰਧੁ-ਫਾਹੀ।ਠਾਇ-ਥਾਂ; ਸੰਸਾਰ ਵਿਚ।ਮੂੜ-ਮੂਰਖ।ਤਹਾ-ਉਸ ਨਾਲ।ਲਪਟਾਹਿ-ਚਿੰਬੜਦੇ ਹਨ।ਜਾਹੂ-ਜਿਸ ਦੇ।ਤੇ-ਉਹ। ਪ੍ਰਿਅਹਿ-ਪਿਆਰੇ ਦਾ; ਪਤੀ ਦਾ।ਸੁਹਾਗ-ਪਤੀ ਵਾਲੀ ਹੋਣ ਦਾ ਸੁਭਾਗ (ਪਤੀ ਵਾਲੀ)।੧੯।

ਸਲੋਕੁ ॥ ਘੋਖੇ ਸਾਸਤ੍ਰ ਬੇਦ ਸਭ, ਆਨ ਨ ਕਥਤਉ ਕੋਇ ॥ ਆਦਿ ਜੁਗਾਦੀ ਹੁਣਿ ਹੋਵਤ, ਨਾਨਕ ਏਕੈ ਸੋਇ ॥੧॥ ਸਾਰੇ ਬੇਦ ਤੇ ਸ਼ਾਸਤ੍ਰ ਚੰਗੀ ਤਰ੍ਹਾਂ ਵਿਚਾਰੇ ਹਨ, (ਇਨ੍ਹਾਂ ਵਿਚੋਂ) ਕੋਈ ਨਹੀਂ ਆਖਦਾ ਕਿ ਵਾਹਿਗੁਰੂ ਤੋਂ ਬਿਨਾ ਉਸਦੇ ਬਰਾਬਰ ਦੀ ਕੋਈ ਹੋਰ ਹਸਤੀ ਵੀ ਹੈ।ਹੇ ਨਾਨਕ! ਉਹ ਇਕ ਵਾਹਿਗੁਰੂ ਹੀ ਆਦਿ ਕਾਲ ਤੋਂ ਹੈ, ਹੁਣ ਵੀ ਹੈ ਤੇ ਅਗਾਂਹ ਨੂੰ ਵੀ ਹੋਵੇਗਾ।੧।

ਪਉੜੀ ॥ ਘਘਾ ਘਾਲਹੁ ਮਨਹਿ ਏਹ, ਬਿਨੁ ਹਰਿ ਦੂਸਰ ਨਾਹਿ ॥ ਨਹ ਹੋਆ ਨਹ ਹੋਵਨਾ, ਜਤ ਕਤ ਓਹੀ ਸਮਾਹਿ ॥ ਘੂਲਹਿ ਤਉ ਮਨ ਜਉ ਆਵਹਿ ਸਰਨਾ ॥ ਨਾਮ ਤਤੁ ਕਲਿ ਮਹਿ ਪੁਨਹਚਰਨਾ ॥ ਘਾਲਿ ਘਾਲਿ ਅਨਿਕ ਪਛੁਤਾਵਹਿ ॥ ਬਿਨੁ ਹਰਿ ਭਗਤਿ ਕਹਾ ਥਿਤਿ ਪਾਵਹਿ ॥ ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ ॥ ਨਾਨਕ ਹਰਿ ਗੁਰਿ ਜਾ ਕਉ ਦੀਆ ॥੨੦॥ ਘੱਘੇ (ਅੱਖਰ ਦੁਆਰਾ ਉਪਦੇਸ਼ ਹੈ ਕਿ ਹੇ ਭਾਈ! ਇਸ ਗਲ ਨੂੰ ਅਪਣੇ) ਮਨ ਵਿਚ ਦ੍ਰਿੜ ਕਰ ਲਵੋ ਕਿ ਹਰੀ ਤੋਂ ਬਿਨਾ ਦੂਜਾ ਕੋਈ ਨਹੀਂ।ਨਾ ਕੋਈ ਹੋਇਆ ਹੈ, ਨਾ ਹੋਵੇਗਾ, ਜਿਥੇ ਕਿਥੇ ਉਹ ਇਕ ਵਾਹਿਗੁਰੂ ਹੀ ਸਮਾਇਆ ਹੋਇਆ ਹੈ।ਹੇ ਮਨ! (ਉਸ ਵਾਹਿਗੁਰੂ ਵਿਚ ਤੂੰ) ਤਾਂ ਮਿਲੇਂਗਾ, ਜੇ ਉਸ ਦੀ ਸ਼ਰਣ ਵਿਚ ਆਵੇਂਗਾ।ਕਲਜੁਗ ਵਿਚ ਨਾਮ ਤੱਤ ਹੀ (ਪਾਪਾਂ ਨੂੰ ਮੇਟਣ ਲਈ) ਪ੍ਰਾਸਚਿਤ ਕਰਮ ਹੈ।(ਨਾਮ ਤੋਂ ਬਿਨਾ) ਹੋਰ ਹੋਰ ਘਾਲਾਂ ਘਾਲ ਕੇ ਬਹੁਤ ਲੋਕ ਪਿੱਛੋਂ ਪਛਤਾਉਂਦੇ ਹਨ।(ਕਿਉਂਕਿ) ਹਰੀ ਦੀ ਭਗਤੀ ਤੋਂ ਬਿਨਾ ਟਿਕਾਉ ਕਿਥੋਂ

All Rights Reserved by Harjinder Singh Gyani | www.GuruGranthVakhyaan.org

ਪ੍ਰਾਪਤ ਕਰਨ? {ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ੬੮੬}। ਨਾਨਕ ਗੁਰੂ ਜੀ ਆਖਦੇ ਹਨ, ਜਿਸ ਨੂੰ ਹਰੀ ਰੂਪ ਗੁਰੂ ਨੇ (ਨਾਮ ਅੰਮ੍ਰਿਤ) ਦਿਤਾ ਹੈ, ਉਸ ਪੁਰਖ ਨੇ ਮਹਾਨ ਰਸ ਦਾਇਕ ਨਾਮ ਅੰਮ੍ਰਿਤ ਪੀਤਾ ਹੈ।੨੦।

ਪਦਾਰਥ = ਘੋਖੇ-ਡੂੰਘੀ ਵਿਚਾਰ ਕਰਕੇ; ਪੜਤਾਲ ਕਰਕੇ।ਆਨ-ਹੋਰ ਦੂਜਾ।ਆਦਿ ਜੁਗਾਦਿ-ਆਦਿ ਕਾਲ (ਮੁੱਢ) ਤੋਂ; ਜਗਤ ਦੇ ਸ਼ੁਰੂ ਤੇ ਸਮੇਂ ਦੇ ਸ਼ੁਰੂ ਤੋਂ।ਹੋਵਤ-ਅਗਾਂਹ ਨੂੰ ਵੀ ਕਾਇਮ ਰਹਿਣ ਵਾਲਾ।੧।ਪਉੜੀ।ਘਾਲਹੁ-ਦ੍ਰਿੜ ਕਰੋ; ਪਾ ਲਵੋ।ਜਤ-ਜਿਥੇ। ਕਤ-ਕਿਥੇ।ਘੂਲਹਿ-ਘੁਲ ਮਿਲੇਂਗਾ; ਲੀਨ (ਅਭੇਦ) ਹੋਵੇਂਗਾ।ਤਉ-ਤਦ; ਤਾਂ।ਜਉ-;ਜੇ ਜਦ।ਪੁਨਹ ਚਰਨਾ-ਪਾਪਾਂ ਨੂੰ ਮੇਟਣ ਲਈ ਪਛਤਾਵੇ ਵੱਜੋਂ ਕੀਤੇ ਕਰਮ।ਘਾਲਿ ਘਾਲਿ-ਤਪ ਆਦਿ ਦੀਆਂ ਘਾਲਾਂ ਘਾਲ ਕੇ।ਕਹਾ-ਕਿਥੋਂ; ਕਿਵੇਂ।ਥਿਤਿ-ਟਿਕਾਉ; ਆਤਮਕ ਸ਼ਾਂਤੀ; ਅਚੱਲ ਪਦਵੀ ਦਾ ਟਿਕਾਣਾ।ਘੋਲਿ-ਮਿਲਾ (ਹਿਲਾ) ਕੇ।ਤਿਹ-ਉਸ ਨੇ।ਜਾ ਕਉ-ਜਿਸ ਨੂੰ।੨੦।

ਸਲੋਕੁ ॥ ਙਣਿ ਘਾਲੇ ਸਭ ਦਿਵਸ ਸਾਸ, ਨਹ ਬਢਨ ਘਟਨ ਤਿਲੁ ਸਾਰ ॥ ਜੀਵਨ ਲੋਰਹਿ ਭਰਮ ਮੋਹ, ਨਾਨਕ ਤੇਊ ਗਵਾਰ ॥੧॥ (ਹੇ ਭਾਈ! ਰੱਬ ਨੇ ਜੀਵਾਂ ਅੰਦਰ) ਸਾਰੇ ਦਿਨ ਅਤੇ ਸੁਆਸ ਗਿਣ ਕੇ ਪਾਏ ਹੋਏ ਹਨ; (ਰੱਬ ਨੇ ਉਮਰ ਦੇ) ਸਾਰੇ ਦਿਨ ਤੇ ਸਾਹ ਗਿਣ ਕੇ (ਜੀਵ ਨੂੰ ਜਗਤ ਵਿਚ) ਭੇਜਿਆ ਹੈ, (ਉਹ ਦਿਨ ਤੇ ਸਾਹ) ਤਿਲ ਮਾਤ੍ਰ ਨਾ ਵਧ ਸਕਦੇ ਹਨ ਤੇ ਨਾ ਹੀ ਘਟ ਸਕਦੇ ਹਨ ।ਹੇ ਨਾਨਕ! (ਜੋ ਲੋਕ) ਭਰਮ ਤੇ ਮੋਹ ਦੇ ਵਸ ਪੈ ਕੇ ਹੋਰ ਜਿਆਦਾ ਜਿਉਣਾ ਚਾਹੁੰਦੇ ਹਨ, ਉਹ ਮੂਰਖ ਹਨ।੧।

ਪਉੜੀ ॥ ਙੰਙਾ ਙ੍ਰਾਸੈ ਕਾਲੁ ਤਿਹ, ਜੋ ਸਾਕਤ ਪ੍ਰਭਿ ਕੀਨ ॥ ਅਨਿਕ ਜੋਨਿ ਜਨਮਹਿ ਮਰਹਿ, ਆਤਮ ਰਾਮੁ ਨ ਚੀਨ ॥ ਙਿਆਨ ਧਿਆਨ ਤਾਹੂ ਕਉ ਆਏ ॥ ਕਰਿ ਕਿਰਪਾ ਜਿਹ ਆਪਿ ਦਿਵਾਏ ॥ ਙਣਤੀ ਗਣੀ ਨਹੀ ਕੋਊ ਛੂਟੈ ॥ ਕਾਚੀ ਗਾਗਰਿ ਸਰਪਰ ਫੂਟੈ ॥ ਸੋ ਜੀਵਤ ਜਿਹ ਜੀਵਤ ਜਪਿਆ ॥ ਪ੍ਰਗਟ ਭਏ ਨਾਨਕ ਨਹ ਛਪਿਆ ॥੨੧॥ ਙੰਙੇ ਅੱਖਰ ਦੁਆਰਾ ਆਖਦੇ ਹਨ ਕਿ ਪ੍ਰਭੂ ਨੇ ਜਿਨ੍ਹਾਂ ਨੂੰ ਸਾਕਤ ਬਣਾਇਆ (ਵਿਛੋੜਿਆ) ਹੈ, ਉਨ੍ਹਾਂ ਨੂੰ ਕਾਲ ਨਿਗਲਦਾ ਹੈ।(ਜਿਹੜੇ ਮਨੁੱਖ) ਵਾਹਿਗੁਰੂ ਨੂੰ ਨਹੀ ਪਛਾਣਦੇ, ਉਹ ਅਨੇਕਾਂ ਜੋਨੀਆਂ ਵਿਚ (ਪੈ ਕੇ) ਜੰਮਦੇ ਤੇ ਮਰਦੇ ਰਹਿੰਦੇ ਹਨ।ਗਿਆਨ ਤੇ (ਪ੍ਰਭੂ ਦਾ) ਧਿਆਨ ਉਨ੍ਹਾਂ ਪੁਰਖਾਂ ਨੂੰ ਹੀ ਪ੍ਰਾਪਤ ਹੁੰਦੇ ਆਏ ਹਨ।ਜਿਨ੍ਹਾਂ ਨੂੰ ਵਾਹਿਗੁਰੂ ਆਪ ਕ੍ਰਿਪਾ ਕਰਕੇ (ਗੁਰੂ ਦੁਆਰਾ) ਦਿਵਾਉਂਦਾ ਹੈ।(ਕਰਮ ਕਾਂਡ ਦੇ ਕੀਤੇ ਕਰਮਾਂ ਦੀ) ਗਿਣਤੀ ਗਿਣਨ ਨਾਲ (ਜਨਮ ਮਰਣ ਤੋਂ) ਕੋਈ ਨਹੀ ਛੁਟ ਸਕਦਾ।(ਸਰੀਰ ਰੂਪ) ਕੱਚੀ ਗਾਗਰ ਨੇ ਜਰੂਰ ਟੁੱਟ ਜਾਣਾ ਹੈ।(ਇਸ ਦੇ ਫੁੱਟਣ ਤੋਂ ਪਹਿਲਾਂ) ਜਿਨ੍ਹਾਂ ਨੇ ਜਿਉਂਦੇ ਪ੍ਰਭੂ ਨੂੰ ਸਿਮਰਿਆ ਹੈ; ਜੀਵਤ ਕਾਲ ਵਿਚ ਪ੍ਰਭੂ ਨੂੰ ਜਪਿਆ ਹੈ, ਉਹ ਮਨੁੱਖ ਹੀ ਜਿਉਂਦੇ ਹਨ।ਗੁਰੂ ਜੀ ਆਖਦੇ ਹਨ (ਕਿ ਅਜੇਹੇ ਮਨੁੱਖ ਜਗਤ ਵਿਚ) ਪ੍ਰਗਟ ਹੋਏ ਹਨ ਤੇ (ਉਹ ਕਿਸੇ ਤੋਂ) ਲੁਕੇ ਛਿਪੇ ਨਹੀਂ ਰਹੇ।੨੧।

ਪਦਾਰਥ =ਙਣਿ-ਗਿਣ ਕੇ।ਘਾਲੇ-ਪਾਏ ਹਨ; ਘੱਲਿਆ (ਭੇਜਿਆ) ਹੈ।ਦਿਵਸ-ਦਿਨ।ਸਾਸ-ਸਾਹ।ਤਿਲੁ ਸਾਰ-ਤਿਲ ਜਿੰਨੇ ਵੀ। ਲੋਰਹਿ-ਲੋੜਦੇ ਹਨ।ਤੇਊ-ਉਹ।ਗਵਾਰ-ਮੂਰਖ।੧।ਪਉੜੀ।ਙ੍ਰਾਸੈ-ਨਿਗਲਦਾ (ਖਾ ਲੈਂਦਾ) ਹੈ।ਸਾਕਤ-ਸ਼ਕਤੀ (ਮਾਇਆ ਜਾਂ ਦੇਵੀਆਂ) ਦੇ ਉਪਾਸ਼ਕ।ਕੀਨ-ਕੀਤੇ (ਬਣਾਏ) ਹਨ।ਆਤਮ ਰਾਮ-ਸਭ ਦੀ ਆਤਮਾ ਵਿਚ ਰਮਿਆ ਵਾਹਿਗੁਰੂ।ਨ ਚੀਨ-ਨਹੀਂ ਪਛਾਣਦੇ।ਤਾਹੂ ਕਉ-ਉਨ੍ਹਾਂ ਨੂੰ।ਜਿਹ-ਜਿਨ੍ਹਾਂ ਨੂੰ।ਙਣਤੀ ਙਣੀ-ਕੀਤੇ ਕਰਮਾਂ ਦੀ ਗਿਣਤੀ ਗਿਣਨ ਨਾਲ।ਭਏ-ਹੋਏ।੨੧।

ਸਲੋਕੁ ॥ ਚਿਤਿ ਚਿਤਵਉ ਚਰਣਾਰਬਿੰਦ, ਊਧ ਕਵਲ ਬਿਗਸਾਂਤ ॥ ਪ੍ਰਗਟ ਭਏ ਆਪਹਿ ਗੋੁਬਿੰਦ, ਨਾਨਕ ਸੰਤ ਮਤਾਂਤ ॥੧॥ (ਹੇ ਭਾਈ! ਮੈਂ ਅਪਣੇ) ਚਿਤ ਵਿਚ (ਗੁਰੂ ਦੇ) ਚਰਨ ਕਵਲਾਂ ਨੂੰ ਸਿਮਰਦਾ ਹਾਂ, (ਜਿਸ ਕਰਕੇ ਮੇਰਾ) ਪੁੱਠਾ ਹੋਇਆ ਹਿਰਦਾ ਕਮਲ ਖਿੜ ਪਿਆ ਹੈ ;(ਪ੍ਰਭੂ ਤੋਂ) ਬੇਮੁਖ ਹੋਇਆ ਮਨ ਪ੍ਰਭੂ ਦੇ ਸਨਮੁਖ ਹੋ ਕੇ ਖਿੜ ਪਿਆ ਹੈ।ਹੇ ਨਾਨਕ! ਸੰਤਾਂ ਦੀ ਸਿਖਿਆ ਤੇ ਚਲਣ ਕਰਕੇ ਗੋਬਿੰਦ ਜੀ ਆਪ ਹੀ (ਮੇਰੇ ਹਿਰਦੇ ਵਿਚ) ਪ੍ਰਗਟ ਹੋ ਗਏ ਹਨ।੧।

ਪਉੜੀ ॥ ਚਚਾ ਚਰਨ ਕਮਲ ਗੁਰ ਲਾਗਾ ॥ ਧਨਿ ਧਨਿ ਉਆ ਦਿਨ ਸੰਜੋਗ ਸਭਾਗਾ ॥ ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ ॥ ਭਈ ਕ੍ਰਿਪਾ ਤਬ ਦਰਸਨੁ ਪਾਇਓ ॥ ਚਾਰ ਬਿਚਾਰ ਬਿਨਸਿਓ ਸਭ ਦੂਆ ॥ ਸਾਧ ਸੰਗਿ ਮਨੁ ਨਿਰਮਲ ਹੂਆ ॥ ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥ ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥੨੨॥ ਚੱਚੇ ਅੱਖਰ ਦੁਆਰਾ ਉਪਦੇਸ਼ ਹੈ (ਕਿ ਜਿਸ ਦਿਨ) ਗੁਰੂ ਦੇ ਚਰਨਾਂ ਕਮਲਾਂ ਵਿਚ (ਮਨ) ਜੁੜਿਆ।ਉਹ ਦਿਨ ਤੇ ਸੰਜੋਗ (ਸ਼ੁੱਭ ਸਮਾਂ) ਧੰਨਤਾ ਦੇ ਯੋਗ ਤੇ ਭਾਗਾਂ ਵਾਲਾ ਹੈ।ਮੈਂ ਚਾਰੇ ਕੁੰਟਾਂ ਤੇ ਦਸਾਂ ਦਿਸ਼ਾਵਾਂ ਵਿਚ ਘੁੰਮ ਫਿਰ ਆਇਆ ਹਾਂ (ਦਰਸ਼ਨ ਨਹੀਂ ਸੀ ਹੋਏ।ਪਰ ਜਦ ਗੁਰੂ ਦੀ) ਕ੍ਰਿਪਾ ਹੋਈ ਤਾਂ (ਪ੍ਰਭੂ ਦੇ) ਦਰਸ਼ਨ ਪਾ ਲਏ ਹਨ। (ਉਸ ਨੂੰ) ਸੁੰਦਰ ਆਤਮਕ ਵਿਚਾਰ ਪ੍ਰਾਪਤ ਹੋਇਆ; ਕਰਮ ਕਾਂਡ ਦੀ ਵਿਚਾਰ ਤੇ ਹੋਰ ਸਭ ਦੁਐਤ ਭਾਵ ਦੂਰ ਹੋ ਗਿਆ।ਸਾਧ ਸੰਗਤ ਕਰਕੇ ਮਨ ਨਿਰਮਲ ਹੋ ਗਿਆ।ਹੇ ਨਾਨਕ! ਜਿਸ ਦੀਆਂ ਬੁੱਧੀ ਰੂਪ ਅੱਖਾਂ ਵਿਚ (ਗੁਰੂ ਨੇ) ਗਿਆਨ ਦਾ ਸੁਰਮਾਂ ਪਾ ਦਿਤਾ ਹੈ, (ਉਸ ਨੂੰ ਹਰ ਥਾਂ) ਇਕੋ ਵਾਹਿਗੁਰੂ ਦਿਖਾਈ ਦਿੰਦਾ ਹੈ ਤੇ (ਪ੍ਰਭੂ ਨੇ ਉਸ ਦੀ ਸਾਰੀ) ਚਿੰਤਾ ਦੂਰ ਕਰ ਦਿਤੀ ਹੈ।੨੨।

ਪਦਾਰਥ = ਚਿਤਿ-ਚਿੱਤ ਵਿਚ।ਚਿਤਵਉ-ਮੈਂ ਚਿਤਵਦਾ ਹਾਂ।ਚਰਣਾਰਬਿੰਦ-ਚਰਣ ਕਮਲ।ਊਧ-(ਮਾਇਆ ਵੱਲ) ਉਲਟਿਆ ਮਨ

All Rights Reserved by Harjinder Singh Gyani | www.GuruGranthVakhyaan.org

।ਬਿਗਸਾਂਤ–ਖਿੜ ਪਿਆ।ਭਏ–ਹੋਏ।ਮਤਾਂਤ–ਸਿਖਿਆ।੧।ਪਉੜੀ।ਉਆ–ਉਹ।ਸੰਜੋਗ–ਕਿਸੇ ਕਾਰਜ ਲਈ ਸ਼ੁੱਭ ਗ੍ਰਹਿ ਤੇ ਰਾਸ਼ੀ ਦਾ ਮੇਲ (ਮੌਕਾ)।ਸਭਾਗਾ–ਭਾਗਾਂ ਵਾਲਾ।ਭਰਮਿ–ਭਟਕ ਕੇ; ਘੁੰਮ ਫਿਰ ਕੇ।ਚਾਰ ਬਿਚਾਰ–ਅਚਾਰ ਦੀ ਵਿਚਾਰ (ਸ਼ਾਸਤ੍ਰਾਂ ਅਨੁਸਾਰ ਕਰਮਾਂ ਦੀ ਪੜਚੋਲ); ਰਸਮੋ ਰਿਵਾਜ; ਕਰਮ ਕਾਂਡ; ਸੁੰਦਰ ਆਤਮ ਵਿਚਾਰ (ਸੰ.ਸ.; ਦਰਪਣ; ਨਿਰਣੈ)।ਦੂਆ–ਦੁਐਤ ਭਾਵ; ਮਾਇਆ ਦਾ ਪਿਆਰ।ਦ੍ਰਿਸਟੇਤਾ–ਦਿਖਦਾ ਹੈ।ਅੰਜਨੁ–ਸੁਰਮਾ।ਜਿਹ–ਜਿਸ ਦੀਆਂ।ਨੇਤ੍ਰਾ–ਅੱਖਾਂ ਵਿਚ।੨੨।

ਸਲੋਕੁ ॥ ਛਾਤੀ ਸੀਤਲ ਮਨੁ ਸੁਖੀ, ਛੰਤ ਗੋਬਿਦ ਗੁਨ ਗਾਇ ॥ ਐਸੀ ਕਿਰਪਾ ਕਰਹੁ ਪ੍ਰਭ, ਨਾਨਕ ਦਾਸ ਦਸਾਇ ॥੧॥ ਗੋਬਿੰਦ ਦੇ ਗੁਣਾਂ ਦੇ ਗੀਤ ਗਾ ਕੇ ਮਨ ਸੁਖੀ ਹੋ ਜਾਂਦਾ ਹੈ ਤੇ ਛਾਤੀ ਠੰਢੀ ਹੋ (ਮਾਨਸਕ ਸ਼ਾਂਤੀ ਮਿਲ) ਜਾਂਦੀ ਹੈ ।ਹੇ ਪ੍ਰਭੂ! ਐਸੀ ਕ੍ਰਿਪਾ ਕਰੋ ਕਿ ਨਾਨਕ (ਤੇਰੇ ਗੁਣ ਗਾਉਣ ਵਾਲੇ) ਦਾਸਾਂ ਦਾ ਦਾਸ ਬਣਿਆ ਰਹੇ।੧।

ਪਉੜੀ ॥ ਛਛਾ ਛੋਹਰੇ ਦਾਸ ਤੁਮਾਰੇ ॥ ਦਾਸ ਦਾਸਨ ਕੇ ਪਾਨੀਹਾਰੇ ॥ ਛਛਾ ਛਾਰੁ ਹੋਤ ਤੇਰੇ ਸੰਤਾ ॥ ਅਪਨੀ ਕ੍ਰਿਪਾ ਕਰਹੁ ਭਗਵੰਤਾ ॥ ਛੱਛੇ (ਅੱਖਰ ਦੁਆਰਾ ਕਥਨ ਕਰਦੇ ਹਨ ਕਿ ਹੇ ਪ੍ਰਭੂ! ਅਸੀਂ) ਤੁਹਾਡੇ ਨਿੱਕੇ ਜਿਹੇ ਦਾਸ ਹਾਂ।(ਆਪ ਜੀ ਦੇ) ਦਾਸਾਂ ਦੇ ਦਾਸਾਂ ਦਾ ਪਾਣੀ ਢੋਣ ਵਾਲੇ ਹਾਂ।ਛੱਛੇ ਦੁਆਰਾ ਆਖਦੇ ਹਨ ਕਿ ਹੇ ਭਗਵੰਤ! (ਸਾਡੇ ਤੇ) ਅਪਣੀ ਕ੍ਰਿਪਾ ਕਰੋ, (ਅਸੀਂ) ਤੇਰੇ ਸੰਤਾਂ ਦੇ ਚਰਨਾਂ ਦੀ ਧੂੜ ਹੋ ਜਾਈਏ ਭਾਵ ਬਣ ਜਾਈਏ।

ਅੰਗ ੨੫੫ = ਛਾਡਿ ਸਿਆਨਪ ਬਹੁ ਚਤੁਰਾਈ ॥ ਸੰਤਨ ਕੀ ਮਨ ਟੇਕ ਟਿਕਾਈ ॥ ਛਾਰੁ ਕੀ ਪੁਤ੍ਰੀ ਪਰਮ ਗਤਿ ਪਾਈ ॥ ਨਾਨਕ ਜਾ ਕਉ ਸੰਤ ਸਹਾਈ ॥੨੩॥ (ਤੇਰੇ ਦਾਸਾਂ ਨੇ) ਸਿਆਣਪਾਂ ਤੇ ਬਹੁਤੀਆਂ ਚਤਰਾਈਆਂ ਛਡ ਕੇ ਮਨ ਵਿਚ ਸੰਤਾਂ ਦੀ ਟੇਕ ਟਿਕਾਈ ਹੈ।ਹੇ ਨਾਨਕ! ਜਿਸ ਨੂੰ ਸੰਤ ਸਹਾਈ ਹੋਏ ਹਨ, ਉਸਦੀ ਮਿੱਟੀ ਦੀ ਪੁਤਲੀ (ਦੇਹ) ਨੇ ਪਰਮ ਗਤੀ ਪਾ ਲਈ ਹੈ।੨੩।

ਪਦਾਰਥ = ਸੀਤਲ–ਠੰਢੀ; ਮਨ ਦੀ ਸ਼ਾਂਤੀ।ਛੰਤ–ਗੀਤ।ਗਾਇ–ਗਾ ਕੇ।ਦਾਸ ਦਸਾਇ–ਦਾਸਾਂ ਦਾ ਦਾਸ।੧।ਪਉੜੀ।ਛੋਹਰੇ–ਛੋਟਾ ਅਣਜਾਣ ਸੇਵਕ; ਛੋਟਾ ਬਾਲਕ।ਪਾਨੀਹਾਰੇ–ਪਾਣੀ ਢੋਣ ਵਾਲੇ।ਛਾਰੁ–ਸੁਆਹ; ਮਿੱਟੀ।ਹੋਤ–ਹੋਈਏ (ਬਣ ਜਾਈਏ)।ਛਾਰ ਕੀ ਪੁਤ੍ਰੀ–ਮਿੱਟੀ ਦੀ ਪੁਤਲੀ ਭਾਵ ਮਿੱਟੀ ਦੀ ਬਣੀ ਦੇਹ।ਪਰਮ ਗਤਿ–ਉਚੀ ਆਤਮਕ ਅਵਸਥਾ; ਮੁਕਤੀ।੨੩।

ਸਲੋਕੁ ॥ ਜੋਰ ਜੁਲਮ ਫੂਲਹਿ ਘਨੋ, ਕਾਚੀ ਦੇਹ ਬਿਕਾਰ ॥ ਅਹੰਬੁਧਿ ਬੰਧਨ ਪਰੇ, ਨਾਨਕ ਨਾਮ ਛੁਟਾਰ ॥੧॥ (ਮਨੁੱਖ ਅਪਣੀ ਤਾਕਤ ਦੇ) ਜੋਰ ਨਾਲ ਜੁਲਮ ਕਰਦਾ ਹੈ ਅਤੇ ਹੰਕਾਰ ਵਿਚ ਬਹੁਤ ਫੁੱਲਿਆ ਫਿਰਦਾ ਹੈ, (ਪਰ ਇਹ ਨਹੀਂ ਜਾਣਦਾ ਕਿ ਇਹ) ਦੇਹ ਕੱਚੀ ਹੈ ਤੇ ਨਿਕੰਮੀ ਹੈ; ਬਦਲਦੀ ਹੈ (ਇਕ ਰਸ ਨਹੀ ਰਹਿੰਦੀ।ਇਸ ਨੂੰ) ਹੰਕਾਰ ਵਾਲੀ ਬੁੱਧੀ ਦੇ ਬੰਧਨ ਪਏ ਹੋਏ ਹਨ, ਨਾਨਕ ਗੁਰੂ ਜੀ ਸਿਖਿਆ ਦੇਂਦੇ ਹਨ ਕਿ (ਇਨ੍ਹਾਂ ਬੰਧਨਾਂ ਤੋਂ) ਛੁਟਕਾਰਾ ਨਾਮ ਨਾਲ ਹੀ ਹੋਣਾ ਹੈ।੧।

ਪਉੜੀ ॥ ਜਜਾ ਜਾਨੈ ਹਉ ਕਛੁ ਹੂਆ ॥ ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥ ਜਉ ਜਾਨੈ ਹਉ ਭਗਤੁ ਗਿਆਨੀ ॥ ਆਗੈ ਠਾਕੁਰਿ ਤਿਲੁ ਨਹੀ ਮਾਨੀ ॥ ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥ ਸਾਧ ਸੰਗਿ ਜਿਹ ਹਉਮੈ ਮਾਰੀ ॥ ਨਾਨਕ ਤਾਕਉ ਮਿਲੇ ਮੁਰਾਰੀ ॥੨੪॥ ਜੱਜੇ ਅੱਖਰ ਦੁਆਰਾ ਆਖਦੇ ਹਨ, (ਜਦ ਮਨੁੱਖ) ਸਮਝਦਾ ਹੈ ਕਿ ਮੈਂ ਕੁਛ ਬਣ ਗਿਆ ਹਾਂ ।(ਤਦ ਉਹ ਇਉਂ) ਬੱਝ ਗਿਆ ਹੈ ਜਿਵੇਂ ਭਰਮ ਦੇ ਕਾਰਣ ਤੋਤਾ ਨਲਕੀ ਨਾਲ ਬੱਝ ਗਿਆ ਹੁੰਦਾ ਹੈ।ਜਦ ਇਹ ਜਾਣਦਾ ਹੈ ਕਿ ਮੈਂ ਭਗਤ ਹਾਂ ਤੇ ਗਿਆਨਵਾਨ ਹਾਂ।ਅੱਗੇ ਪ੍ਰਲੋਕ ਵਿਚ (ਇਸਦੀ ਭਗਤੀ ਤੇ ਗਿਆਨ ਵਾਲੀ ਗੱਲ) ਠਾਕਰ ਨੇ ਤਿਲ ਮਾਤ੍ਰ ਵੀ ਨਹੀਂ ਮੰਨਣੀ।ਜਦ (ਇਹ ਮਨੁੱਖ) ਜਾਣਦਾ ਹੈ ਕਿ ਮੈਂ ਵਿਆਖਿਆ ਕਰਨ ਵਾਲਾ ਹਾਂ।(ਤਾਂ ਉਸ ਨੂੰ ਇਉਂ ਸਮਝੋ) ਜਿਵੇਂ ਧਰਤੀ ਤੇ (ਧਨ ਦੇ ਲਾਭ ਲਈ) ਵਪਾਰੀ ਫਿਰਦਾ ਹੈ (ਜੋ ਗੱਲਾਂ ਬਹੁਤ ਕਰਦਾ ਹੈ, ਪਰ ਪ੍ਰਮਾਰਥਿਕ ਲਾਭ ਕੁਛ ਨਹੀਂ)।ਸਾਧ ਸੰਗਤ ਵਿਚ ਜਿਸ (ਮਨੁੱਖ) ਨੇ ਹਉਮੈ ਮਾਰ ਦਿਤੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਨੂੰ ਪ੍ਰਮਾਤਮਾ ਮਿਲ ਗਿਆ ਹੈ।੨੪।

ਪਦਾਰਥ = ਫੂਲਹਿ–ਆਕੜ ਵਿਚ ਫੁੱਲ ਕੇ ਬੈਠਦਾ ਹੈ; ਖੁਸ਼ ਹੁੰਦਾ ਹੈ; ਹੰਕਾਰ ਕਰਦਾ ਹੈ।ਘਨੋ–ਬਹੁਤ।ਕਾਚੀ–ਨਾਸ਼ਵੰਤ।ਬਿਕਾਰ – ਬੇਕਾਰ (ਨਿਕੰਮੀ; ਵਿਅਰਥ); ਬਦਲਦੀ ਹੈ; ਇਕ ਰਸ ਨਹੀਂ ਰਹਿੰਦੀ (ਮ.ਕੋ.; ਟਕਸਾਲ)।ਅਹੰਬੁਧਿ–ਹੰਕਾਰ ਵਾਲੀ ਬੁੱਧੀ।ਪਰੇ–ਪਏ ਹੋਏ।ਛੁਟਾਰ–ਛੁਟਕਾਰਾ।੧।ਹਉ–ਮੈਂ।ਹੂਆ–ਹੋ (ਬਣ) ਗਿਆ ਹਾਂ।ਬਾਧਿਓ–ਬੰਨ੍ਹਿਆ ਗਿਆ।ਭਰਮਿ–ਭਰਮ ਭੁਲੇਖੇ ਵਿਚ। ਸੂਆ–ਤੋਤਾ।ਜਉ–ਜਦ।ਠਾਕੁਰਿ–ਪ੍ਰਮਾਤਮਾ ਨੇ।ਤਿਲੁ ਨਹੀ ਮਾਨੀ–ਥੋੜਾ ਜਿਹਾ ਵੀ ਪ੍ਰਵਾਨ ਨਹੀਂ ਕਰੇਗਾ; ਥੋੜੇ ਜਿੰਨਾ ਵੀ ਮਾਣ ਨਹੀਂ ਦੇਵੇਗਾ।ਜਿਹ–ਜਿਸ ਨੇ।ਮੁਰਾਰੀ–ਵਾਹਿਗੁਰੂ।੨੪।

ਨਲਿਨੀ = ਨੜੇ ਨਲਕੀ ਵਿਚ ਸੀਂਖ ਪਾ ਕੇ ਪਾਣੀ ਦੇ ਭਾਂਡੇ ਉਤੇ ਰੱਖ ਦਿਤੀ ਜਾਂਦੀ ਹੈ, ਜਦ ਤੋਤਾ ਪਾਣੀ ਪੀਣ ਲਈ ਨਲੀ ਤੇ ਆ ਕੇ ਬੈਠਦਾ ਹੈ ਤਾਂ ਨਲੀ ਘੁੰਮ ਜਾਂਦੀ ਹੈ ਤੇ ਪਾਣੀ ਵਿਚ ਡੁੱਬਣ ਦੇ ਭੈ ਕਰਕੇ ਤੋਤਾ ਨਲੀ ਨੂੰ ਨਹੀਂ ਛਡਦਾ ਤੇ ਫੜਿਆ ਜਾਂਦਾ ਹੈ।

ਸਲੋਕੁ ॥ ਝਾਲਾਘੇ ਉਠਿ ਨਾਮੁ ਜਪਿ, ਨਿਸਿ ਬਾਸੁਰ ਆਰਾਧਿ ॥ ਕਾਰ੍ਹਾ ਤੁਝੈ ਨ ਬਿਆਪਈ, ਨਾਨਕ ਮਿਟੈ ਉਪਾਧਿ ॥੧॥ (ਹੇ

All Rights Reserved by Harjinder Singh Gyani | www.GuruGranthVakhyaan.org

ਭਾਈ !) ਅੰਮ੍ਰਿਤ ਵੇਲੇ ਉਠ ਕੇ (ਵਾਹਿਗੁਰੂ ਦਾ) ਨਾਮ ਜਪ ਅਤੇ ਦਿਨ ਰਾਤ ਉਸ ਨੂੰ ਸਿਮਰਦਾ ਰਿਹਾ ਕਰ। (ਫਿਰ) ਤੈਨੂੰ ਝੋਰਾ ਨਹੀਂ ਵਿਆਪੇਗਾ, ਨਾਨਕ ਗੁਰੂ ਜੀ ਆਖਦੇ ਹਨ ਕਿ (ਤੇਰੇ ਸਾਰੇ) ਉਪੱਦ੍ਰਵ ਵੀ ਮਿਟ ਜਾਣਗੇ।੧।

ਪਉੜੀ ॥ ਝਝਾ ਝੂਰਨੁ ਮਿਟੈ ਤੁਮਾਰੋ ॥ ਰਾਮ ਨਾਮ ਸਿਉ ਕਰਿ ਬਿਉਹਾਰੋ ॥ ਝੂਰਤ ਝੂਰਤ ਸਾਕਤ ਮੂਆ ॥ ਜਾ ਕੈ ਰਿਦੈ ਹੋਤ ਭਾਉ ਬੀਆ ॥ਝਰਹਿ ਕਸੰਮਲ ਪਾਪ ਤੇਰੇ ਮਨੂਆ ॥ ਅੰਮ੍ਰਿਤ ਕਥਾ ਸੰਤ ਸੰਗਿ ਸੁਨੂਆ ॥ ਝਰਹਿ ਕਾਮ ਕ੍ਰੋਧ ਦ੍ਰੁਸਟਾਈ ॥ ਨਾਨਕ ਜਾ ਕਉ ਕ੍ਰਿਪਾ ਗੁਸਾਈ ॥੨੫॥ ਝੱਝੇ ਅੱਖਰ ਦੁਆਰਾ ਕਥਨ ਕਰਦੇ ਹਨ ਕਿ ਤੁਹਾਡਾ ਝੂਰਨ ਮਿਟ ਜਾਏਗਾ। (ਜੇ ਤੁਸੀਂ) ਵਾਹਿਗੁਰੂ ਦੇ ਨਾਮ ਨਾਲ ਵਿਹਾਰ ਕਰੋਗੇ। (ਉਹ) ਸਾਕਤ ਪੁਰਸ਼ ਝੂਰਦਾ ਝੂਰਦਾ ਹੀ ਮਰ ਜਾਂਦਾ ਹੈ। ਜਿਸਦੇ ਹਿਰਦੇ ਵਿਚ (ਪ੍ਰਭੂ ਨੂੰ ਭੁਲਾ ਕੇ) ਦੂਜੇ ਦਾ ਪਿਆਰ ਹੁੰਦਾ ਹੈ। ਮਨ ਦੇ (ਤੇਰੇ ਸਾਰੇ) ਪਾਪ ਤੇ ਵਿਕਾਰ ਝੜ ਜਾਣਗੇ। ਜੇ ਤੂੰ ਸੰਤਾਂ ਦੀ ਸੰਗਤ ਵਿਚ (ਬੈਠ ਕੇ ਪ੍ਰਭੂ ਦੀ) ਅੰਮ੍ਰਿਤ ਕਥਾ ਸੁਣੇਂਗਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਉਤੇ ਮਾਲਕ ਵਾਹਿਗੁਰੂ ਦੀ ਕ੍ਰਿਪਾ ਹੁੰਦੀ ਹੈ। (ਉਸ ਦੇ) ਕਾਮ ਕ੍ਰੋਧ ਤੇ ਬੁਰਿਆਈਆਂ (ਆਦਿ ਔਗੁਣ) ਝੜ ਜਾਂਦੇ ਹਨ।੨੫।

ਪਦਾਰਥ = ਝਾਲਾਘੇ-ਦਿਨ ਦੀ ਰੋਸ਼ਨੀ ਤੋਂ ਪਹਿਲਾਂ ਦਾ ਸਮਾਂ ਭਾਵ ਅੰਮ੍ਰਿਤ ਵੇਲਾ। ਨਿਸਿ-ਰਾਤ। ਬਾਸੁਰ-ਦਿਨ। ਕਾਰ੍ਹਾ-ਦੁਖ ਕਲੇਸ਼ ;ਕੁੜ੍ਹਨਾ; ਸਾੜਾ। ਤੁਝੈ-ਤੈਨੂੰ। ਨ ਬਿਆਪਈ-ਨਹੀਂ ਲੱਗੇਗਾ। ਉਪਾਧਿ-ਉਪੱਦ੍ਰਵ (ਦੁਖ ਦੇਣ ਵਾਲੇ ਸਮਾਨ)।੧। ਪਉੜੀ। ਝੂਰਨ-ਈਰਖਾ ਵਿਚ ਸੜਨਾ। ਬਿਉਹਾਰੋ-ਲੈਣ ਦੇਣ; ਮੇਲ ਜੋਲ; ਕੰਮ ਕਾਜ। ਸਾਕਤ-ਮਾਇਆ ਗ੍ਰਸਿਆ ਮਨੁੱਖ; ਰੱਬ ਤੋਂ ਟੁੱਟਿਆ ਮਨੁੱਖ। ਹੋਤ-ਹੁੰਦਾ ਹੈ। ਭਾਉ-ਪਿਆਰ। ਬੀਆ-ਦੂਜਾ। ਕਸੰਮਲ-ਪਾਪ; ਵਿਕਾਰ। ਮਨੂਆ-ਮਨ ਦੇ। ਦ੍ਰੁਸਟਾਈ-ਦੁਸ਼ਟਾਈ।੨੫।

ਸਲੋਕੁ ॥ ਵਤਨ ਕਰਹੁ ਤੁਮ ਅਨਿਕ ਬਿਧਿ, ਰਹਨੁ ਨ ਪਾਵਹੁ ਮੀਤ ॥ ਜੀਵਤ ਰਹਹੁ ਹਰਿ ਹਰਿ ਭਜਹੁ ,ਨਾਨਕ ਨਾਮ ਪਰੀਤਿ ॥੧ ॥ ਹੇ ਮਿਤ੍ਰ ! (ਸਦਾ ਜਿਉਂਦੇ ਰਹਿਣ ਲਈ) ਤੁਸੀਂ ਅਨੇਕਾਂ ਪ੍ਰਕਾਰ ਦੇ ਜਤਨ ਕਰਕੇ ਦੇਖ ਲਵੋ, (ਇਸ ਦੁਨੀਆਂ ਵਿਚ ਸਦਾ ਲਈ) ਰਹਿਣਾ ਨਹੀਂ ਪਾ ਸਕੋਗੇ। ਹੇ ਨਾਨਕ ! ਨਾਮ ਦੀ ਪ੍ਰੀਤ ਕਰਕੇ ਹਰੀ ਦਾ ਸਿਮਰਨ ਕਰੋ, (ਤਾਂ ਤੁਸੀਂ ਸਦਾ) ਜਿਉਂਦੇ ਰਹੋਗੇ।੧।

ਪਵੜੀ ॥ ਵੰਞਾ ਵਾਣਹੁ ਦ੍ਰਿੜੁ ਸਹੀ, ਬਿਨਸਿ ਜਾਤ ਏਹ ਹੇਤ ॥ ਗਣਤੀ ਗਣਉ ਨ ਗਣਿ ਸਕਉ ,ਊਠਿ ਸਿਧਾਰੇ ਕੇਤ ॥ ਞੋ ਪੇਖਉ ਸੋ ਬਿਨਸਤਉ ,ਕਾ ਸਿਉ ਕਰੀਐ ਸੰਗੁ ॥ ਞਾਣਹੁ ਇਆ ਬਿਧਿ ਸਹੀ ਚਿਤ, ਝੂਠਉ ਮਾਇਆ ਰੰਗੁ ॥ ਞਾਣਤ ਸੋਈ ਸੰਤੁ ਸੁਇ, ਭ੍ਰਮ ਤੇ ਕੀਚਿਤ ਭਿੰਨ ॥ ਅੰਧ ਕੂਪ ਤੇ ਤਿਹ ਕਢਹੁ ,ਜਿਹ ਹੋਵਹੁ ਸੁਪ੍ਰਸੰਨ ॥ ਞਾ ਕੈ ਹਾਥਿ ਸਮਰਥ ਤੇ, ਕਾਰਨ ਕਰਨੈ ਜੋਗ ॥ ਨਾਨਕ ਤਿਹ ਉਸਤਤਿ ਕਰਉ ,ਞਾਹੂ ਕੀਓ ਸੰਜੋਗ ॥੨੬॥ ਵੰਞਾ ਅੱਖਰ ਦੁਆਰਾ ਆਖਦੇ ਹਨ ਕਿ ਇਹ ਗੱਲ ਤੁਸੀਂ ਸਹੀ ਤੇ ਪੱਕੀ ਜਾਣ ਲਵੋ ਕਿ (ਦੁਨੀਆਂ ਦੇ) ਇਹ ਪਿਆਰ ਨਾਸ਼ ਹੋ ਜਾਣਗੇ। (ਜੇ ਮੈਂ) ਗਿਣਤੀ ਗਿਣਾਂ ਤਾਂ ਗਿਣ ਨਹੀਂ ਸਕਦਾ ਕਿ ਕਿੰਨੇ (ਕੁ ਲੋਕ ਸੰਸਾਰ ਵਿਚੋਂ) ਉਠ ਕੇ ਚਲੇ ਗਏ ਹਨ? ਜੋ (ਕੁਛ ਮੈਂ) ਦੇਖਦਾਂ ਹਾਂ, ਉਹ ਨਾਸ਼ ਹੁੰਦਾ ਜਾਂਦਾ ਹੈ, ਕਿਸ ਨਾਲ ਸੰਗ (ਮੇਲ) ਕਰੀਏ। (ਤੁਸੀਂ) ਇਸ ਤਰ੍ਹਾਂ ਚਿਤ ਵਿਚ ਠੀਕ ਜਾਣ ਲਵੋ ਕਿ ਮਾਇਆ ਦਾ ਪਿਆਰ ਝੂਠਾ (ਨਾਸ਼ਵੰਤ) ਹੈ। ਇਸ ਗੱਲ ਨੂੰ ਉਹ ਹੀ ਜਾਣਦਾ ਹੈ ਤੇ ਉਹ ਹੀ ਸੰਤ ਹੈ, (ਜਿਸ ਨੇ ਅਪਣੇ ਮਨ ਨੂੰ) ਭਰਮ ਤੋਂ ਵੱਖ ਕਰ ਲਿਆ ਹੈ। (ਹੇ ਵਾਹਿਗੁਰੂ !) ਹਨ੍ਹੇਰੇ (ਸੰਸਾਰ ਰੂਪ) ਖੂਹ ਤੋਂ ਉਸ ਮਨੁੱਖ ਨੂੰ ਕਢਦੇ ਹੋ, ਜਿਸ ਉਪਰ ਚੰਗੀ ਤਰ੍ਹਾਂ ਪ੍ਰਸੰਨ ਹੁੰਦੇ ਹੋ। ਜਿਸ ਪ੍ਰਭੂ ਦੇ ਹੱਥ ਵਿਚ (ਸਭ ਕੁਛ ਹੈ ਅਤੇ) ਉਹ ਤਾਕਤਵਰ ਹੈ, ਜੋ ਸਾਰੇ ਕਾਰਣਾਂ ਦੇ ਕਰਨ ਯੋਗ ਹੈ। ਨਾਨਕ ਗੁਰੂ ਜੀ ਆਖਦੇ ਹਨ, ਉਸ ਪ੍ਰਭੂ ਦੀ ਉਸਤਤੀ ਕਰੋ, ਜਿਸ ਨੇ (ਮਨੁੱਖਾ ਦੇਹ ਤੇ ਪਦਾਰਥਾਂ ਦਾ) ਇਹ ਸੰਜੋਗ ਬਣਾਇਆ ਹੈ।੨੬।

ਪਦਾਰਥ = ਵਤਨ-ਜਤਨ। ਬਿਧਿ-ਤਰ੍ਹਾਂ ਦੇ। ਮੀਤ-ਹੇ ਮਿਤ੍ਰ !।੧। ਪਵੜੀ। ਞਾਣਹੁ-ਜਾਣੋ; ਸਮਝੋ। ਸਹੀ-ਠੀਕ। ਹੇਤ-ਪਿਆਰ। ਸਿਧਾਰੇ-ਚਲੇ ਗਏ। ਕੇਤ-ਕਿਤਨੇ। ਗਣਤੀ-ਗਿਣਤੀ। ਗਣਉ-(ਮੈਂ) ਗਿਣਾਂ। ਞੋ-ਜੋ (ਕੁਛ)। ਪੇਖਉ-ਦੇਖਦਾ ਹਾਂ। ਸੋ-ਉਹ। ਕਾ ਸਿਉ - ਕਿਸ ਨਾਲ। ਸੰਗੁ-ਮੇਲ ਜੋਲ। ਇਆ-ਇਸ। ਰੰਗੁ-ਪਿਆਰ। ਞਾਣਤ-ਜਾਣਦਾ ਹੈ। ਸੁਇ-ਉਹ। ਕੀਚਿਤ-ਕੀਤਾ ਹੈ। ਭਿੰਨ-ਵੱਖ। ਕੂਪ ਤੇ-ਖੂਹ ਤੋਂ (ਵਿਚੋਂ)। ਤਿਹ-ਉਸ ਨੂੰ। ਜਿਹ-ਜਿਸ ਉਤੇ। ਞਾ ਕੈ-ਜਿਸ ਦੇ। ਤੇ-ਉਹ। ਞਾਹੂ-ਜਿਸ ਨੇ।੨੬।

ਸਲੋਕੁ ॥ ਟੂਟੇ ਬੰਧਨ ਜਨਮ ਮਰਨ, ਸਾਧ ਸੇਵ ਸੁਖੁ ਪਾਇ ॥ ਨਾਨਕ ਮਨਹੁ ਨ ਬੀਸਰੈ, ਗੁਣ ਨਿਧਿ ਗੋਬਿਦ ਰਾਇ ॥੧॥ (ਹੇ ਭਾਈ !) ਸਾਧੂਆਂ ਦੀ ਸੇਵਾ ਕਰਕੇ (ਜਿਸ ਪੁਰਖ ਦੇ) ਜਨਮ ਮਰਣ ਦੇ ਬੰਧਨ ਟੁੱਟ ਗਏ ਹਨ, (ਉਸ ਨੇ) ਸਦੀਵੀ ਸੁਖ ਪਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਉਸ ਪੁਰਖ ਦੇ) ਮਨ ਤੋਂ ਗੁਣਾਂ ਦਾ ਖਜਾਨਾ ਗੋਬਿੰਦ ਰਾਇ ਨਹੀਂ ਭੁਲਦਾ।੧।

ਪਉੜੀ ॥ ਟਹਲ ਕਰਹੁ ਤਉ ਏਕ ਕੀ, ਜਾ ਤੇ ਬ੍ਰਿਥਾ ਨ ਕੋਇ ॥ ਮਨਿ ਤਨਿ ਮੁਖਿ ਹੀਐ ਬਸੈ, ਜੋ ਚਾਹਹੁ ਸੋ ਹੋਇ ॥ ਟਹਲ ਮਹਲ ਤਾ ਕਉ ਮਿਲੈ, ਜਾ ਕਉ ਸਾਧ ਕ੍ਰਿਪਾਲ ॥ ਸਾਧੂ ਸੰਗਤਿ ਤਉ ਬਸੈ, ਜਉ ਆਪਨ ਹੋਹਿ ਦਇਆਲ ॥ ਟੋਹੇ ਟਾਹੇ ਬਹੁ ਭਵਨ, ਬਿਨ ਨਾਵੈ ਸੁਖੁ ਨਾਹਿ ॥ ਟਲਹਿ ਜਾਮ ਕੇ ਦੂਤ ਤਿਹ, ਜੁ ਸਾਧੂ ਸੰਗਿ ਸਮਾਹਿ ॥ ਬਾਰਿ ਬਾਰਿ ਜਾਉ ਸੰਤ ਸਦਕੇ ॥ ਨਾਨਕ ਪਾਪ

ਬਿਨਾਸੇ ਕਦਿ ਕੇ ॥੨੭॥ (ਹੇ ਭਾਈ!) ਸੇਵਾ ਕਰੋ ਤਾਂ ਇਕ ਨਿਰੰਕਾਰ ਦੀ ਕਰੋ (ਉਸ ਨੂੰ ਨਾ ਭੁੱਲਣਾ, ਉਸਦੀ ਸੇਵਾ ਹੈ), ਜਿਸਦੇ ਦਰ ਤੋਂ ਕੋਈ (ਜਾਚਕ) ਖਾਲੀ ਨਹੀਂ ਜਾਂਦਾ। ਮਨ ਵਿਚ, ਤਨ ਵਿਚ, ਮੂੰਹ ਵਿਚ ਤੇ ਹਿਰਦੇ ਵਿਚ (ਜੇ ਵਾਹਿਗੁਰੂ) ਵਸ ਜਾਵੇ, (ਤਾਂ ਤੁਸੀਂ) ਜੋ ਵੀ ਮਨੋਰਥ ਚਾਹੋਗੇ, ਉਹ ਪੂਰਾ ਹੋ ਜਾਵੇਗਾ। (ਪਰ ਵਾਹਿਗੁਰੂ ਦੇ) ਮਹਿਲ ਦੀ ਸੇਵਾ; ਸੇਵਾ ਦੀ ਪਦਵੀ ਉਸ ਨੂੰ ਮਿਲਦੀ ਹੈ, ਜਿਸ ਉਤੇ ਸਾਧੂ ਮੇਹਰਵਾਨ ਹੁੰਦੇ ਹਨ। (ਮਨੁੱਖ) ਸਾਧੂਆਂ ਦੀ ਸੰਗਤ ਵਿਚ ਤਾਂ ਵਸਦਾ ਹੈ, ਜੇ (ਵਾਹਿਗੁਰੂ) ਆਪ ਮੇਹਰਵਾਨ ਹੋਵੇ। (ਅਸੀਂ) ਬਹੁਤ ਭਵਨ ਖੋਜ ਦੇਖੇ ਹਨ, (ਪਰ) ਨਾਮ ਤੋਂ ਬਿਨਾ ਸੁਖ ਨਹੀਂ ਮਿਲਦਾ। ਜਿਹੜੇ ਪੁਰਖ ਸਾਧੂਆਂ ਦੀ ਸੰਗਤ ਵਿਚ ਆ ਮਿਲਦੇ ਹਨ, ਉਨ੍ਹਾਂ ਦੇ (ਸਿਰੋਂ) ਜਮਾਂ ਦੇ ਦੂਤ ਟਲ (ਛਡ) ਜਾਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ, (ਮੈਂ) ਬਾਰ ਬਾਰ ਸੰਤਾਂ ਤੋਂ ਸਦਕੇ ਜਾਂਦਾ ਹਾਂ, (ਕਿਉਂਕਿ ਸੰਤਾਂ ਦੀ ਸੰਗਤ ਕਰਕੇ) ਬਹੁਤ ਚਿਰਾਂ ਦੇ ਪਾਪ ਨਾਸ਼ ਹੋ ਗਏ ਹਨ।੨੭।

ਪਦਾਰਥ = ਨ ਬੀਸਰੈ–ਨਹੀਂ ਭੁਲਦਾ। ਗੁਣ ਨਿਧਿ–ਗੁਣਾਂ ਦਾ ਖਜਾਨਾ। ਗੋਬਿੰਦ ਰਾਇ–ਅਕਾਲ ਪੁਰਖ।੧। ਪਉੜੀ। ਟਹਲ–ਸੇਵਾ। ਤਉ–ਤਾਂ। ਜਾ ਤੇ–ਜਿਸ ਤੋਂ। ਬ੍ਰਿਥਾ–ਖਾਲੀ। ਹੀਐ–ਹਿਰਦੇ ਵਿਚ। ਮਹਲ–ਰੱਬ ਦਾ ਮਹਿਲ (ਸਰੂਪ); ਅਧਿਕਾਰ; ਪਦਵੀ (ਮ.ਕੋ)। ਟੋਹੇ ਟਾਹੇ–ਖੋਜੇ ਖਾਜੇ; ਖੋਜ ਦੇਖੇ। ਭਵਨ–ਟਿਕਾਣੇ; ੧੪ ਭਵਨ; ਦੇਵੀ ਦੇਵਤਿਆਂ ਦੇ ਮੰਦਰ। ਟਲਹਿ–ਟਲ (ਦੂਰ ਹਟ) ਜਾਂਦੇ ਹਨ। ਜਾਮ ਕੇ–ਜਮਰਾਜ ਦੇ। ਤਿਹ–ਉਨ੍ਹਾਂ ਦੇ। ਸਮਾਹਿ–ਮਿਲਦੇ ਹਨ। ਕਦਿ ਕੇ–ਚਿਰਾਂ ਦੇ (ਕਈ ਜਨਮਾਂ ਦੇ)।੨੭।

ਸਲੋਕੁ ॥ ਠਾਕਿ ਨ ਹੋਤੀ ਤਿਨਹੁ ਦਰਿ, ਜਿਹ ਹੋਵਹੁ ਸੁਪ੍ਰਸੰਨ ॥ ਜੋ ਜਨ ਪ੍ਰਭਿ ਅਪੁਨੇ ਕਰੇ, ਨਾਨਕ ਤੇ ਧਨਿ ਧੰਨਿ ॥੧॥ (ਹੇ ਪ੍ਰਭੂ!) ਜਿਨ੍ਹਾਂ ਪੁਰਖਾਂ ਉਪਰ ਆਪ ਜੀ ਭਲੀ ਪ੍ਰਕਾਰ ਪ੍ਰਸੰਨ ਹੁੰਦੇ ਹੋ, ਉਨ੍ਹਾਂ ਨੂੰ ਤੇਰੇ ਦਰ ਤੇ (ਪਹੁੰਚਣ ਲਈ) ਰੁਕਾਵਟ ਨਹੀਂ ਹੁੰਦੀ । ਹੇ ਨਾਨਕ! ਜਿਹੜੇ ਸੇਵਕ ਜਨ ਪ੍ਰਭੂ ਨੇ ਅਪਣੇ ਬਣਾ ਲਏ ਹਨ, ਉਹ ਧੰਨ ਹਨ, ਧੰਨ ਹਨ।੧।

ਅੰਗ ੨੫੬ = ਪਉੜੀ ॥ ਠਠਾ ਮਨੂਆ ਠਾਹਹਿ ਨਾਹੀ ॥ ਜੋ ਸਗਲ ਤਿਆਗਿ ਏਕਹਿ ਲਪਟਾਹੀ ॥ ਠਹਕਿ ਠਹਕਿ ਮਾਇਆ ਸੰਗਿ ਮੂਏ ॥ ਉਆ ਕੈ ਕੁਸਲ ਨ ਕਤਹੂ ਹੂਏ ॥ ਠਾਂਢਿ ਪਰੀ ਸੰਤਹ ਸੰਗਿ ਬਸਿਆ ॥ ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥ ਠਾਕੁਰ ਅਪੁਨੇ ਜੋ ਜਨ ਭਾਇਆ ॥ ਨਾਨਕ ਉਆ ਕਾ ਮਨੁ ਸੀਤਲਾਇਆ ॥੨੮॥ ਠੱਠੇ ਅੱਖਰ ਦੁਆਰਾ ਆਖਦੇ ਹਨ ਕਿ ਜਿਹੜੇ ਮਨੁੱਖ ਸਭ ਕੁਛ ਛਡ ਕੇ ਇਕ ਪ੍ਰਭੂ ਨਾਲ ਜੁੜ ਜਾਂਦੇ ਹਨ, ਉਹ ਕਿਸੇ ਦਾ ਮਨ ਨਹੀਂ ਢਾਹੁੰਦੇ (ਦੁਖਾਉਂਦੇ। ਪਰ ਜਿਹੜੇ ਮਨੁੱਖ) ਮਾਇਆ ਨਾਲ ਲੱਗ ਲੱਗ ਕੇ ਮਰ ਗਏ ਹਨ। ਉਨ੍ਹਾਂ ਦੇ ਮਨ ਕਦੇ ਸੁਖੀ ਨਹੀਂ ਹੋਏ। ਜਿਹੜਾ ਪੁਰਖ ਸੰਤਾਂ ਦੀ ਸੰਗਤ ਵਿਚ ਜਾ ਵਸਿਆ ਹੈ, (ਉਸਦੇ ਮਨ ਵਿਚ) ਠੰਢ ਪੈ ਗਈ ਹੈ। (ਕਿਉਂਕਿ) ਉਥੇ (ਸਤਿ ਸੰਗਤ) ਨਾਮ ਅੰਮ੍ਰਿਤ ਉਸਦੀ ਜਿੰਦ ਵਿਚ ਰਸ ਗਿਆ ਹੈ। ਜਿਹੜਾ ਸੇਵਕ ਅਪਣੇ ਮਾਲਕ ਪ੍ਰਭੂ ਨੂੰ ਚੰਗਾ ਲੱਗਾ ਹੈ। ਹੇ ਨਾਨਕ! ਉਸ ਦਾ ਮਨ ਸੀਤਲ (ਸ਼ਾਂਤ) ਹੋ ਗਿਆ ਹੈ।੨੮।

ਪਦਾਰਥ = ਠਾਕਿ–ਰੋਕ। ਨ ਹੋਤੀ–ਨਹੀਂ ਹੁੰਦੀ। ਤਿਨਹੁ–ਉਨ੍ਹਾਂ ਨੂੰ। ਕਰੇ–ਕਰ (ਬਣਾ) ਲਏ।੧। ਪਉੜੀ। ਠਾਹਹਿ ਨਾਹੀ–ਢਾਹੁੰਦੇ ਨਹੀਂ; ਦੁਖਾਉਂਦੇ ਨਹੀਂ। ਏਕਹਿ–ਇਕ ਪ੍ਰਭੂ ਨਾਲ। ਲਪਟਾਹੀ–ਲਿਪਟ (ਜੁੜ) ਜਾਂਦੇ ਹਨ। ਠਹਕਿ ਠਹਕਿ–ਟਕਰਾ ਟਕਰਾ ਕੇ; ਲਗ ਲਗ ਕੇ; ਖਹਿ ਖਹਿ ਕੇ। ਉਆ ਕੈ–ਉਨ੍ਹਾਂ ਦੇ। ਕੁਸਲ–ਸੁਖ ਅਨੰਦ। ਕਤਹੂ–ਕਦੇ ਵੀ। ਪਰੀ–ਪੈ ਗਈ। ਤਹਾ–ਉਥੇ। ਰਸਿਆ–ਰਸ ਵਾਲਾ ਹੋ ਗਿਆ। ਭਾਇਆ–ਚੰਗਾ ਲੱਗਾ; ਪਿਆਰਾ ਲੱਗਾ। ਉਆ ਕਾ–ਉਸਦਾ।੨੮।

ਸਲੋਕੁ ॥ ਡੰਡਉਤਿ ਬੰਦਨ ਅਨਿਕ ਬਾਰ, ਸਰਬ ਕਲਾ ਸਮਰਥ ॥ ਡੋਲਨ ਤੇ ਰਾਖਹੁ ਪ੍ਰਭੂ ,ਨਾਨਕ ਦੇ ਕਰਿ ਹਥ ॥੧॥ ਹੇ ਸਰਬ ਸ਼ਕਤੀਮਾਨ ਵਾਹਿਗੁਰੂ! (ਮੈਂ ਆਪ ਜੀ ਦੇ ਅੱਗੇ) ਡੰਡੇ ਵਾਂਗ ਸਿੱਧਾ ਪੈ ਕੇ ਅਨੇਕਾਂ ਵਾਰ ਮੱਥਾ ਟੇਕਦਾ ਹਾਂ। ਨਾਨਕ ਗੁਰੂ ਜੀ ਅਰਦਾਸ ਕਰਦੇ ਹਨ, ਹੇ ਪ੍ਰਭੂ! (ਅਪਣੀ ਕ੍ਰਿਪਾ ਦਾ) ਹੱਥ ਦੇ ਕਰਕੇ (ਮੇਰੇ ਮਨ ਨੂੰ) ਡੋਲਣ ਤੋਂ ਰੱਖ (ਬਚਾ) ਲਵੋ।੧।

ਪਉੜੀ ॥ ਡਡਾ ਡੇਰਾ ਇਹੁ ਨਹੀ, ਜਹ ਡੇਰਾ ਤਹ ਜਾਨੁ ॥ ਉਆ ਡੇਰਾ ਕਾ ਸੰਜਮੋ, ਗੁਰ ਕੈ ਸਬਦਿ ਪਛਾਨੁ ॥ ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥ ਜਾ ਕਾ ਤਸੂ ਨਹੀ ਸੰਗਿ ਚਾਲੈ ॥ ਉਆ ਡੇਰਾ ਕੀ ਸੋ ਮਿਤਿ ਜਾਨੈ ॥ਜਾ ਕਉ ਦ੍ਰਿਸਟਿ ਪੂਰਨ ਭਗਵਾਨੈ ॥ ਡੇਰਾ ਨਿਹਚਲੁ ਸਚੁ ਸਾਧ ਸੰਗ ਪਾਇਆ ॥ ਨਾਨਕ ਤੇ ਜਨ ਨਹ ਡੋਲਾਇਆ ॥੨੯॥ ਡੱਡੇ ਅੱਖਰ ਦੁਆਰਾ ਉਪਦੇਸ਼ ਹੈ, (ਹੇ ਜੀਵ!) ਇਹ ਸੰਸਾਰ ਸਦਾ ਰਹਿਣ ਵਾਲਾ ਟਿਕਾਣਾ ਨਹੀ ਹੈ, ਜਿੱਥੇ (ਪ੍ਰਲੋਕ ਵਿਚ ਤੇਰਾ ਸਦੀਵੀ) ਟਿਕਾਣਾ ਹੈ, ਉਸ ਨੂੰ (ਤੂੰ) ਸਮਝ। ਉਸ ਡੇਰੇ ਦੀ ਪ੍ਰਾਪਤੀ ਦਾ ਜੋ ਉਪਾਉ ਹੈ, (ਉਹ) ਗੁਰੂ ਦੇ ਸ਼ਬਦ ਦੁਆਰਾ ਪਛਾਣ ਲੈ। ਇਸ ਦੁਨਿਆਵੀ ਡੇਰੇ ਨੂੰ ਮਿਹਨਤ ਕਰਕੇ ਬਣਾਉਂਦਾ ਹੈਂ। (ਪਰ ਮੌਤ ਆਇਆਂ) ਜਿਸ ਦਾ ਰੱਤਾ ਭਰ (ਸਮਾਨ) ਨਾਲ ਨਹੀ ਜਾਂਦਾ। ਉਸ ਡੇਰੇ ਦੀ ਕਦਰ ਉਹ ਮਨੁੱਖ ਹੀ ਜਾਣਦਾ ਹੈ। ਜਿਸ ਉਪਰ ਪੂਰਨ ਪ੍ਰਭੂ ਦੀ ਕ੍ਰਿਪਾ ਦ੍ਰਿਸਟੀ ਹੁੰਦੀ ਹੈ। (ਜਿਸ ਪੁਰਖ ਨੇ) ਸਾਧ ਸੰਗਤ ਦੁਆਰਾ ਸੱਚਾ ਅਚੱਲ ਟਿਕਾਣਾ (ਪਰਮ ਪਦ; ਪ੍ਰਭੂ) ਪਾ ਲਿਆ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਉਹ ਪੁਰਖ ਕਦੇ ਡੋਲਦਾ ਨਹੀਂ।੨੯।

ਪਦਾਰਥ = ਡੰਡਉਤ–ਡੰਡੇ ਵਾਂਗ ਸਿੱਧੇ ਲੇਟ ਕੇ। ਬੰਦਨਾ–ਨਮਸ਼ਕਾਰ; ਮੱਥਾ ਟੇਕਣਾ। ਸਰਬ ਕਲਾ ਸਮਰਥ–ਸਾਰੀਆਂ ਸ਼ਕਤੀਆਂ

All Rights Reserved by Harjinder Singh Gyani | www.GuruGranthVakhyaan.org

ਵਾਲਾ।ਡੋਲਨ ਤੇ-(ਮਨ ਨੂੰ) ਡੋਲਣ ਤੋਂ।੧।ਪਉੜੀ।ਡੇਰਾ-ਘਰ; ਟਿਕਾਣਾ; ਰਹਿਣ ਵਾਲਾ ਅਸਥਾਨ।ਜਹ-ਜਿੱਥੇ।ਤਹ-ਉਸ ਨੂੰ। ਉਆ-ਉਸ।ਸੰਜਮੋ-ਉਪਾਉ; ਸਾਧਨ; ਤਰੀਕਾ।ਇਆ-ਇਸ।ਸ੍ਰਮੁ ਕਰਿ-ਮਿਹਨਤ ਕਰਕੇ; ਜਤਨ ਕਰਕੇ।ਘਾਲੈ-ਬਣਾਉਂਦਾ ਹੈਂ ।ਜਾ ਕਾ-ਜਿਸ ਦਾ।ਤਸੂ-ਥੋੜਾ ਜਿਹਾ (ਇਮਾਰਤੀ ਗਜ ਦਾ ਚੌਵੀਵਾਂ ਹਿੱਸਾ); ਦੋ ਸੂਤ ਜਿਤਨਾ।ਉਆ-ਉਸ।ਸੋ-ਉਹ (ਮਨੁੱਖ)। ਮਿਤਿ-ਕਦਰ; ਕੀਮਤ; (ਪ੍ਰਾਪਤੀ ਦੀ) ਮਰਿਆਦਾ।ਨਿਹਚਲੁ-ਅਚੱਲ।ਤੇ-ਉਹ।੨੯।

ਸਲੋਕੁ ॥ ਢਾਹਨ ਲਾਗੇ ਧਰਮਰਾਇ, ਕਿਨਹਿ ਨ ਘਾਲਿਓ ਬੰਧ ॥ ਨਾਨਕ ਉਬਰੇ ਜਪਿ ਹਰੀ, ਸਾਧ ਸੰਗਿ ਸਨਬੰਧ ॥੧॥ (ਹੇ ਭਾਈ ! ਜਦ ਸਰੀਰ ਸਰੀਰ ਰੂਪ ਮੰਦਰ ਨੂੰ) ਧਰਮਰਾਜ ਦੇ ਦੂਤ ਢਾਹੁਣ ਲੱਗੇ ਭਾਵ ਸਰੀਰ ਵਿਚੋਂ ਜਿੰਦ ਕੱਢਣ ਲੱਗੇ, ਤਾਂ (ਨਾਲ ਰਹਿੰਦੇ ਮਿਤ੍ਰ ਜਾਂ ਸਬੰਧੀ) ਕਿਸੇ ਨੇ ਰੋਕ ਨਹੀਂ ਪਾਈ (ਜਮ ਦੂਤਾਂ ਨੂੰ ਕੋਈ ਰੋਕ ਨਹੀਂ ਸਕਿਆ।ਪਰ ਜਿਨ੍ਹਾਂ ਪੁਰਖਾਂ ਦਾ) ਸਾਧ ਸੰਗਤ ਨਾਲ ਮੇਲ ਹੋਇਆ ਹੈ, ਉਹ ਹਰੀ ਨੂੰ ਜਪ ਕੇ (ਜਮ ਦੂਤਾਂ ਦੀ ਮਾਰ ਤੋਂ) ਬਚ ਗਏ ਹਨ; ਜੋ ਪੁਰਸ਼ ਹਰੀ ਨਾਮ ਕੋ ਜਪ ਕਰ ਉਬਰੇ ਹੈਂ, ਤਿਨ ਕੋ ਧਰਮਰਾਇ ਕੀ ਢਾਹ ਨਹੀਂ ਲਗਤੀ ਭਾਵ ਧਰਮਰਾਜਾ ਕਾ ਤਿਨ ਪਰ ਹੁਕਮ ਨਹੀਂ ਹੈ ਔਰ ਕਾਮ ਕ੍ਰੋਧਾਦਿਕ ਕਿਸੀ ਵਿਸ਼ੇ ਨੇ ਭੀ ਤਿਨ ਕੋ ਬੰਧਨ ਨਹੀ ਪਾਇਆ (ਫ.ਸ.)।੧।

ਪਉੜੀ ॥ ਢਢਾ ਢੂਢਤ ਕਹ ਫਿਰਹੁ ,ਢੂਢਨੁ ਇਆ ਮਨ ਮਾਹਿ ॥ ਸੰਗਿ ਤੁਹਾਰੈ ਪ੍ਰਭੁ ਬਸੈ, ਬਨੁ ਬਨੁ ਕਹਾ ਫਿਰਾਹਿ ॥ ਢੇਰੀ ਢਾਹਹੁ ਸਾਧ ਸੰਗਿ, ਅਹੰਬੁਧਿ ਬਿਕਰਾਲ ॥ ਸੁਖੁ ਪਾਵਹੁ ਸਹਜੇ ਬਸਹੁ ,ਦਰਸਨੁ ਦੇਖਿ ਨਿਹਾਲ ॥ ਢੇਰੀ ਜਾਮੈ ਜਮਿ ਮਰੈ, ਗਰਭ ਜੋਨਿ ਦੁਖ ਪਾਇ ॥ਮੋਹ ਮਗਨ ਲਪਟਤ ਰਹੈ, ਹਉ ਹਉ ਆਵੈ ਜਾਇ ॥ ਢਹਤ ਢਹਤ ਅਬ ਢਹਿ ਪਰੇ, ਸਾਧ ਜਨਾ ਸਰਨਾਇ ॥ ਦੁਖ ਕੇ ਫਾਹੇ ਕਾਟਿਆ, ਨਾਨਕ ਲੀਏ ਸਮਾਇ ॥੩੦॥ ਢੱਢੇ ਅੱਖਰ ਦੁਆਰਾ ਉਪਦੇਸ਼ ਹੈ (ਕਿ ਹੇ ਭਾਈ! ਤੁਸੀਂ ਪ੍ਰਭੂ ਨੂੰ ਬਾਹਰ) ਕਿੱਥੇ ਢੂੰਢਦੇ ਫਿਰਦੇ ਹੋ?(ਉਸ ਦਾ) ਢੂੰਢਨ ਇਸ ਮਨ ਵਿਚ ਕਰੋ।ਪ੍ਰਭੂ ਤੁਹਾਡੇ ਨਾਲ ਹੀ ਵਸਦਾ ਹੈ, ਜੰਗਲ ਜੰਗਲ ਕਿਉਂ ਖੋਜਦੇ ਫਿਰਦੇ ਹੋ?ਸਾਧ ਸੰਗਤ ਦੁਆਰਾ ਭਿਆਨਕ ਹੰਕਾਰ ਵਾਲੀ ਬੁਧੀ ਦੀ ਢੇਰੀ ਢਾਹ ਦਿਓ।(ਫਿਰ ਤੁਸੀਂ) ਸੁਖ ਪਾ ਲਵੋਗੇ ਤੇ ਸਹਿਜ ਅਵਸਥਾ ਵਿਚ ਵਸ ਜਾਓਗੇ ਅਤੇ (ਪ੍ਰਭੂ ਦਾ) ਦਰਸ਼ਨ ਦੇਖ ਕੇ ਨਿਹਾਲ ਹੋ ਜਾਵੋਗੇ।(ਹੰਕਾਰ ਦੀ ਢੇਰੀ ਕਰਕੇ ਮਨੁੱਖ ਮੁੜ) ਜਨਮ ਲੈਂਦਾ ਹੈ ਤੇ ਜੰਮ ਕੇ (ਫਿਰ) ਮਰਦਾ ਹੈ; ਜਿਸਦੇ ਅੰਦਰ ਹਉਮੈ ਦੀ ਢੇਰੀ ਜੰਮੀ ਹੋਈ ਹੈ ਵਾ ਕੱਠੀ ਹੋ ਰਹੀ ਹੈ, ਉਹ ਮਰਦਾ ਹੈ (ਫ.ਸ.) ਤੇ ਗਰਭ ਜੋਨੀਆਂ ਵਿਚ ਪੈ ਕੇ ਦੁਖ ਪਾਉਂਦਾ ਰਹਿੰਦਾ ਹੈ।(ਜਦ ਤਕ ਮਨੁੱਖ) ਮੋਹ ਵਿਚ ਮਗਨ ਤੇ (ਵਿਸ਼ਿਆਂ ਵਿਚ) ਲਿਪਟਿਆ ਰਹਿੰਦਾ ਹੈ ਅਤੇ ਮੈਂ ਮੈਂ ਕਰਦਾ ਹੈ, (ਤਦ ਤਕ ਇਹ) ਆਉਂਦਾ ਜਾਂਦਾ ਭਾਵ ਜੰਮਦਾ ਮਰਦਾ ਰਹਿੰਦਾ ਹੈ।(ਜਿਹੜੇ ਮਨੁੱਖ) ਡਿਗਦੇ ਡਿਗਦੇ (ਸਰੀਰ ਦੇ ਕਮਜ਼ੋਰ ਹੁੰਦੇ ਹੁੰਦੇ) ਸਾਧੂ ਜਨਾਂ ਦੀ ਸ਼ਰਣ ਵਿਚ ਢਹਿ ਪਏ ਹਨ।ਨਾਨਕ ਗੁਰੂ ਜੀ ਆਖਦੇ ਹਨ (ਕਿ ਪ੍ਰਭੂ ਨੇ ਉਨ੍ਹਾਂ ਦੇ ਹਉਮੈ ਤੋਂ ਪੈਦਾ ਹੋਏ) ਦੁਖਾਂ ਦੇ ਫਾਹੇ ਕੱਟ ਦਿਤੇ ਹਨ ਅਤੇ ਅਪਣੇ ਵਿਚ ਲੀਨ ਕਰ ਲਏ ਹਨ।੩੦।

ਪਦਾਰਥ = ਢਾਹਨ ਲਾਗੇ-ਢਾਹੁਣ (ਨਾਸ਼ ਕਰਨ) ਲੱਗੇ; ਜਿੰਦ ਕਢਣ ਲੱਗੇ; (ਵਿਕਾਰਾਂ ਦੇ ਹੜ੍ਹ ਦੀ) ਢਾਹ ਨਹੀਂ ਲਗਦੀ (ਦਰਪਣ) ।ਕਿਨਹਿ-ਕਿਸੇ ਨੇ ਵੀ।ਨ ਘਾਲਿਓ-ਨਹੀਂ ਪਾਇਆ।ਬੰਧ-ਰੋਕ।ਉਬਰੇ-ਬਚ ਗਏ।ਸਨਬੰਧ-ਸਬੰਧ; ਮੇਲ।੧।ਪਉੜੀ।ਢੂਢਤ-ਖੋਜਦੇ ਹੋ।ਕਹ-ਕਿਉਂ; ਕਿੱਥੇ।ਢੂਢਨ-ਖੋਜ ਕਰੋ।ਇਆ-ਇਸ।ਬਨੁ ਬਨੁ-ਜੰਗਲ ਜੰਗਲ।ਢੇਰੀ-ਉਚੀ ਢੇਰੀ; ਟਿੱਬਾ ਭਾਵ ਹੰਕਾਰ ਵਾਲੀ ਬੁੱਧੀ ਦੀ ਢੇਰੀ।ਢਾਹਹੁ-ਢਾਹ ਦਿਓ।ਬਿਕਰਾਲ-ਬਹੁਤ ਭਿਆਨਕ।ਸਹਜੇ-ਸਹਿਜ ਅਵਸਥਾ।ਨਿਹਾਲ-ਪ੍ਰਸੰਨ।ਜਾਮੈ-ਜੰਮਦਾ ਹੈ।ਜਮਿ-ਜੰਮ ਕੇ।ਮਗਨ-ਮਸਤ ਹੋ ਕੇ।ਲਪਟਤ ਰਹੈ-ਫਸਿਆ ਰਹਿੰਦਾ ਹੈ।ਹਉ ਹਉ-ਮੈਂ ਮੈਂ।ਢਹਤ ਢਹਤ-ਡਿਗਦੇ ਡਿਗਦੇ। ਢਹਿ ਪਏ-ਡਿਗ ਪਏ।ਫਾਹੇ-(ਗਲਾਂ ਵਿਚ ਪਏ ਦੁੱਖਾਂ ਦੇ) ਰੱਸੇ।ਲੀਏ ਸਮਾਇ-ਲੀਨ ਕਰ ਲਏ।੩੦।

ਸਲੋਕੁ ॥ ਜਹ ਸਾਧੂ ਗੋਬਿੰਦ ਭਜਨੁ ,ਕੀਰਤਨੁ ਨਾਨਕ ਨੀਤ ॥ ਣਾ ਹਉ ਣਾ ਤੂੰ ਣਹ ਛੁਟਹਿ, ਨਿਕਟਿ ਨ ਜਾਈਅਹੁ ਦੂਤ ॥੧॥ ਨਾਨਕ ਗੁਰੂ ਜੀ ਆਖਦੇ ਹਨ, (ਧਰਮਰਾਜ ਅਪਣੇ ਦੂਤਾਂ ਨੂੰ ਹੁਕਮ ਦਿੰਦਾ ਹੈ ਕਿ) ਜਿੱਥੇ ਸਾਧੂ ਜਨ ਵਾਹਿਗੁਰੂ ਦਾ ਭਜਨ ਕਰਦੇ ਹਨ, ਤੇ (ਜਿਸ ਥਾਂ) ਹਰ ਰੋਜ਼ ਕੀਰਤਨ ਹੁੰਦਾ ਹੈ।ਹੇ ਦੂਤੋ! (ਤੁਸੀਂ ਉਸ ਥਾਂ ਦੇ) ਨੇੜੇ ਨਹੀਂ ਜਾਣਾ, (ਜੇ ਤੁਸੀਂ ਗਏ ਤਾਂ) ਨਾ ਮੈਂ, ਨਾ ਹੀ ਤੁਸੀਂ (ਪ੍ਰਭੂ ਦੀ ਸਜਾ ਤੋਂ) ਛੁੱਟ ਸਕਾਂਗੇ (ਬਚ ਨਹੀਂ ਸਕਾਂਗੇ)।੧।(ਦਰਪਣ ਨੇ ਵੀ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)

ਪਉੜੀ ॥ ਣਾਣਾ ਰਣ ਤੇ ਸੀਝੀਐ, ਆਤਮ ਜੀਤੈ ਕੋਇ ॥ ਹਉਮੈ ਅਨ ਸਿਉ ਲਰਿ ਮਰੈ, ਸੋ ਸੋਭਾਦੂ ਹੋਇ ॥ ਮਣੀ ਮਿਟਾਇ ਜੀਵਤ ਮਰੈ, ਗੁਰ ਪੂਰੇ ਉਪਦੇਸ ॥ ਮਨੂਆ ਜੀਤੈ ਹਰਿ ਮਿਲੈ, ਤਿਹ ਸੂਰਤਣ ਵੇਸ ॥ ਣਾ ਕੋ ਜਾਣੈ ਆਪਣੋ, ਏਕਹਿ ਟੇਕ ਅਧਾਰ ॥ ਰੈਣਿ ਦਿਣਸੁ ਸਿਮਰਤ ਰਹੈ, ਸੋ ਪ੍ਰਭੁ ਪੁਰਖੁ ਅਪਾਰ ॥ ਰੇਣ ਸਗਲ ਇਆ ਮਨੁ ਕਰੈ, ਏਊ ਕਰਮ ਕਮਾਇ ॥ ਹੁਕਮੈ ਬੂਝੈ ਸਦਾ ਸੁਖੁ ,ਨਾਨਕ ਲਿਖਿਆ ਪਾਇ ॥੩੧॥ ਣਾਣੇ ਅੱਖਰ ਦੁਆਰਾ ਉਪਦੇਸ਼ ਹੈ ਕਿ ਸੰਸਾਰ ਵਿਚ ਕਾਮਾਦਿਕਾਂ ਨਾਲ ਹੋ ਰਹੇ ਜੰਗ ਤੋਂ ਤਦ ਹੀ ਜਿਤ ਸਕੀਦਾ ਹੈ, (ਜੇ) ਕੋਈ ਮਨੁੱਖ ਅਪਣੀ ਆਤਮਾ ਨੂੰ ਜਿਤ ਲਵੇ।(ਜਿਹੜਾ ਪੁਰਖ) ਹਉਮੈ ਤੇ ਦੁਐਤ ਭਾਵ ਨਾਲ ਲੜ ਕੇ

All Rights Reserved by Harjinder Singh Gyani | www.GuruGranthVakhyaan.org

(ਜੀਵਤ ਭਾਵ ਤੋਂ) ਮਰਦਾ ਹੈ, ਉਹ ਅਤੀ ਉਤਮ ਸੂਰਮਾ ਹੁੰਦਾ ਹੈ; ਉਸ ਦੀ ਸੋਭਾ ਦੂਣੀ (ਜਾਂ ਦੋਹਾਂ ਲੋਕਾਂ ਵਿਚ) ਹੁੰਦੀ ਹੈ (ਸੰ.ਸ.; ਫ.ਸ.; ਟਕਸਾਲ)। ਪੂਰੇ ਗੁਰੂ ਦੇ ਉਪਦੇਸ਼ ਦੁਆਰਾ (ਜੇ ਕੋਈ ਪੁਰਖ ਅਪਣੀ) ਮੈਂ ਨੂੰ ਮਿਟਾ ਕੇ ਜੀਵਤ ਭਾਵ ਤੋਂ ਮਰ ਜਾਂਦਾ ਹੈ। (ਅਤੇ) ਮਨ ਨੂੰ ਜਿਤ ਲੈਂਦਾ ਹੈ, ਹਰੀ ਨੂੰ ਮਿਲਦਾ ਹੈ, ਉਸ ਦਾ ਸੂਰਮਿਆਂ ਵਾਲਾ ਵੇਸ (ਸਫਲ) ਹੈ; ਉਸ ਨੂੰ ਬਹਾਦਰੀ ਦੀ ਪੁਸ਼ਾਕ ਮਿਲਦੀ ਹੈ। (ਉਹ ਸੰਸਾਰ ਵਿਚ) ਕਿਸੇ ਨੂੰ ਅਪਣਾ ਨਹੀਂ ਜਾਣਦਾ, (ਕੇਵਲ) ਇਕ ਵਾਹਿਗੁਰੂ ਦੀ ਟੇਕ ਅਤੇ ਆਸਰਾ ਰਖਦਾ ਹੈ। ਉਹ ਜੋ ਵਿਆਪਕ ਬੇਅੰਤ ਪ੍ਰਭੂ ਹੈ, (ਉਸ ਨੂੰ) ਦਿਨ ਰਾਤ ਸਿਮਰਦਾ ਰਹਿੰਦਾ ਹੈ। (ਅਪਣੇ) ਇਸ ਮਨ ਨੂੰ ਸਭ ਦੇ ਚਰਨਾਂ ਦੀ ਧੂੜ ਬਣਾਉਂਦਾ ਹੈ, ਇਹੋ ਜਿਹੇ ਕਰਮ ਕਮਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਕਿ ਜੋ ਪੁਰਖ ਪ੍ਰਭੂ ਦੇ) ਹੁਕਮ ਨੂੰ ਬੁੱਝ ਲੈਂਦਾ ਹੈ, (ਉਹ) ਸਦਾ ਸੁਖ ਪਾਉਂਦਾ ਹੈ, (ਪਰ ਇਹ ਸਭ ਉਹ ਪਿਛਲੇ ਕਰਮਾਂ ਦਾ) ਲਿਖਿਆ ਹੋਇਆ ਹੀ ਪ੍ਰਾਪਤ ਕਰਦਾ ਹੈ।੩੧।

ਪਦਾਰਥ = ਜਹ–ਜਿਥੇ। ਨੀਤ–ਨਿੱਤ; ਰੋਜ। ਣਾ ਹਉ–ਨਾ ਮੈਂ। ਣਹ–ਨਹੀਂ। ਛੁਟਹਿ–ਬਚਾਂਗੇ। ਨਿਕਟਿ–ਨੇੜੇ। ਦੂਤ–ਹੇ ਦੂਤੋ!।੧। ਪਉੜੀ। ਰਣ ਤੇ–(ਜਗਤ ਦੀ) ਰਣ ਭੂਮੀ ਤੋਂ। ਸੀਝੀਐ–ਜਿੱਤੀਦਾ ਹੈ। ਅਨ–ਹੋਰ; ਦੁਐਤ ਭਾਵ। ਸਿਉ–ਨਾਲ। ਸੋਭਾਦੂ–ਭੱਦਰ ਪੁਰਸ਼ ;ਦੂਣੀ ਸੋਭਾ; ਦੋਹਾਂ ਲੋਕਾਂ ਵਿਚ ਸੋਭਾ; ਕਲਿਆਣ ਵਾਲਾ। ਭਾਦੂ–ਕਲਿਆਣ (ਸੰ.ਸ.; ਫ.ਸ.)। ਮਣੀ–ਮੈਂ ਪੁਣਾ; ਮਮਤਾ। ਤਿਹ–ਉਸ ਦਾ। ਸੁਰਤਣ–(ਸੁਰੱਤਣ ਬੋਲੋ) ਬਹਾਦਰੀ। ਵੇਸ–ਵਰਦੀ; ਪੁਸ਼ਾਕ (ਸਿਰੋਪਾ); ਮੈਡਲ। ਕੋ–ਕਿਸੇ ਨੂੰ। ਅਪਾਰੁ–ਪਾਰ ਰਹਿਤ (ਪ੍ਰਕਿਰਤੀ ਤੋਂ ਪਰੇ); ਬੇਅੰਤ। ਰੇਣ–ਚਰਨ ਧੂੜ। ਇਆ–ਇਸ। ਏਊ–ਇਹੋ ਜਿਹੇ।੩੧।

ਸਲੋਕੁ ॥ ਤਨੁ ਮਨੁ ਧਨੁ ਅਰਪਉ ਤਿਸੈ, ਪ੍ਰਭੂ ਮਿਲਾਵੈ ਮੋਹਿ ॥ ਨਾਨਕ ਭ੍ਰਮ ਭਉ ਕਾਟੀਐ, ਚੂਕੈ ਜਮ ਕੀ ਜੋਹ ॥੧॥ (ਜਿਹੜਾ ਗੁਰੂ) ਮੈਨੂੰ ਪ੍ਰਭੂ ਮਿਲਾ ਦੇਵੇ, ਉਸ ਨੂੰ (ਮੈਂ ਅਪਣਾ) ਤਨ ਮਨ ਤੇ ਧਨ ਅਰਪ ਦਿਆਂ। ਨਾਨਕ ਗੁਰੂ ਜੀ ਆਖਦੇ ਹਨ, (ਗੁਰੂ ਦੀ ਸ਼ਰਣ ਵਿਚ ਪੈ ਕੇ ਜੇ) ਭਰਮ ਤੇ ਡਰ ਕੱਟ ਦੇਈਏ, ਤਾਂ ਜਮ ਦੀ ਤਾੜਨਾ ਵੀ ਮੁੱਕ ਜਾਂਦੀ ਹੈ।੧।

ਪਉੜੀ ॥ ਤਤਾ ਤਾ ਸਿਉ ਪ੍ਰੀਤਿ ਕਰਿ, ਗੁਣ ਨਿਧਿ ਗੋਬਿਦ ਰਾਇ ॥ ਫਲ ਪਾਵਹਿ ਮਨ ਬਾਛਤੇ, ਤਪਤਿ ਤੁਹਾਰੀ ਜਾਇ ॥ ਤੱਤੇ ਅੱਖਰ ਦੁਆਰਾ ਫੁਰਮਾਉਂਦੇ ਹਨ ਕਿ ਉਸ ਨਾਲ ਪ੍ਰੇਮ ਕਰ, ਜੋ ਗੁਣਾਂ ਦਾ ਖਜਾਨਾ ਪ੍ਰਭੂ ਪਾਤਸ਼ਾਹ ਹੈ। (ਫਿਰ ਤੂੰ) ਮਨ ਬਾਂਛਤ ਫਲ ਪਾ ਲਵੇਂਗਾ ਤੇ ਤੇਰੇ ਮਨ ਦੀ ਤਪਸ਼ ਵੀ ਦੂਰ ਚਲੀ ਜਾਵੇਗੀ।

ਅੰਗ ੨੫੭ = ਤ੍ਰਾਸ ਮਿਟੈ ਜਮ ਪੰਥ ਕੀ, ਜਾਸੁ ਬਸੈ ਮਨਿ ਨਾਉ ॥ ਗਤਿ ਪਾਵਹਿ ਮਤਿ ਹੋਇ ਪ੍ਰਗਾਸ, ਮਹਲੀ ਪਾਵਹਿ ਠਾਉ ॥ ਤਾਹੂ ਸੰਗਿ ਨ ਧਨੁ ਚਲੈ, ਗ੍ਰਿਹ ਜੋਬਨ ਨਹ ਰਾਜ ॥ ਸੰਤ ਸੰਗਿ ਸਿਮਰਤ ਰਹਹੁ ,ਇਹੈ ਤੁਹਾਰੈ ਕਾਜ ॥ ਤਾਤਾ ਕਛੂ ਨ ਹੋਈ ਹੈ, ਜਉ ਤਾਪ ਨਿਵਾਰੈ ਆਪ ॥ ਪ੍ਰਤਿਪਾਲੈ ਨਾਨਕ ਹਮਹਿ, ਆਪਹਿ ਮਾਈ ਬਾਪ ॥੩੨॥ (ਉਸ ਮਨੁੱਖ ਦੇ ਮਨ ਵਿਚੋਂ) ਜਮਾਂ ਦੇ ਰਸਤੇ ਦਾ ਡਰ ਮਿਟ ਜਾਂਦਾ ਹੈ, ਜਿਸਦੇ ਮਨ ਵਿਚ ਵਾਹਿਗੁਰੂ ਦਾ ਨਾਮ ਵਸ ਜਾਂਦਾ ਹੈ। (ਫਿਰ ਉਸ ਦੀ) ਬੁੱਧੀ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ (ਤੇ ਉਹ) ਪਰਮ ਗਤੀ ਪ੍ਰਾਪਤ ਕਰ ਲੈਂਦਾ ਹੈ ਅਤੇ ਪ੍ਰਭੂ ਦੇ ਮਹਿਲਾਂ ਵਿਚ ਥਾਂ ਪਾ ਲੈਂਦਾ ਹੈ। (ਪ੍ਰਭੂ ਦੇ ਮਹਿਲਾਂ ਵਿਚ) ਤੇਰੇ ਨਾਲ ਨਾ ਧਨ, ਨਾ ਘਰ, ਨਾ ਜਵਾਨੀ ਤੇ ਨਾ ਹੀ ਰਾਜ ਜਾਣਾ ਹੈ। (ਇਸ ਲਈ ਤੂੰ) ਸੰਤਾਂ ਦੀ ਸੰਗਤ ਵਿਚ ਵਾਹਿਗੁਰੂ ਦਾ ਨਾਮ ਸਿਮਰਦਾ ਰਹੁ ,ਇਹੋ ਹੀ (ਅਸਲ ਵਿਚ) ਤੇਰੇ ਕੰਮ ਆਉਣ ਵਾਲਾ ਹੈ। ਜੇ ਕੋਈ (ਮਨੁੱਖ) ਆਪਾ ਭਾਵ ਦਾ ਤਾਪ ਮਿਟਾ ਲਵੇ; ਜੇ ਆਪ (ਪ੍ਰਭੂ ਕ੍ਰਿਪਾ ਕਰਕੇ ਮਨੁੱਖ ਦੇ ਤਿੰਨ ਤਰ੍ਹਾਂ ਦੇ) ਤਾਪ ਦੂਰ ਕਰ ਦੇਵੇ (ਤਾਂ ਉਸ ਨੂੰ) ਸਾੜਾ ਆਦਿ ਕੁਛ ਨਹੀਂ ਹੁੰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ) ਸਾਨੂੰ ; ਸਭ ਨੂੰ ਪਾਲਦਾ ਹੈ, (ਕਿਉਂਕਿ ਉਹ ਸਭ ਦਾ) ਆਪ ਹੀ ਮਾਂ ਬਾਪ ਹੈ।੩੨।

ਪਦਾਰਥ = ਅਰਪਉ–ਭੇਟਾ ਕਰ ਦੇਵਾਂ। ਤਿਸੈ–ਉਸ ਨੂੰ। ਮੋਹਿ–ਮੈਨੂੰ। ਭਉ–ਡਰ। ਜੋਹ–ਤਾੜਨਾ; ਘੁਰਕੀ।੧। ਪਉੜੀ। ਤਾ ਸਿਉ– ਉਸ ਨਾਲ। ਗੁਣ ਨਿਧਿ–ਗੁਣਾਂ ਦਾ ਖਜਾਨਾ। ਗੋਬਿਦ ਰਾਇ–ਪ੍ਰਭੂ ਪਾਤਸ਼ਾਹ। ਮਨ ਬਾਛਤੇ–ਮਨ ਮੰਗੇ। ਤਪਤਿ–ਜਲਨ। ਤੁਹਾਰੀ–ਤੇਰੀ ।ਤ੍ਰਾਸ–ਡਰ। ਪੰਥ–ਰਸਤਾ। ਜਾਸੁ–ਜਿਸ ਦੇ। ਗਤਿ–ਪਰਮ ਗਤੀ। ਮਤਿ–ਬੁੱਧੀ ਵਿਚ। ਮਹਲੀ–ਮਹਿਲਾਂ ਵਿਚ। ਠਾਉ–ਟਿਕਾਣਾ। ਤਾਹੂ – ਤੇਰੇ। ਗ੍ਰਿਹ–ਘਰ। ਤਾਤਾ–ਸਾੜਾ; ਕਲੇਸ਼। ਜਉ–ਜੇ; ਜਦ। ਨਿਵਾਰੈ–ਦੂਰ ਕਰ ਦੇਵੇ। ਹਮਹਿ–ਸਾਡਾ; ਸਭ ਦਾ (ਫਾ.)।੩੨।

ਸਲੋਕੁ ॥ ਥਾਕੇ ਬਹੁ ਬਿਧਿ ਘਾਲਤੇ, ਤ੍ਰਿਪਤਿ ਨ ਤ੍ਰਿਸਨਾ ਲਾਥ ॥ ਸੰਚਿ ਸੰਚਿ ਸਾਕਤ ਮੂਏ, ਨਾਨਕ ਮਾਇਆ ਨ ਸਾਥ ॥੧॥(ਸਾਕਤ ਪੁਰਸ਼ ਮਾਇਆ ਦੀ ਪ੍ਰਾਪਤੀ ਵਾਸਤੇ) ਬਹੁਤ ਤਰ੍ਹਾਂ ਦੀ ਕਮਾਈ ਕਰਦੇ ਥੱਕ ਗਏ ਹਨ, (ਪਰ ਉਹ) ਰੱਜੇ ਨਹੀਂ, (ਕਿਉਂਕਿ ਉਨ੍ਹਾਂ ਦੀ) ਤ੍ਰਿਸ਼ਨਾ ਨਹੀਂ ਮਿਟਦੀ; ਨਾ (ਉਨ੍ਹਾਂ ਦੀ) ਤ੍ਰਿਸ਼ਨਾ ਲੱਥੀ ਹੈ ਤੇ ਨਾ ਹੀ (ਉਹ) ਰੱਜੇ ਹਨ। ਗੁਰੂ ਜੀ ਕਥਨ ਕਰਦੇ ਹਨ, ਸਾਕਤ ਲੋਕ ਮਾਇਆ ਇਕੱਠੀ ਕਰਦੇ ਕਰਦੇ ਮਰ ਗਏ ਹਨ, (ਪਰ ਮਰਨ ਉਪਰੰਤ) ਮਾਇਆ ਕਿਸੇ ਦੇ ਨਾਲ ਨਹੀਂ ਗਈ।੧।

ਪਉੜੀ ॥ ਥਥਾ ਥਿਰੁ ਕੋਊ ਨਹੀ, ਕਾਇ ਪਸਾਰਹੁ ਪਾਵ ॥ ਅਨਿਕ ਬੰਚ ਬਲ ਛਲ ਕਰਹੁ ,ਮਾਇਆ ਏਕ ਉਪਾਵ ॥ ਥੈਲੀ ਸੰਚਹੁ ਸ੍ਰਮੁ ਕਰਹੁ ,ਥਾਕਿ ਪਰਹੁ ਗਾਵਾਰ ॥ ਮਨ ਕੈ ਕਾਮਿ ਨ ਆਵਈ, ਅੰਤੇ ਅਉਸਰ ਬਾਰ ॥ ਥਿਤਿ ਪਾਵਹੁ ਗੋਬਿਦ ਭਜਹੁ ,ਸੰਤਹ ਕੀ

ਸਿਖ ਲੇਹੁ ॥ ਪ੍ਰੀਤਿ ਕਰਹੁ ਸਦ ਏਕ ਸਿਉ ,ਇਆ ਸਾਚਾ ਅਸਨੇਹੁ ॥ ਕਾਰਨ ਕਰਨ ਕਰਾਵਨੋ, ਸਭ ਬਿਧਿ ਏਕੈ ਹਾਥ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ, ਨਾਨਕ ਜੰਤ ਅਨਾਥ ॥੩੩॥ ਥੱਥੇ ਅਖਰ ਦੁਆਰਾ ਉਪਦੇਸ਼ ਹੈ ਕਿ (ਹੇ ਸਾਕਤ ਪੁਰਸ਼! ਇਥੇ ਸੰਸਾਰ ਵਿਚ) ਕੋਈ ਵੀ ਸਦਾ ਟਿਕਿਆ ਰਹਿਣ ਵਾਲਾ ਨਹੀਂ ਹੈ, (ਇਸ ਲਈ ਤੁਸੀਂ) ਕਿਸ ਵਾਸਤੇ ਪੈਰ ਪਸਾਰਦੇ ਹੋ? ਇਕ ਮਾਇਆ (ਇਕੱਠੀ ਕਰਨ ਦੇ) ਜਤਨਾਂ ਵਾਸਤੇ ਅਨੇਕਾਂ ਠੱਗੀਆਂ ਤੇ ਧੋਖਾ ਕਰਦੇ ਹੋ। ਹੇ ਮੂਰਖੋ! (ਤੁਸੀਂ) ਮਾਇਆ ਕੱਠੀ ਕਰਦੇ ਹੋ ,ਜਤਨ ਕਰਦੇ ਹੋਏ ਥੱਕ ਕੇ ਡਿਗ ਪੈਂਦੇ ਹੋ। (ਪਰ ਇਹ ਮਾਇਆ) ਅੰਤ ਵੇਲੇ ਦੇ ਦਿਨ ਮਨ ਦੇ ਕੰਮ ਨਹੀਂ ਆਵੇਗੀ। (ਹੇ ਭਾਈ!) ਸੰਤਾਂ ਦੀ ਸਿਖਿਆ ਲਵੋ, ਗੋਬਿੰਦ ਦਾ ਭਜਨ ਕਰੋ, (ਤਾਂ ਤੁਸੀਂ ਮਾਨਸਿਕ) ਟਿਕਾਉ ਪਾ ਲਵੋਂਗੇ। ਸਦਾ ਇਕ ਪ੍ਰਭੂ ਨਾਲ ਪ੍ਰੀਤ ਕਰੋ, (ਕਿਉਂਕਿ) ਇਹੋ ਹੀ ਸੱਚਾ ਪ੍ਰੇਮ ਹੈ। ਕਾਰਨ ਰੂਪ ਵਾਹਿਗੁਰੂ (ਸਭ ਕੁਛ ਆਪ) ਕਰਨ ਵਾਲਾ ਤੇ (ਜੀਵਾਂ ਤੋਂ) ਕਰਾਉਣ ਵਾਲਾ ਹੈ, ਸਾਰੀਆਂ ਬਿਧੀਆਂ ਇਕ ਵਾਹਿਗੁਰੂ ਦੇ ਹੱਥ ਵਿਚ ਹਨ। ਨਾਨਕ ਗੁਰੂ ਜੀ ਆਖਦੇ ਹਨ, (ਹੇ ਪ੍ਰਭੂ! ਇਹ) ਵਿਚਾਰੇ ਜੀਵ ਅਨਾਥ ਹਨ, ਜਿਸ ਜਿਸ ਪਾਸੇ (ਤੁਸੀਂ ਇਨ੍ਹਾਂ ਜੀਵਾਂ ਨੂੰ) ਲਾਉਂਦੇ ਹੋ, ਉਸ ਉਸ ਪਾਸੇ ਹੀ (ਇਹ) ਲਗਦੇ ਹਨ।੩੩।

ਪਦਾਰਥ = ਬਹੁ ਬਿਧਿ–ਬਹੁਤ ਤਰ੍ਹਾਂ ਦੀ। ਘਾਲਤੇ–ਕਮਾਈ ਕਰਦੇ; ਮਿਹਨਤ ਕਰਦੇ। ਤ੍ਰਿਪਤਿ ਨ–ਰੱਜੇ ਨਹੀਂ। ਨ ਲਾਥ–ਨਹੀਂ ਮਿਟੀ। ਸੰਚਿ–ਇਕੱਠੀ ਕਰਕੇ। ਮੂਏ–ਮਰ ਗਏ।੧। ਪਉੜੀ। ਥਿਰੁ–ਸਦਾ ਟਿਕੇ ਰਹਿਣ ਵਾਲਾ। ਕਾਇ–ਕਿਉਂ। ਪਸਾਰਹੁ–ਪਸਾਰਦੇ ਹੋ। ਪਾਵ–ਪੈਰ। ਬੰਚ–ਠੱਗੀਆਂ। ਬਲ ਛਲ–ਧੋਖਾ। ਉਪਾਵ–ਜਤਨ। ਥੈਲੀ–ਮਾਇਆ। ਸੰਚਹੁ–ਕੱਠੀ ਕਰਦੇ ਹੋ। ਸ੍ਰਮੁ–ਜਤਨ; ਕਸ਼ਟ। ਥਾਕਿ ਪਰਹੁ–ਥੱਕ ਪੈਂਦੇ ਹੋ। ਗਾਵਾਰ–ਹੇ ਮੂਰਖ!। ਅਉਸਰ–ਵੇਲੇ। ਬਾਰ–ਦਿਨ; ਵਾਰੀ। ਥਿਤਿ–ਟਿਕਾਉ; ਸ਼ਾਂਤੀ। ਸਿਖ–ਸਿੱਖਿਆ। ਇਆ–ਇਹ। ਅਸਨੇਹੁ–ਪ੍ਰੇਮ। ਬਿਧਿ–ਜੁਗਤੀਆਂ। ਏਕੈ–ਇਕ ਵਾਹਿਗੁਰੂ ਦੇ। ਜੰਤ–ਜੀਵ। ਅਨਾਥ–ਯਤੀਮ; ਬੇ ਵਸ।੩੩।

ਸਲੋਕ ॥ ਦਾਸਹ ਏਕੁ ਨਿਹਾਰਿਆ, ਸਭੁ ਕਛੁ ਦੇਵਨਹਾਰ ॥ ਸਾਸਿ ਸਾਸਿ ਸਿਮਰਤ ਰਹਹਿ, ਨਾਨਕ ਦਰਸ ਅਧਾਰ ॥੧॥ ਦਾਸਾਂ ਨੇ ਇਕ ਵਾਹਿਗੁਰੂ ਨੂੰ ਹੀ ਦੇਖਿਆ ਹੈ, ਜੋ ਸਭ ਕੁਛ ਦੇਣ ਵਾਲਾ ਹੈ। (ਦਾਸ ਵਾਹਿਗੁਰੂ ਨੂੰ) ਹਰੇਕ ਸੁਆਸ ਨਾਲ ਸਿਮਰਦੇ ਰਹਿੰਦੇ ਹਨ, ਨਾਨਕ ਗੁਰੂ ਫੁਰਮਾਉਂਦੇ ਹਨ ਕਿ (ਦਾਸਾਂ ਨੂੰ ਵਾਹਿਗੁਰੂ ਦੇ) ਦਰਸ਼ਨਾਂ ਦਾ ਆਸਰਾ ਹੈ।੧।

ਪਉੜੀ ॥ ਦਦਾ ਦਾਤਾ ਏਕੁ ਹੈ, ਸਭ ਕਉ ਦੇਵਨਹਾਰ ॥ ਦੇਂਦੇ ਤੋਟਿ ਨ ਆਵਈ, ਅਗਨਤ ਭਰੇ ਭੰਡਾਰ ॥ ਦੈਨਹਾਰੁ ਸਦ ਜੀਵਨ ਹਾਰਾ ॥ ਮਨ ਮੂਰਖ ਕਿਉ ਤਾਹਿ ਬਿਸਾਰਾ ॥ ਦੋਸੁ ਨਹੀ ਕਾਹੂ ਕਉ ਮੀਤਾ ॥ ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥ ਦਰਦ ਨਿਵਾਰਹਿ ਜਾ ਕੇ ਆਪੇ ॥ ਨਾਨਕ ਤੇ ਤੇ ਗੁਰਮੁਖਿ ਧ੍ਰਾਪੇ ॥੩੪॥ ਦੱਦੇ ਅੱਖਰ ਦੁਆਰਾ ਉਪਦੇਸ਼ ਹੈ ਕਿ ਸਭ ਨੂੰ (ਰੋਜ਼ੀ ਰੋਟੀ) ਦੇਣ ਵਾਲਾ ਇਕੋ ਪ੍ਰਭੂ ਹੀ ਦਾਤਾ ਹੈ। (ਉਸ) ਦਾਤੇ ਨੂੰ ਦਾਤਾਂ ਦੇਂਦਿਆਂ ਕਿਸੇ ਪ੍ਰਕਾਰ ਦੀ ਕੋਈ ਤੋਟ ਨਹੀਂ ਆਉਂਦੀ, ਕਿਉਂਕਿ (ਉਸਦੇ) ਭੰਡਾਰੇ ਅਣਗਿਣਤ ਹਨ, ਜੋ ਸਦਾ ਭਰੇ ਰਹਿੰਦੇ ਹਨ। (ਫਿਰ ਉਹ) ਦੇਣ ਵਾਲਾ ਦਾਤਾ ਸਦਾ ਜਿਉਣ ਵਾਲਾ ਭਾਵ ਅਮਰ ਹੈ। ਹੇ ਮੂਰਖ ਮਨ! (ਤੂੰ) ਉਸ ਨੂੰ ਕਿਉਂ ਭੁਲਾ ਦਿਤਾ ਹੈ? (ਪਰ) ਹੇ ਮਿਤ੍ਰ! ਦੋਸ਼ ਕਿਸੇ ਨੂੰ ਨਹੀਂ ਦੇਣਾ ਚਾਹੀਦਾ। (ਕਿਉਂਕਿ) ਪ੍ਰਭੂ ਨੇ ਆਪ ਹੀ ਮਾਇਆ ਦੇ ਮੋਹ ਦਾ ਬੰਧਨ ਪੈਦਾ ਕੀਤਾ ਹੈ (ਜਿਸ ਕਰਕੇ ਲੋਕ ਰੱਬ ਨੂੰ ਭੁਲਾ ਦੇਂਦੇ ਹਨ)। ਜਿਨ੍ਹਾਂ ਪੁਰਖਾਂ ਦਾ ਦਰਦ ਪ੍ਰਭੂ ਆਪ ਦੂਰ ਕਰ ਦੇਂਦਾ ਹੈ। ਉਹ ਗੁਰਮੁਖ (ਮਾਇਆ ਵੱਲੋਂ) ਰੱਜ ਜਾਂਦੇ ਹਨ ਭਾਵ ਤ੍ਰਿਸਨਾਂ ਮੁਕਾ ਦੇਂਦੇ ਹਨ।੩੪।

ਪਦਾਰਥ = ਦਾਸਹ–ਸੇਵਕਾਂ ਨੇ। ਨਿਹਾਰਿਆ–ਦੇਖਿਆ ਹੈ। ਅਧਾਰ–ਆਸਰਾ।੧। ਪਉੜੀ। ਸਭ ਕਉ–ਸਭ ਨੂੰ। ਤੋਟਿ–ਘਾਟਾ; ਕਮੀ। ਅਗਨਤ–ਅਣ ਗਿਣਤ (ਜੋ ਗਿਣੇ ਨਾ ਜਾਣ)। ਦੈਨਹਾਰੁ–ਦੇਣ ਵਾਲਾ ਦਾਤਾ। ਤਾਹਿ–ਉਸ ਨੂੰ। ਕਾਹੂ ਕਉ–ਕਿਸੇ ਨੂੰ। ਮੀਤਾ–ਹੇ ਮਿਤ੍ਰ!। ਬੰਧੁ–ਬੰਧਨ। ਨਿਵਾਰਹਿ–ਦੂਰ ਕਰਦਾ ਹੈ। ਜਾ ਕੇ–ਜਿਨ੍ਹਾਂ ਦੇ। ਤੇ ਤੇ–ਉਹ ਉਹ (ਪੁਰਖ)। ਧ੍ਰਾਪੇ–ਰੱਜ ਜਾਂਦੇ ਹਨ।੩੪।

ਸਲੋਕੁ ॥ ਧਰ ਜੀਅਰੇ ਇਕ ਟੇਕ ਤੂ ,ਲਾਹਿ ਬਿਡਾਨੀ ਆਸ ॥ ਨਾਨਕ ਨਾਮੁ ਧਿਆਈਐ, ਕਾਰਜੁ ਆਵੈ ਰਾਸਿ ॥੧॥ ਹੇ ਮਨ! ਤੂੰ ਇਕ ਵਾਹਿਗੁਰੂ ਦੀ ਟੇਕ ਧਾਰਣ ਕਰ ਤੇ ਬਿਗਾਨੀ ਆਸ ਦੂਰ ਕਰ ਦੇਹ। ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਦਾ ਨਾਮ ਧਿਆਉਣਾ ਚਾਹੀਦਾ ਹੈ, (ਜਿਸਦਾ ਸਦਕਾ ਮਨ ਇੱਛਤ) ਕੰਮ ਰਾਸ ਆ ਜਾਂਦਾ ਹੈ।੧।

ਪਉੜੀ ॥ ਧਧਾ ਧਾਵਤ ਤਉ ਮਿਟੈ, ਸੰਤ ਸੰਗਿ ਹੋਇ ਬਾਸੁ ॥ ਧੁਰ ਤੇ ਕਿਰਪਾ ਕਰਹੁ ਆਪਿ, ਤਉ ਹੋਇ ਮਨਹਿ ਪਰਗਾਸੁ ॥ ਧਨੁ ਸਾਚਾ ਤੇਊ ਸਚ ਸਾਹਾ ॥ ਹਰਿ ਹਰਿ ਪੂੰਜੀ ਨਾਮ ਬਿਸਾਹਾ ॥ ਧੀਰਜੁ ਜਸੁ ਸੋਭਾ ਤਿਹ ਬਨਿਆ ॥ ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ ॥ ਗੁਰਮੁਖਿ ਜਿਹ ਘਟਿ ਰਹੇ ਸਮਾਈ ॥ ਨਾਨਕ ਤਿਹ ਜਨ ਮਿਲੀ ਵਡਾਈ ॥੩੫॥ ਧੱਧੇ ਅੱਖਰ ਦੁਆਰਾ ਉਪਦੇਸ਼ ਹੈ ਕਿ ਮਨ ਦੀ ਦੌੜ ਭੱਜ ਤਾਂ ਮਿਟਦੀ ਹੈ ਜੇ ਸੰਤਾਂ ਦੀ ਸੰਗਤ ਵਿਚ (ਇਸ ਦਾ) ਵਾਸਾ ਹੋ ਜਾਵੇ। (ਹੇ ਪ੍ਰਭੂ! ਜਿਸ ਮਨੁੱਖ ਉਤੇ) ਆਪ ਧੁਰ ਤੋਂ ਕ੍ਰਿਪਾ ਕਰਦੇ ਹੋ, ਤਾਂ (ਉਸਦੇ) ਮਨ ਵਿਚ ਰੱਬੀ ਗਿਆਨ ਦਾ ਪਰਕਾਸ਼ ਹੋ ਜਾਂਦਾ ਹੈ। (ਜਿਨ੍ਹਾਂ ਪੁਰਖਾਂ ਕੋਲ) ਸੱਚਾ ਧਨ ਹੈ, ਉਹ ਹੀ ਸੱਚੇ ਸ਼ਾਹ ਹਨ। (ਕਿਉਂਕਿ ਉਨ੍ਹਾਂ ਨੇ) ਹਰਿ ਹਰਿ ਨਾਮ ਦੀ ਪੂੰਜੀ ਦਾ ਵਪਾਰ ਕੀਤਾ ਹੈ (ਆਪ ਜਪਿਆ ਤੇ ਹੋਰਨਾਂ ਨੂੰ ਜਪਾਇਆ

All Rights Reserved by Harjinder Singh Gyani | www.GuruGranthVakhyaan.org

ਹੈ)। ਉਨ੍ਹਾਂ (ਪੁਰਖਾਂ) ਦਾ ਧੀਰਜ, ਸੋਭਾ ਤੇ ਜਸ (ਲੋਕ ਪ੍ਰਲੋਕ ਵਿਚ) ਬਣਿਆ ਹੋਇਆ ਹੈ। ਜਿਨ੍ਹਾਂ ਨੇ ਕੰਨਾਂ ਨਾਲ ਹਰਿ ਹਰਿ ਨਾਮ ਸੁਣਿਆ ਹੈ। ਜਿਨ੍ਹਾਂ (ਪੁਰਖਾਂ) ਦੇ ਹਿਰਦੇ ਵਿਚ ਗੁਰੂ ਦੁਆਰਾ ਪ੍ਰਭੂ ਸਮਾ ਰਿਹਾ ਹੈ। ਨਾਨਕ ਗੁਰੂ ਜੀ ਆਖ ਰਹੇ ਹਨ ਕਿ ਉਨ੍ਹਾਂ ਪੁਰਖਾਂ ਨੂੰ (ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ।੩੫।

ਪਦਾਰਥ = ਧਰ-ਧਾਰਣ ਕਰ; ਫੜ; ਰੱਖ। ਜੀਅਰੇ-ਹੇ ਮਨ !; ਹੇ ਜੀਵ। ਇਕ-ਇਕ ਵਾਹਿਗੁਰੂ ਦੀ। ਲਾਹਿ-ਲਾਹ (ਦੂਰ ਕਰ) ਦੇਹ । ਬਿਡਾਨੀ-ਬਿਗਾਨੀ। ਆਵੈ ਰਾਸਿ-ਸਿਰੇ ਚੜ੍ਹ ਆਉਂਦਾ ਹੈ।੧। ਧਾਵਤ-ਦੌੜ ਭੱਜ। ਤਉ-ਤਾਂ; ਤਦ। ਬਾਸੁ-ਵਾਸਾ। ਧੁਰ ਤੇ-ਧੁਰ (ਰੱਬ ਦੇ ਦਰ) ਤੋਂ। ਮਨਹਿ-ਮਨ ਵਿਚ। ਪਰਗਾਸੁ-ਗਿਆਨ ਦਾ ਪ੍ਰਕਾਸ਼; ਉਚੀ ਸੂਝ ਬੂਝ। ਬਿਸਾਹਾ-ਵਪਾਰ ਕੀਤਾ; ਖ੍ਰੀਦਿਆ। ਤਿਹ-ਉਨ੍ਹਾਂ ਦਾ। ਸ੍ਰਵਨ-ਕੰਨਾਂ ਨਾਲ; ਧਿਆਨ ਨਾਲ। ਜਿਹ-ਜਿਨ੍ਹਾਂ ਦੇ। ਘਟਿ-ਹਿਰਦੇ ਵਿਚ। ਰਹੇ ਸਮਾਈ-ਸਮਾ ਰਿਹਾ ਹੈ।੩੫।

ਸਲੋਕੁ ॥ ਨਾਨਕ ਨਾਮੁ ਨਾਮੁ ਜਪੁ ਜਪਿਆ, ਅੰਤਰਿ ਬਾਹਰਿ ਰੰਗਿ ॥ ਗੁਰਿ ਪੂਰੈ ਉਪਦੇਸਿਆ, ਨਰਕੁ ਨਾਹਿ ਸਾਧ ਸੰਗਿ ॥੧॥ (ਇਸ ਸਲੋਕ ਦੇ ਅਰਥ ਅੰਨਵੇਂ ਅੱਖਰਾਂ ਰਾਹੀਂ ਕੀਤੇ ਗਏ ਹਨ) ਨਾਨਕ ਗੁਰੂ ਜੀ ਫੁਰਮਾਉਂਦੇ ਹਨ, (ਜਿਨ੍ਹਾਂ ਪੁਰਖਾਂ ਨੂੰ) ਪੂਰੇ ਗੁਰੂ ਨੇ ਉਪਦੇਸ਼ ਦਿਤਾ ਹੈ, (ਉਨ੍ਹਾਂ ਨੇ) ਸਾਧੂਆਂ ਦੀ ਸੰਗਤ ਵਿਚ ਪ੍ਰੇਮ ਨਾਲ (ਮਨ ਦੇ) ਅੰਦਰ ਹਰੀ ਦਾ ਨਾਮ ਰੂਪ ਜਪੁ ਜਪਿਆ ਹੈ ਤੇ ਬਾਹਰ (ਰਸਨਾ ਨਾਲ ਵੀ) ਨਾਮ ਜਪਿਆ ਹੈ, (ਅਜੇਹੇ ਪੁਰਖ) ਨਰਕ ਨੂੰ ਨਹੀਂ ਜਾਂਦੇ।੧।

ਪਉੜੀ ॥ ਨੰਨਾ ਨਰਕਿ ਪਰਹਿ ਤੇ ਨਾਹੀ ॥ ਜਾ ਕੈ ਮਨਿ ਤਨਿ ਨਾਮੁ ਬਸਾਹੀ ॥ ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ ਬਿਖੁ ਮਾਇਆ ਮਹਿ ਨਾ ਓਇ ਖਪਤੇ ॥ ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥ ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥ ਨੰਨੇ ਅੱਖਰ ਦੁਆਰਾ ਉਪਦੇਸ ਹੈ ਕਿ ਉਹ ਪੁਰਖ ਨਰਕ ਵਿਚ ਨਹੀਂ ਪੈਂਦੇ। ਜਿਨ੍ਹਾਂ ਦੇ ਮਨ ਵਿਚ ਤੇ ਤਨ ਵਿਚ (ਵਾਹਿਗੁਰੂ ਦਾ) ਨਾਮ ਵਸਦਾ ਹੈ। (ਜਿਹੜੇ ਪੁਰਖ ਵਾਹਿਗੁਰੂ ਦੇ) ਨਾਮ ਨੂੰ (ਚਾਰ ਪਦਾਰਥਾਂ ਦਾ) ਖਜਾਨਾ ਸਮਝ ਕੇ ਜਪਦੇ ਹਨ। ਉਹ ਵਿਹੁ ਰੂਪ ਮਾਇਆ ਵਿਚ ਨਾਸ਼ ਨਹੀਂ ਹੁੰਦੇ। ਉਨ੍ਹਾਂ ਪੁਰਖਾਂ ਨੂੰ (ਕਿਸੇ ਗੱਲੋਂ) ਨਾਂਹ ਨਹੀਂ ਹੁੰਦੀ (ਇਨਕਾਰ ਨਹੀਂ ਹੁੰਦਾ, ਜੋ ਮੰਗਣ, ਮਿਲ ਜਾਂਦਾ ਹੈ) {ਨੰਨਾਕਾਰੁ ਨ ਕੋਇ ਕਰੇਈ ੨੨੧}। ਜਿਨ੍ਹਾਂ ਨੂੰ ਗੁਰੂ ਨੇ ਨਾਮ ਮੰਤ੍ਰ ਦਿਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਨ੍ਹਾਂ ਪੁਰਖਾਂ ਦੇ ਹਿਰਦੇ) ਨੌਂ ਨਿਧੀਆਂ ਦੇ ਖਜਾਨੇ ਹਰੀ ਦੇ ਨਾਮ ਅੰਮ੍ਰਿਤ ਨਾਲ ਭਰੇ ਪਏ ਹਨ। ਉਨ੍ਹਾਂ ਦੇ ਹਿਰਦੇ ਅੰਦਰ ਇਕ ਰਸ ਲਗਾਤਾਰ ਵਾਜੇ ਵਜਦੇ ਰਹਿੰਦੇ ਹਨ (ਲਗਾਤਾਰ ਸਿਮਰਨ ਦੀ ਧੁਨੀ ਚਲਦੀ ਹੈ)।੩੬।

ਪਦਾਰਥ = ਅੰਤਰਿ ਬਾਹਰਿ-ਹਿਰਦੇ ਦੇ ਅੰਦਰ ਤੇ ਬਾਹਰ ਰਸਨਾ ਨਾਲ। ਰੰਗਿ-ਪ੍ਰੇਮ ਨਾਲ। ਗੁਰਿ-ਗੁਰੂ ਨੇ।੧। ਪਉੜੀ। ਪਰਹਿ ਨਾਹੀ-ਨਹੀਂ ਪੈਂਦੇ। ਤੇ-ਉਹ। ਜਾ ਕੈ-ਜਿਨ੍ਹਾਂ ਦੇ। ਬਸਾਹੀ-ਵਸਦਾ ਹੈ। ਨਾਮੁ ਨਿਧਾਨੁ-ਨਾਮ ਰੂਪ ਖਜਾਨਾ। ਜੋ-ਜਿਹੜੇ। ਓਇ-ਉਹ। ਨਾ ਖਪਤੇ-ਨਾਸ਼ ਨਹੀ ਹੁੰਦੇ। ਨੰਨਾਕਾਰ-ਨਾਂਹ; ਇਨਕਾਰ; ਰੁਕਾਵਟ। ਨ ਹੋਤਾ-ਨਹੀਂ ਹੁੰਦਾ। ਨਿਧਿ ਨਿਧਾਨ-ਨੌਂ ਨਿਧੀਆਂ ਦੇ ਖਜਾਨੇ । ਪੂਰੇ-ਭਰੇ ਹਨ। ਤਹ-ਉਨ੍ਹਾਂ ਦੇ। ਬਾਜੇ-ਵਜਦੇ ਹਨ। ਅਨਹਦ ਤੂਰੇ-ਨਾਮ ਸਿਮਰਨ ਦੀ ਇਕ ਰਸ ਧੁਨੀ।੩੬।

ਨੋਟ = ਤਾ ਕਹੁ-ਉਨ੍ਹਾਂ ਨੂੰ। ਜਾ ਕਹੁ-ਜਿਨ੍ਹਾਂ ਨੂੰ। ਗੁਰਬਾਣੀ ਵਿਚ (ਤਾ ਕੋ) ਤੇ (ਜਾ ਕੋ) ਜਾਂ (ਤਾ ਕਉ) ਤੇ (ਜਾ ਕਉ) ਦੀ ਵਰਤੋਂ ਆਮ ਮਿਲਦੀ ਹੈ। ਪਰ (ਤਾ ਕਹੁ) ਤੇ (ਜਾ ਕਹੁ) ਦੀ ਵਰਤੋਂ ਇਸ ਸ਼ਬਦ ਤੋਂ ਬਿਨਾ ਹੋਰ ਕਿਤੇ ਨਹੀਂ ਮਿਲਦੀ।

ਅੰਗ ੨੫੮ = ਸਲੋਕੁ ॥ ਪਤਿ ਰਾਖੀ ਗੁਰਿ ਪਾਰਬ੍ਰਹਮ, ਤਜਿ ਪਰਪੰਚ ਮੋਹ ਬਿਕਾਰ ॥ ਨਾਨਕ ਸੋਊ ਆਰਾਧੀਐ, ਅੰਤੁ ਨ ਪਾਰਾਵਾਰੁ ॥੧॥ (ਜਿਸ ਮਨੁੱਖ ਨੇ) ਛਲ ਕਪਟ, ਮੋਹ ਤੇ ਵਿਕਾਰ ਛਡ ਦਿਤੇ ਹਨ, (ਉਸ ਦੀ) ਇਜੱਤ ਪ੍ਰਮੇਸਰ ਤੇ ਗੁਰੂ ਨੇ ਰੱਖ ਲਈ ਹੈ। ਨਾਨਕ ਗੁਰੂ ਜੀ ਉਪਦੇਸ਼ ਦੇਂਦੇ ਹਨ ਕਿ ਉਸ (ਪੱਤ ਰੱਖਣ ਵਾਲੇ ਗੁਰੂ ਤੇ ਪ੍ਰਭੂ ਨੂੰ) ਅਰਾਧਣਾ ਚਾਹੀਦਾ ਹੈ, ਜਿਸਦਾ ਕੋਈ ਅੰਤ ਨਹੀਂ ਹੈ ਅਤੇ ਪਾਰ ਤੇ ਉਰਾਰ ਵੀ ਨਹੀਂ ਹੈ।੧। (ਪੁਰਾਣੇ ਸਿੰਘ ਦਸਤਾਰ ਸਜਾਉਣ ਸਮੇਂ ਇਹ ਸਲੋਕ ਪੜ੍ਹਦੇ ਹੁੰਦੇ ਸਨ)

ਪਉੜੀ ॥ ਪਪਾ ਪਰਮਿਤਿ ਪਾਰੁ ਨ ਪਾਇਆ ॥ ਪਤਿਤ ਪਾਵਨ ਅਗਮ ਹਰਿ ਰਾਇਆ ॥ ਹੋਤ ਪੁਨੀਤ ਕੋਟ ਅਪਰਾਧੂ ॥ ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥ ਪਰਪਚ ਧ੍ਰੋਹ ਮੋਹ ਮਿਟਨਾਈ ॥ ਜਾ ਕਉ ਰਾਖਹੁ ਆਪਿ ਗੁਸਾਈ ॥ ਪਾਤਸਾਹੁ ਛਤ੍ਰ ਸਿਰ ਸੋਊ ॥ ਨਾਨਕ ਦੂਸਰ ਅਵਰੁ ਨ ਕੋਊ ॥੩੭॥ ਪੱਪੇ ਅੱਖਰ ਦੁਆਰਾ ਉਪਦੇਸ਼ ਹੈ ਕਿ (ਵਾਹਿਗੁਰੂ) ਅੰਦਾਜੇ ਤੋਂ ਪਰੇ ਹੈ ਅਤੇ ਉਸਦਾ ਪਾਰ (ਕਿਸੇ ਨੇ) ਨਹੀਂ ਪਾਇਆ। (ਉਹ) ਅਪਹੁੰਚ ਪ੍ਰਭੂ ਪਾਤਸ਼ਾਹ ਪੱਤਤਾਂ ਨੂੰ ਪਵਿੱਤ੍ਰ ਕਰਨ ਵਾਲਾ ਹੈ। (ਉਹ) ਕ੍ਰੋੜਾਂ ਪਾਪੀ ਪਵਿਤ੍ਰ ਹੋ ਜਾਂਦੇ ਹਨ। (ਜਿਹੜੇ) ਸਾਧੂਆਂ ਨਾਲ ਮਿਲ ਕੇ ਅੰਮ੍ਰਿਤ ਨਾਮ ਜਪਦੇ ਹਨ। (ਉਸ ਮਨੁੱਖ ਦੇ) ਠੱਗੀ, ਧੋਖਾ ਤੇ ਮੋਹ (ਆਦਿ ਸਾਰੇ ਔਗੁਣ) ਮਿਟ ਜਾਂਦੇ ਹਨ। ਹੇ ਮਾਲਕ ਪ੍ਰਭੂ ! ਜਿਸ ਨੂੰ (ਤੁਸੀਂ ਹੱਥ ਦੇ ਕੇ) ਆਪ ਰੱਖਦੇ ਹੋ। ਸਿਰ ਤੇ ਛਤ੍ਰ ਧਾਰਨ ਵਾਲਾ (ਚਕ੍ਰਵਰਤੀ) ਪਾਤਸ਼ਾਹ ਉਹ (ਪ੍ਰਭੂ) ਹੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਦੇ ਬਰਾਬਰ) ਦੂਜਾ ਹੋਰ ਕੋਈ ਨਹੀਂ ਹੈ।੩੭।

ਪਦਾਰਥ = ਪਤਿ-ਇੱਜਤ। ਤਜਿ-ਛੱਡ ਦਿਤੇ। ਪਰਪੰਚ-ਛਲ; ਧੋਖਾ; ਪਖੰਡ। ਸੋਊ-ਉਸ ਨੂੰ। ਪਾਰਾਵਾਰੁ-ਉਰਲਾ ਤੇ ਪਾਰ ਵਾਲਾ

ਕਿਨਾਰਾ; ਹੱਦ; ਸੀਮਾ।੧।ਪਉੜੀ।ਪਰਮਿਤਿ-ਜਿਸਦਾ ਅੰਦਾਜਾ ਨਾ ਲਾਇਆ ਜਾ ਸਕੇ; ਜੋ ਮਾਪਿਆ ਤੇ ਤੋਲਿਆ ਨਾ ਜਾ ਸਕੇ। ਪਾਰ-ਅੰਤ; ਪਾਰਲਾ ਕਿਨਾਰਾ।ਪਤਿਤ-(ਧਰਮ ਕਰਮ ਤੋਂ) ਡਿਗਿਆ ਪਾਪੀ।ਪਾਵਨ-ਪਵਿਤ੍ਰ ਕਰਨ ਵਾਲਾ।ਅਗਮ-ਅਪਹੁੰਚ। ਰਾਇਆ-ਰਾਜਾ।ਹੋਤ-ਹੁੰਦੇ ਹਨ।ਪੁਨੀਤ-ਪਵਿਤ੍ਰ।ਅਪਰਾਧੁ-ਪਾਪ ਕਰਨ ਵਾਲੇ।ਪਰਪਚ-ਛਲ; ਪਖੰਡ।ਧ੍ਰੋਹ-ਧੋਖਾ।ਮਿਟਨਾਈ-ਖਾਤਮਾ; ਮਿਟ ਜਾਂਦੇ ਹਨ।ਗੁਸਾਈ-ਸ੍ਰਿਸਟੀ ਦਾ ਮਾਲਕ ਪ੍ਰਭੂ।ਅਵਰੁ-ਹੋਰ।ਨ ਕੋਊ-ਕੋਈ ਨਹੀਂ।੩੭।

ਸਲੋਕੁ ॥ ਫਾਹੇ ਕਾਟੇ ਮਿਟੇ ਗਵਨ, ਫਤਿਹ ਭਈ ਮਨਿ ਜੀਤ ॥ ਨਾਨਕ ਗੁਰ ਤੇ ਥਿਤ ਪਾਈ, ਫਿਰਨ ਮਿਟੇ ਨਿਤ ਨੀਤ ॥੧॥ ਮਨ ਦੇ ਜਿੱਤੇ ਜਾਣ ਨਾਲ (ਵਿਸ਼ਿਆਂ ਦੇ; ਮੋਹ ਮਾਇਆ ਦੇ) ਬੰਧਨ ਕੱਟੇ ਗਏ, (ਇੰਦ੍ਰੀਆਂ ਦਾ ਵਿਸ਼ਿਆਂ ਮਗਰ) ਭੱਜਣਾ ਮਿਟ ਗਿਆ; (ਮਾਇਆ ਪ੍ਰਾਪਤੀ ਦੀ) ਦੌੜ ਭੱਜ ਮਿਟ ਗਈ ਹੈ, (ਇਸ ਤਰ੍ਹਾਂ ਇਹ) ਫਤ੍ਹੇ ਹੋਈ ਹੈ; ਮਨ ਦੇ ਜਿਤੇ ਜਾਣ ਨਾਲ (ਕਾਮਾਦਿਕਾਂ ਉਤੇ) ਜਿੱਤ ਹੋਈ ਹੈ, (ਜਿਸ ਕਰਕੇ ਜਮਾਂ ਦੇ) ਫਾਹੇ ਕੱਟੇ ਗਏ ਹਨ ਤੇ ਆਵਾਗੌਣ ਮਿਟ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ, (ਮਨ ਦੇ) ਟਿਕਾਉ ਦੀ ਅਵਸਥਾ ਗੁਰੂ ਤੋਂ ਪ੍ਰਾਪਤ ਹੋਈ ਹੈ, (ਇਸ ਟਿਕਾਉ ਨਾਲ) ਰੋਜ ਰੋਜ ਦੇ (ਜੂਨਾਂ ਵਿਚ) ਗੇੜੇ ਮਿਟ ਗਏ ਹਨ।੧।

ਪਉੜੀ ॥ ਫਫਾ ਫਿਰਤ ਫਿਰਤ ਤੂ ਆਇਆ ॥ ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ ॥ ਫਿਰਿ ਇਆ ਅਉਸਰੁ ਚਰੈ ਨ ਹਾਥਾ ॥ ਨਾਮੁ ਜਪਹੁ ਤਉ ਕਟੀਅਹਿ ਫਾਸਾ ॥ ਫਿਰਿ ਫਿਰਿ ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ॥ ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥ ਮੇਲਿ ਲੇਹੁ ਨਾਨਕ ਬੇਚਾਰੇ ॥੩੮॥ ਫੱਫੇ ਅੱਖਰ ਦੁਆਰਾ ਉਪਦੇਸ਼ ਹੈ (ਕਿ ਹੇ ਜੀਵ! ਅਨੇਕਾਂ ਜੂਨੀਆਂ ਵਿਚ) ਤੂੰ ਫਿਰਦਾ ਫਿਰਦਾ (ਮਨੁੱਖਾ ਜਨਮ) ਵਿਚ ਆਇਆ ਹੈਂ।ਮੁਸ਼ਕਲ ਨਾਲ ਲੱਭਣ ਵਾਲਾ ਮਨੁੱਖਾ ਸਰੀਰ (ਤੈਂ) ਕਲਜੁਗ ਵਿਚ ਪ੍ਰਾਪਤ ਕੀਤਾ ਹੈ।ਇਹ (ਮਨੁੱਖਾ ਜਨਮ ਦੀ ਪ੍ਰਾਪਤੀ ਦਾ) ਸਮਾਂ ਫਿਰ ਹੱਥ ਨਹੀਂ ਚੜ੍ਹੇਗਾ।(ਹੁਣ ਇਸ ਜਨਮ ਵਿਚ ਵਾਹਿਗੁਰੂ ਦਾ) ਨਾਮ ਜਪ ਲੈ, ਤਾਂ (ਤੇਰੀ ਮੋਹ ਮਾਇਆ ਆਦਿ ਦੀ) ਫਾਹੀ ਕੱਟੀ ਜਾਏਗੀ।ਫਿਰ ਮੁੜ (ਸੰਸਾਰ ਵਿਚ) ਆਉਣਾ ਜਾਣਾ ਨਹੀਂ ਹੋਵੇਗਾ। (ਇਸ ਕਰਕੇ) ਉਸ ਇਕੋ ਇਕ ਵਾਹਿਗੁਰੂ ਦਾ ਜਾਪ ਜਪੋ।ਨਾਨਕ ਗੁਰੂ ਜੀ ਆਖ ਰਹੇ ਹਨ, (ਹੇ ਭਾਈ! ਇਸ ਤਰ੍ਹਾਂ ਅਰਦਾਸ ਕਰੋ) ਹੇ ਕਰਨਹਾਰ ਪ੍ਰਭੂ! (ਸਾਡੇ ਤੇ) ਕ੍ਰਿਪਾ ਕਰੋ।(ਸਾਨੂੰ) ਵਿਚਾਰੇ ਜੀਵਾਂ ਨੂੰ (ਅਪਣੇ ਨਾਲ) ਮਿਲਾ ਲਵੋ।੩੮।

ਪਦਾਰਥ = ਫਾਹੇ-ਵਾਸ਼ਨਾਂ ਦੇ ਬੰਧਨ; ਜਮਾਂ ਦੇ ਜਾਂ ਮੋਹ ਮਾਇਆ ਦੇ ਫਾਹੇ।ਗਵਨ-ਦੌੜ ਭੱਜ; ਆਵਾਗੌਣ।ਫਤਿਹ-ਜਿੱਤ।ਭਈ-ਹੋਈ।ਗੁਰ ਤੇ-ਗੁਰੂ ਤੋਂ।ਥਿਤ-ਮਾਨਸਕ ਟਿਕਾਉ।ਫਿਰਨ-(ਜਨਮ ਮਰਨ ਦੇ) ਗੇੜੇ।ਨਿਤ ਨੀਤ-ਰੋਜ ਰੋਜ ਦੇ।੧।ਪਉੜੀ।ਦ੍ਰੁਲਭ - ਔਖਾ ਲੱਭਣ ਵਾਲਾ।ਫਿਰਿ-ਮੁੜ ਦੁਬਾਰਾ।ਇਆ-ਇਹ।ਅਉਸਰ-ਸਮਾਂ; ਮੌਕਾ।ਚਰੈ ਨ-ਨਹੀਂ ਮਿਲਦਾ; ਨਹੀਂ ਲੱਭਦਾ।ਤਉ-ਤਾਂ।ਫਾਸਾ-ਫਾਹੀ; ਬੰਧਨ।ਆਵਨ ਜਾਨੁ-ਆਉਣਾ ਜਾਣਾ (ਜਨਮ ਮਰਨ)।ਸੋਈ-ਉਸ।ਕਰਨੈਹਾਰੇ-ਹੇ ਸਿਰਜਨਹਾਰ!।ਬੇਚਾਰੇ-ਬੇ ਵਸ ਨੂੰ; ਸਹਾਇਤਾ ਹੀਣ ਨੂੰ; ਗਰੀਬ ਨੂੰ।੩੮।

ਸਲੋਕੁ ॥ ਬਿਨਉ ਸੁਨਹੁ ਤੁਮ ਪਾਰਬ੍ਰਹਮ, ਦੀਨ ਦਇਆਲ ਗੁਪਾਲ ॥ ਸੁਖ ਸੰਪੈ ਬਹੁ ਭੋਗ ਰਸ, ਨਾਨਕ ਸਾਧ ਰਵਾਲ ॥੧॥ ਨਾਨਕ ਗੁਰੂ ਜੀ ਆਖਦੇ ਹਨ, ਹੇ ਧਰਤੀ ਦੇ ਜੀਵਾਂ ਦੀ ਪਾਲਣਾ ਕਰਨ ਵਾਲੇ! ਹੇ ਦੀਨਾਂ ਤੇ ਦਇਆ ਕਰਨ ਵਾਲੇ ਪਾਰਬ੍ਰਹਮ! ਤੁਸੀਂ (ਮੇਰੀ) ਬੇਨਤੀ ਸੁਣੋ।(ਮੈਨੂੰ) ਸਾਧੂਆਂ ਦੇ ਚਰਨਾਂ ਦੀ ਧੂੜੀ ਬਖਸ਼ੋ, (ਜੋ ਮੇਰੇ ਲਈ) ਸੁਖ, ਸੰਪਦਾ ਤੇ ਬਹੁਤ ਭੋਗਾਂ ਦੇ ਰਸਾਂ ਦੇ ਤੁਲ ਹੈ।੧।

ਪਉੜੀ ॥ ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ ॥ ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥ ਬੀਰਾ ਆਪਨ ਬੁਰਾ ਮਿਟਾਵੈ ॥ ਤਾਹੂ ਬੁਰਾ ਨਿਕਟਿ ਨਹੀ ਆਵੈ ॥ ਬਾਧਿਓ ਆਪਨ ਹਉ ਹਉ ਬੰਧਾ ॥ ਦੋਸੁ ਦੇਤ ਆਗਹ ਕਉ ਅੰਧਾ ॥ ਬਾਤ ਚੀਤ ਸਭ ਰਹੀ ਸਿਆਨਪ ॥ ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥੩੯॥ ਬੱਬੇ ਅਖਰ ਦੁਆਰਾ ਉਪਦੇਸ਼ ਹੈ, ਬ੍ਰਹਮਣ ਉਹ ਹਨ, ਜੋ ਬ੍ਰਹਮ ਨੂੰ ਜਾਣ ਲੈਂਦੇ ਹਨ।ਬੈਸ਼ਨੋ ਉਹ ਹਨ, ਜੋ ਪਵਿਤ੍ਰਤਾ ਦੇ ਧਰਮ ਨੂੰ ਦ੍ਰਿੜ ਕਰਦੇ ਹਨ।ਬਹਾਦਰ ਉਹ ਹੈ, (ਜਿਹੜਾ ਮਨੁੱਖ) ਅਪਣਾ ਬੁਰਾਪਣ ਮਿਟਾ ਦੇਂਦਾ ਹੈ; ਹੇ ਭਾਈ! (ਜਿਹੜਾ ਪੁਰਖ) ਅਪਣੀ ਬੁਰਿਆਈ ਮਿਟਾ ਦੇਂਦਾ ਹੈ (ਸੰ.ਸ.; ਫ.ਸ.)।ਉਸ ਦੇ ਨੇੜੇ ਬੁਰਾ (ਮਨੁੱਖ ਕੋਈ) ਨਹੀਂ ਆਉਂਦਾ ।(ਪਰ ਮਨੁੱਖ ਇਉਂ ਕਰਦਾ ਨਹੀਂ, ਉਹ ਤਾਂ) ਅਪਣੀ ਹਉਮੈ ਦੇ ਬੰਧਨ ਵਿਚ ਬੱਧਾ ਹੋਇਆ ਹੈ ਭਾਵ ਹੰਕਾਰ ਕਰਕੇ ਲੋਕਾਂ ਨਾਲ ਆਪ ਖਹਿੰਦਾ ਫਿਰਦਾ ਹੈ।(ਪਰ ਇਹ ਮਨੁੱਖ ਐਸਾ) ਅੰਨ੍ਹਾ ਹੈ, ਜੋ ਅਗਲਿਆਂ ਦੋਸ਼ ਨੂੰ ਦੇਂਦਾ ਹੈ।(ਅਪਣੇ ਦੋਸ਼ ਨੂੰ ਨਹੀਂ ਮੰਨਦਾ, ਅਜੇਹੇ ਮਨੁੱਖ ਦੀ ਚਲਾਕੀ ਵਾਲੀਆਂ) ਗੱਲਾਂ ਬਾਤਾਂ ਤੇ (ਬੁੱਧੀ ਦੀ) ਸਾਰੀਆਂ ਸਿਆਣਪਾਂ ਮੁੱਕ ਜਾਂਦੀਆਂ ਹਨ; ਹੇ ਪ੍ਰਭੂ! ਤੈਨੂੰ ਜਾਨਣ ਲਈ ਨਿਰੀਆਂ ਗਿਆਨ ਦੀਆਂ ਗੱਲਾਂ ਬਾਤਾਂ ਤੇ ਸਿਆਣਪਾਂ ਮੁੱਕ ਜਾਂਦੀਆਂ ਹਨ, ਕਿਸੇ ਕੰਮ ਨਹੀਂ ਆਉਂਦੀਆਂ।ਗੁਰੂ ਜੀ ਫੁਰਮਾਉਂਦੇ ਹਨ, (ਹੇ ਪ੍ਰਭ! ਤੁਸੀਂ) ਜਿਸ ਨੂੰ ਜਣਾਉਂਦੇ ਹੋ, ਉਹ (ਪੁਰਖ ਹੀ ਤੁਹਾਨੂੰ) ਜਾਣ ਸਕਦਾ ਹੈ।੩੯।

ਪਦਾਰਥ = ਬਿਨਉ-ਬੇਨਤੀ।ਦੀਨ-ਗਰੀਬ; ਨਿਮਾਣੇ।ਸੁਖ ਸੰਪੈ-ਸੁਖ ਤੇ ਸੰਪਦਾ; ਧਨ ਦਾ ਸੁਖ।ਰਵਾਲ-ਚਰਨ ਧੂੜ।ਭੋਗ ਰਸ-ਭੋਗਾਂ ਦੇ ਰਸ; ਰਸਾਂ ਦੇ ਭੋਗ।੧।ਪਉੜੀ।ਬ੍ਰਹਮੁ-ਪ੍ਰਭੂ ਨੂੰ।ਤੇ-ਉਹ।ਬ੍ਰਹਮਾ-ਬ੍ਰਹਮਣ।ਬੈਸਨੋ-ਬਿਸ਼ਨੂ (ਜਾਂ ਸੁੱਚ ਭਿੱਟ) ਨੂੰ ਮੰਨਣ

All Rights Reserved by Harjinder Singh Gyani | www.GuruGranthVakhyaan.org

ਵਾਲੇ।ਸੁਚ-ਪਵਿਤ੍ਰਤਾ।ਬੀਰਾ-ਬਹਾਦਰ; ਹੇ ਭਾਈ!।ਤਾਹੂ-ਉਸ ਦੇ।ਨਿਕਟਿ-ਨੇੜੇ।ਬਾਧਿਓ-ਬੱਧਾ ਹੈ।ਬੰਧਾ-ਬੰਧਨ ਵਿਚ।ਦੇਤ-ਦੇਂਦਾ ਹੈ।ਆਗਹ ਕਉ-ਅਗਲਿਆਂ (ਦੂਜਿਆਂ) ਨੂੰ।ਅੰਧਾ-ਅੰਨ੍ਹਾ (ਅਗਿਆਨੀ)।ਰਹੀ-ਮੁਕ ਜਾਂਦੀ ਹੈ।ਸੋ-ਉਹ।੩੯।

ਸਲੋਕੁ ॥ ਭੈ ਭੰਜਨ ਅਘ ਦੂਖ ਨਾਸ, ਮਨਹਿ ਅਰਾਧਿ ਹਰੇ ॥ ਸੰਤ ਸੰਗ ਜਿਹ ਰਿਦ ਬਸਿਓ, ਨਾਨਕ ਤੇ ਨ ਭ੍ਰਮੇ ॥੧॥ (ਹੇ ਭਾਈ!) ਭੈ ਨਾਸ਼ ਕਰਨ ਵਾਲੇ, ਪਾਪਾਂ ਤੇ ਦੁੱਖਾਂ ਦਾ ਨਾਸ਼ ਕਰਨ ਵਾਲੇ ਹਰੀ ਨੂੰ ਮਨ ਵਿਚ ਸਿਮਰਨਾ ਕਰ।ਨਾਨਕ ਗੁਰੂ ਜੀ ਆਖ ਰਹੇ ਹਨ ਕਿ ਸੰਤਾਂ ਦੀ ਸੰਗਤ ਕਰਕੇ ਜਿਨ੍ਹਾਂ (ਮਨੁੱਖਾਂ) ਦੇ ਹਿਰਦੇ ਵਿਚ ਹਰੀ ਵਸਿਆ ਹੈ, ਉਹ (ਜਨਮ ਮਰਨ ਦੇ ਗੇੜ ਵਿਚ) ਨਹੀਂ ਭਟਕਦੇ; ਉਹ (ਮਨੁੱਖ) ਭਰਮ ਵਿਚ ਨਹੀਂ ਪੈਂਦੇ (ਟਕਸਾਲ ਨੇ ਦੋਵੇਂ ਅਰਥ ਕੀਤੇ ਹਨ)।੧।

ਪਉੜੀ ॥ ਭਭਾ ਭਰਮੁ ਮਿਟਾਵਹੁ ਅਪਨਾ ॥ ਇਆ ਸੰਸਾਰੁ ਸਗਲ ਹੈ ਸੁਪਨਾ ॥ ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥ ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥ ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ ॥੪੦॥ ਭੱਭੇ ਅੱਖਰ ਦੁਆਰਾ ਉਪਦੇਸ਼ ਹੈ ਕਿ (ਹੇ ਭਾਈ!) ਅਪਣਾ ਭਰਮ ਮਿਟਾ ਦਿਓ।(ਕਿਉਂਕਿ) ਇਹ ਸਾਰਾ ਸੰਸਾਰ ਸੁਪਨੇ ਵਾਂਗ (ਨਾਸ਼ਵੰਤ) ਹੈ।(ਜਿਵੇਂ ਸੁਪਨੇ ਵਿਚ ਪ੍ਰਾਣੀ ਸੁਪਨੇ ਵਸ ਹੁੰਦਾ ਹੈ, ਇਸੇ ਤਰ੍ਹਾਂ) ਦੈਵੀ ਗੁਣਾਂ ਵਾਲੇ ਮਹਾਤਮਾ ਲੋਕ ਅਤੇ ਦੇਵੀ ਦੇਵਤੇ ਭਰਮ ਵਿਚ ਪਏ ਰਹੇ ਹਨ।ਬ੍ਰਹਮਾ ਵਾਂਗ (ਚੁਰਾਸੀ) ਸਿੱਧ ਤੇ ਸਾਧਨਾ ਕਰਨ ਵਾਲੇ ਵੀ ਭਰਮ ਵਿਚ ਫਸੇ ਰਹੇ ਹਨ। (ਮਾਇਆ ਨੇ) ਭਰਮਾ ਭਰਮਾ ਕੇ ਮਨੁੱਖ ਛਲੇ ਹਨ (ਮਾਇਆ ਦੇ ਮੋਹ ਲੈਣ ਵਾਲੇ ਪਦਾਰਥਾਂ ਨੂੰ ਸੱਚ ਤੇ ਸੁਖਦਾਈ ਜਾਣ ਕੇ ਉਨਾਂ ਦੇ ਭੋਗਣ ਵਿਚ ਲੱਗੇ ਰਹੇ ਹਨ)।ਇਹ ਮਾਇਆ (ਦਾ ਭਰਮ ਸਾਗਰ) ਬਹੁਤ ਭਿਆਨਕ ਹੈ, ਜੋ ਔਖਾ ਤਰਿਆ ਜਾਣ ਵਾਲਾ ਹੈ। (ਜਿਨ੍ਹਾਂ ਪੁਰਖਾਂ ਨੇ) ਗੁਰੂ ਦੁਆਰਾ ਭਰਮ, (ਜਨਮ ਮਰਣ ਦਾ) ਭੈ ਤੇ (ਮਾਇਆ ਦਾ) ਮੋਹ ਮਿਟਾ ਲਿਆ ਹੈ।ਨਾਨਕ ਗੁਰੂ ਜੀ ਆਖ ਰਹੇ ਹਨ ਕਿ ਉਨ੍ਹਾਂ ਨੇ ਪਰਮ ਸੁਖ ਪ੍ਰਾਪਤ ਕਰ ਲਿਆ ਹੈ।੪੦।

ਪਦਾਰਥ = ਭੈ-ਡਰ।ਭੰਜਨ-ਨਾਸ਼ ਕਰਨ ਵਾਲਾ।ਅਘ-ਪਾਪ।ਮਨਹਿ-ਮਨ ਵਿਚ।ਹਰੇ-ਹਰੀ ਨੂੰ।ਜਿਹ-ਜਿਨ੍ਹਾਂ ਦੇ।ਤੇ-ਉਹ।ਨ ਭਰਮੇ -ਨਹੀਂ ਭਟਕਦੇ।੧।ਪਉੜੀ।ਭਰਮੁ-ਭੁਲੇਖਾ।ਇਆ-ਇਹ।ਸਗਲ-ਸਾਰਾ।ਸੁਰਿ ਨਰ-ਦੈਵੀ ਗੁਣਾਂ ਵਾਲਾ ਮਹਾਂ ਪੁਰਖ।ਦੇਵਾ-ਦੇਵਤੇ। ਸਿਧ-ਚੁਰਾਸੀ ਸਿੱਧ।ਸਾਧਿਕ-ਸਾਧਨਾ ਕਰਨ ਵਾਲੇ।ਬ੍ਰਹਮੇਵਾ-ਬ੍ਰਹਮਾ ਵਾਂਗ।ਭਰਮਿ-ਭਰਮਾ ਕੇ।ਡਹਕਾਏ-ਛਲ ਲਏ; ਭਰਮਾਏ। ਦੁਤਰ-ਔਖਾ ਤਰਿਆ ਜਾਣ ਵਾਲਾ।ਮਹਾ-ਬਹੁਤ।ਬਿਖਮ-ਡਰਾਉਣਾ; ਭਿਆਨਕ; ਦੁਖਦਾਈ।ਮਾਏ-ਮਾਇਆ।ਤੇਹ-ਉਨ੍ਹਾਂ ਨੇ।੪੦।

ਸਲੋਕੁ ॥ ਮਾਇਆ ਡੋਲੈ ਬਹੁ ਬਿਧੀ, ਮਨੁ ਲਪਟਿਓ ਤਿਹ ਸੰਗ ॥ ਮਾਗਨ ਤੇ ਜਿਹ ਤੁਮ ਰਖਹੁ ,ਸੁ ਨਾਨਕ ਨਾਮਹਿ ਰੰਗ ॥੧॥ (ਹੇ ਭਾਈ! ਮਨੁੱਖ) ਮਾਇਆ ਵਾਸਤੇ ਬਹੁਤ ਪ੍ਰਕਾਰ ਡੋਲਦਾ ਰਹਿੰਦਾ ਹੈ, (ਕਿਉਂਕਿ ਇਸਦਾ) ਮਨ ਉਸ ਮਾਇਆ ਨਾਲ ਚਿੰਬੜਿਆ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ, (ਹੇ ਪ੍ਰਭੂ!) ਤੁਸੀਂ ਜਿਸ (ਮਨੁੱਖ) ਨੂੰ ਮਾਇਆ ਤੋਂ ਬਚਾ ਕੇ ਰਖਦੇ ਹੋ, ਉਹ ਨਾਮ ਵਿਚ ਪ੍ਰੇਮ ਕਰਦਾ ਹੈ (ਮੰਗਣ ਦੀ ਬਿਰਤੀ ਛਡ ਕੇ ਨਾਮ ਜਪਦਾ ਹੈ, ਇਉਂ ਮਾਇਆ ਤੋਂ ਨਿਰਲੇਪ ਰਹਿੰਦਾ ਹੈ ਤੇ ਮਾਇਆ ਨਾਲ ਨਹੀਂ ਚਿੰਬੜਦਾ)।੧।

ਪਉੜੀ ॥ ਮਮਾ ਮਾਗਨਹਾਰ ਇਆਨਾ ॥ ਦੇਨਹਾਰ ਦੇ ਰਹਿਓ ਸੁਜਾਨਾ ॥ ਜੋ ਦੀਨੋ ਸੋ ਏਕਹਿ ਬਾਰ ॥ ਮਨ ਮੂਰਖ ਕਹ ਕਰਹਿ ਪੁਕਾਰ ॥ ਜਉ ਮਾਗਹਿ ਤਉ ਮਾਗਹਿ ਬੀਆ ॥ ਜਾ ਤੇ ਕੁਸਲ ਨ ਕਾਹੂ ਥੀਆ ॥ ਮਾਗਨਿ ਮਾਗ ਤ ਏਕਹਿ ਮਾਗ ॥ ਨਾਨਕ ਜਾ ਤੇ ਪਰਹਿ ਪਰਾਗ ॥੪੧॥ ਮੰਮੇ ਅੱਖਰ ਦੁਆਰਾ ਉਪਦੇਸ਼ ਹੈ ਕਿ ਮੰਗਣ ਵਾਲਾ (ਜੀਵ) ਬੇ ਸਮਝ ਹੈ।ਦੇਣ ਵਾਲਾ (ਮਾਲਕ ਪ੍ਰਭੂ) ਸਿਆਣਾ ਹੈ, ਜੋ (ਬਿਨ ਮੰਗਿਆਂ ਸਭ ਕੁਝ) ਦੇ ਰਿਹਾ ਹੈ।(ਸਾਰੇ ਜੀਵਨ ਵਿਚ) ਜੋ ਦੇਣਾ ਸੀ, ਉਹ ਇਕੋ ਬਾਰ ਦੇ ਦਿਤਾ ਹੈ (ਲੇਖ ਮੱਥੇ ਤੇ ਲਿਖ ਦਿਤਾ) ।ਹੇ ਮੂਰਖ ਮਨ! (ਤੂੰ) ਕਿਉਂ ਪੁਕਾਰ ਕਰਦਾ ਹੈਂ।(ਫਿਰ ਹੋਰ ਭੁੱਲ ਕਰਦਾ ਹੈਂ) ਜਦ ਕੁਝ ਮੰਗਦਾ ਹੈਂ ਤਾਂ (ਨਾਮ ਤੋਂ ਬਿਨਾ) ਹੋਰ ਦੂਜੇ ਪਦਾਰਥ ਮੰਗਦਾ ਹੈਂ।ਜਿਸ (ਮੰਗਣ) ਤੋਂ ਕਿਸੇ ਨੂੰ ਸੁਖ ਨਹੀਂ ਹੋਇਆ।(ਭਲਾ ਜੇ ਕੁਛ) ਮੰਗ ਮੰਗਣੀ ਹੈ, ਤਾਂ ਇਕ (ਵਾਹਿਗੁਰੂ ਨੂੰ) ਹੀ ਮੰਗ। ਨਾਨਕ ਗੁਰੂ ਜੀ ਆਖ ਰਹੇ ਹਨ, ਜਿਸ (ਵਾਹਿਗੁਰੂ) ਤੋਂ (ਤੂੰ ਸੰਸਾਰ ਸਮੁੰਦਰ ਤੋਂ) ਪਾਰ ਪੈ (ਲੰਘ) ਜਾਵੇਂ।੪੧।

ਪਦਾਰਥ = ਬਹੁ ਬਿਧੀ-ਬਹੁਤ ਪ੍ਰਕਾਰ ਨਾਲ।ਤਿਹ-ਉਸ।ਜਿਹ-ਜਿਸ ਨੂੰ।ਸੁ-ਉਹ।ਰੰਗ-ਪ੍ਰੇਮ।੧।ਪਉੜੀ।ਇਆਨਾ-ਅਣਜਾਣ; ਬੇ ਸਮਝ।ਸੁਜਾਨਾ-ਸਿਆਣਾ; ਜਾਣੀ ਜਾਣ।ਕਹ-ਕਿਉਂ।ਪੁਕਾਰ-ਫਰਿਆਦ।ਜਉ-ਜਦ।ਤਉ-ਤਦ।ਬੀਆ-ਦੂਜਾ; ਹੋਰ।ਜਾ ਤੇ-ਜਿਸ ਤੋਂ।ਕੁਸਲ-ਸੁਖ।ਕਾਹੂ-ਕਿਸੇ ਨੂੰ।ਥੀਆ-ਹੋਇਆ।ਪਰਹਿ-ਪੈ ਜਾਵੇਂ।ਪਰਾਗ-(ਭਵਜਲ ਤੋਂ) ਪਾਰ; ਪਰਮ ਗਤੀ।੪੧।

ਅੰਗ ੨੫੯ = ਸਲੋਕ ॥ ਮਤਿ ਪੂਰੀ ਪਰਧਾਨ ਤੇ, ਗੁਰ ਪੂਰੇ ਮਨ ਮੰਤ ॥ ਜਿਹ ਜਾਨਿਓ ਪ੍ਰਭੁ ਆਪੁਨਾ, ਨਾਨਕ ਤੇ ਭਗਵੰਤ ॥੧॥ (ਜਿਨ੍ਹਾਂ ਪੁਰਖਾਂ ਦੇ) ਮਨ ਵਿਚ ਪੂਰੇ ਗੁਰੂ ਦਾ ਮੰਤ੍ਰ (ਉਪਦੇਸ਼) ਵਸਿਆ ਹੈ, ਉਨ੍ਹਾਂ ਦੀ ਬੁੱਧੀ ਪੂਰਨ ਹੈ ਤੇ ਉਹ ਪਰਧਾਨ ਹਨ।ਜਿਨ੍ਹਾਂ ਨੇ ਅਪਨੇ ਪ੍ਰਭੂ ਨੂੰ ਜਾਣ ਲਿਆ ਹੈ, ਨਾਨਕ ਗੁਰੂ ਜੀ ਆਖਦੇ ਹਨ, ਉਹ ਪੁਰਖ ਭਾਗਾਂ ਵਾਲੇ ; ਰੱਬ ਦਾ ਰੂਪ ਹਨ।੧।

ਪਉੜੀ ॥ ਮਮਾ ਜਾਹੂ ਮਰਮੁ ਪਛਾਨਾ ॥ ਭੇਟਤ ਸਾਧ ਸੰਗ ਪਤੀਆਨਾ ॥ ਦੁਖ ਸੁਖ ਉਆ ਕੈ ਸਮਤ ਬੀਚਾਰਾ ॥ ਨਰਕ ਸੁਰਗ ਰਹਤ

ਅਉਤਾਰਾ ॥ ਤਾਹੂ ਸੰਗ ਤਾਹੂ ਨਿਰਲੇਪਾ ॥ ਪੂਰਨ ਘਟ ਘਟ ਪੁਰਖ ਬਿਸੇਖਾ ॥ ਉਆ ਰਸ ਮਹਿ ਉਆਹੂ ਸੁਖੁ ਪਾਇਆ ॥ ਨਾਨਕ ਲਿਪਤ ਨਹੀ ਤਿਹ ਮਾਇਆ ॥੪੨॥ ਮੰਮੇ ਅੱਖਰ ਦੁਆਰਾ ਉਪਦੇਸ਼ ਹੈ ਕਿ ਜਿਸ ਪੁਰਖ ਨੇ (ਪ੍ਰਭੂ ਦਾ) ਭੇਤ ਪਛਾਣ ਲਿਆ ਹੈ।(ਉਸ ਦਾ) ਸਾਧ ਸੰਗਤ ਨਾਲ ਮਿਲਦਿਆਂ ਮਨ ਮੰਨ ਗਿਆ ਹੈ।ਉਸ ਦੇ ਲਈ ਦੁਖਾਂ ਸੁਖਾਂ ਦਾ ਬਿਚਾਰ ਇਕੋ ਜਿਹਾ ਹੈ; ਉਸ ਦੇ ਮਨ ਨੇ ਵਿਚਾਰਿਆ ਹੈ ਕਿ ਦੁਖ ਸੁਖ ਇਕ ਸਮਾਨ ਹਨ।(ਉਹ) ਨਰਕ ਸੁਰਗ ਵਿਚ ਜਨਮ ਲੈਣ ਤੋਂ ਰਹਿਤ ਹੋ ਗਿਆ; ਨਰਕ ਸੁਰਗ ਤੇ ਜਨਮ (ਮਰਨ) ਤੋਂ ਰਹਿਤ ਹੋ ਗਿਆ।ਉਸ ਨੂੰ (ਵਾਹਿਗੁਰੂ ਅਪਣੇ) ਨਾਲ ਵਸਦਾ ਹੋਇਆ ਵੀ ਤੇ ਓਹੀ (ਵਾਹਿਗੁਰੂ ਮਾਇਆ ਤੋਂ) ਨਿਰਲੇਪ ਵੀ ਦਿਸਦਾ ਹੈ; ਉਹ (ਤਨ ਕਰਕੇ ਪ੍ਰਵਾਰ ਦੇ) ਨਾਲ ਵੀ ਰਹਿੰਦਾ ਹੈ ਤੇ (ਮਨ ਕਰਕੇ ਪ੍ਰਵਾਰ ਤੋਂ) ਨਿਰਲੇਪ ਹੈ।(ਉਸ ਨੇ) ਵਿਸ਼ੇਸ਼ ਤੌਰ ਤੇ ਪੂਰਨ ਪ੍ਰਭੂ ਨੂੰ ਘਟ ਘਟ ਵਿਚ ਵਸਦਾ ਜਾਣਿਆ ਹੈ।ਉਸ (ਮਨੁੱਖ) ਨੇ ਉਸ (ਵਾਹਿਗੁਰੂ) ਦੇ ਰਸ ਵਿਚ ਸੁਖ ਪਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ, ਉਸ ਨੂੰ ਮਾਇਆ ਦਾ ਲੇਪ (ਅਸਰ) ਨਹੀਂ।੪੨।

ਪਦਾਰਥ = ਮਤਿ–ਬੁੱਧੀ।ਪਰਧਾਨ–ਮੁਖੀ; ਸ੍ਰੇਸਟ।ਤੇ–ਉਹ।ਮੰਤ–ਉਪਦੇਸ਼; (ਨਾਮ) ਮੰਤ੍ਰ।ਜਿਹ–ਜਿਨ੍ਹਾਂ ਨੇ।ਭਗਵੰਤ–ਭਾਗਾਂ ਵਾਲਾ; ਰੱਬ ਦਾ ਰੂਪ।੧।ਪਉੜੀ।ਜਾਹੂ–ਜਿਸ ਨੇ।ਮਰਮੁ–ਭੇਤ (ਕਿ ਹਰੀ ਹਾਜਰ ਨਾਜਰ ਹੈ)।ਭੇਟਤ–ਮਿਲਦਿਆਂ।ਪਤੀਆਨਾ–ਮਨ ਮੰਨ ਗਿਆ; ਪਤੀਜ ਗਿਆ; ਤਸੱਲੀ ਹੋ ਗਈ।ਉਆ ਕੈ–ਉਸ ਦੇ ਲਈ।ਸਮਤ–ਇਕੋ ਜਿਹੇ; ਬਰਾਬਰ।ਅਉਤਾਰਾ–ਜਨਮ ਲੈਣ ਤੋਂ; ਜਨਮ ਤੇ ਮਰਨ।ਤਾਹੂ–ਉਸ ਨੂੰ; ਓਹੀ।ਨਿਰਲੇਪਾ–ਮਾਇਆ ਦੇ ਅਸਰ ਤੋਂ ਮੁਕਤ।ਘਟ ਘਟ–ਹਰ ਜੀਵ ਦੇ ਅੰਦਰ।ਬਿਸੇਖਾ–ਵਿਸ਼ੇਸ਼ ਤੌਰ ਤੇ।ਉਆ–ਉਸ ਪ੍ਰਭੂ ਦੇ।ਉਆਹੂ–ਉਸੇ (ਮਨੁੱਖ) ਨੇ।ਲਿਪਤ ਨਹੀ–ਛੋਂਹਦੀ ਨਹੀਂ; ਦਾਗੀ ਨਹੀਂ ਕਰਦੀ।੪੨।

ਸਲੋਕੁ ॥ ਯਾਰ ਮੀਤ ਸੁਨਿ ਸਾਜਨਹੁ ,ਬਿਨੁ ਹਰਿ ਛੂਟਨੁ ਨਾਹਿ ॥ ਨਾਨਕ ਤਿਹ ਬੰਧਨ ਕਟੇ, ਗੁਰ ਕੀ ਚਰਨੀ ਪਾਹਿ ॥੧॥ ਹੇ (ਮੇਰੇ) ਯਾਰ ਮਿਤ੍ਰੋ ! ਹੇ ਸੱਜਣੋ ! ਸੁਣੋ, ਵਾਹਿਗੁਰੂ ਦੇ ਭਜਨ ਤੋਂ ਬਿਨਾ (ਜਨਮ ਮਰਣ ਤੋਂ) ਛੁਟਕਾਰਾ ਨਹੀਂ ਹੁੰਦਾ।ਨਾਨਕ ਗੁਰੂ ਜੀ ਆਖਦੇ ਹਨ, ਉਨ੍ਹਾਂ ਮਨੁੱਖਾਂ ਦੇ (ਮਾਇਆ ਦੇ ਮੋਹ ਦੇ) ਬੰਧਨ ਕੱਟੇ ਜਾਂਦੇ ਹਨ, ਜਿਹੜੇ ਗੁਰੂ ਦੀ ਚਰਨੀਂ ਪੈਂਦੇ ਹਨ।੧।

ਪਵੜੀ ॥ ਯਯਾ ਯਤਨ ਕਰਤ ਬਹੁ ਬਿਧੀਆ ॥ ਏਕ ਨਾਮ ਬਿਨੁ ਕਹ ਲਉ ਸਿਧੀਆ ॥ ਯਾਹੂ ਯਤਨ ਕਰਿ ਹੋਤ ਛੁਟਾਰਾ ॥ ਉਆਹੂ ਯਤਨ ਸਾਧ ਸੰਗਾਰਾ ॥ਯਾ ਉਬਰਨ ਧਾਰੈ ਸਭੁ ਕੋਊ ॥ ਉਆਹਿ ਜਪੇ ਬਿਨੁ ਉਬਰ ਨ ਹੋਊ ॥ ਯਾਹੂ ਤਰਨ ਤਾਰਨ ਸਮਰਾਥਾ ॥ ਰਾਖਿ ਲੇਹੁ ਨਿਰਗੁਨ ਨਰ ਨਾਥਾ ॥ ਮਨ ਬਚ ਕ੍ਰਮ ਜਿਹ ਆਪਿ ਜਨਾਈ ॥ ਨਾਨਕ ਤਿਹ ਮਤਿ ਪ੍ਰਗਟੀ ਆਈ ॥੪੩॥ ਯਯੇ ਅੱਖਰ ਦੁਆਰਾ ਉਪਦੇਸ਼ ਹੈ, (ਮਨੁੱਖ ਭਾਵੇਂ ਬੰਧਨਾਂ ਤੋਂ ਛੁਟਕਾਰਾ ਪਾਉਣ ਲਈ) ਬਹੁਤ ਪ੍ਰਕਾਰ ਦੇ ਜਤਨ ਕਰਦਾ ਹੈ।(ਪਰ) ਇਕ ਵਾਹਿਗੁਰੂ ਦੇ ਨਾਮ ਤੋਂ ਬਿਨਾ ਸਫਲਤਾ ਕਿਥੋਂ ਤਕ ਮਿਲ ਸਕਦੀ ਹੈ? ਭਾਵ ਹੋਰ ਸਾਧਨਾਂ ਨਾਲ ਮਨੁੱਖ ਸਫਲ ਨਹੀਂ ਹੁੰਦਾ।ਜਿਹੜੇ ਜਤਨਾਂ ਕਰਕੇ (ਬੰਧਨਾਂ ਤੋਂ) ਛੁਟਕਾਰਾ ਹੁੰਦਾ ਹੈ।ਉਹ ਜਤਨ ਸਾਧ ਸੰਗਤ ਅੰਦਰ ਹੀ ਹਨ।ਇਸ ਸੰਸਾਰ ਤੋਂ ਤਰਨ ਦੀ ਸਭ ਕੋਈ ਇੱਛਾ ਰਖਦਾ ਹੈ।(ਪਰ) ਉਸ (ਹਰੀ) ਦੇ ਜਪੇ ਬਿਨਾ ਤਰਨਾ ਨਹੀਂ ਹੋ ਸਕਦਾ।(ਹੇ ਪ੍ਰਭੂ ! ਤੂੰ ਆਪ ਹੀ) ਇਸ ਸੰਸਾਰ ਸਮੁੰਦਰ ਤੋਂ ਤਾਰਨ ਲਈ ਜਹਾਜ ਵਾਂਗ ਸਮਰੱਥ ਹੈਂ।ਹੇ ਜੀਵਾਂ ਦੇ ਮਾਲਕ ਵਾਹਿਗੁਰੂ ! (ਸਾਨੂੰ) ਗੁਣ ਹੀਣੇ ਮਨੁੱਖਾਂ ਨੂੰ (ਭਵਜਲ ਵਿਚ ਡੁੱਬਣ ਤੋਂ) ਬਚਾ ਕੇ ਰੱਖ ਲੈ।ਮਨ ਬਚਨ ਤੇ ਕਰਮ ਕਰਕੇ ਜਿਸ ਮਨੁੱਖ ਨੂੰ ਪ੍ਰਭੂ ਨੇ ਆਪ ਸਮਝ ਦਿਤੀ ਹੈ।ਹੇ ਨਾਨਕ ! ਉਸ ਦੀ ਬੁਧੀ ਪ੍ਰਕਾਸ਼ਮਾਨ ਹੋ ਆਈ ਹੈ।੪੩।

ਪਦਾਰਥ = ਛੂਟਨੁ–ਛੁਟਕਾਰਾ।ਤਿਹ–ਉਨ੍ਹਾਂ ਦੇ।ਪਾਹਿ–ਪੈਂਦੇ ਹਨ।੧।ਪਵੜੀ।ਬਹੁ ਬਿਧੀਆ–ਬਹੁਤ ਪ੍ਰਕਾਰ ਦੇ।ਕਹ ਲਉ–ਕਿਥੋਂ ਤਕ।ਸਿਧੀਆ–ਸਫਲਤਾ; ਮੁਕਤੀ।ਯਾਹੂ–ਜਿਹੜੇ।ਉਆਹੂ–ਉਹ।ਯਾ–ਇਸ।ਉਬਰਨ–ਤਰਨ ਦੀ (ਇੱਛਾ)।ਧਾਰੈ–ਧਾਰਦਾ (ਰਖਦਾ) ਹੈ।ਉਆਹਿ–ਉਸ।ਉਬਰ–ਤਰਨਾ।ਨ ਹੋਊ–ਨਹੀਂ ਹੋ ਸਕਦਾ।ਯਾਹੂ–ਇਸ (ਸੰਸਾਰ) ਤੋਂ।ਤਰਨ–ਜਹਾਜ।ਨਿਰਗੁਨ–ਗੁਣਹੀਣ।ਨਰ ਨਾਥਾ–ਹੇ ਜੀਵਾਂ ਦੇ ਮਾਲਕ !।ਜਿਹ–ਜਿਸ ਨੂੰ।ਜਨਾਈ–ਸਮਝ ਦਿਤੀ ਹੈ।ਤਿਹ–ਉਸ ਦੀ।੪੩।

ਸਲੋਕੁ ॥ ਰੋਸੁ ਨ ਕਾਹੂ ਸੰਗ ਕਰਹੁ ,ਆਪਨ ਆਪੁ ਬੀਚਾਰਿ ॥ ਹੋਇ ਨਿਮਾਨਾ ਜਗਿ ਰਹਹੁ ,ਨਾਨਕ ਨਦਰੀ ਪਾਰਿ ॥੧॥ (ਹੇ ਭਾਈ !) ਕਿਸੇ ਨਾਲ ਗੁੱਸਾ ਨਾ ਕਰੋ, (ਸੱਗੋਂ) ਆਪਣਾ ਆਪ ਵਿਚਾਰ (ਜੇ ਕੋਈ ਤੇਰੇ ਤੇ ਦੋਸ਼ ਲਾਵੇ, ਉਸ ਨਾਲ ਰੁੱਸਣ ਦੀ ਥਾਂ ਆਪਾ ਚੀਨਣ ਦਾ ਸੁਭਾਵ ਬਣਾ, ਜੋ ਅਪਣੇ ਦੂਸ਼ਣ ਘਟਣ, ਹੰਕਾਰ ਦੂਰ ਹੋਵੇ ਅਤੇ ਦੂਜੇ ਨੂੰ ਵੀ ਅਪਣੇ ਵਰਗਾ ਜਾਣ, ਤਾਂ ਕਿ ਕਿਸੇ ਤੇ ਗੁੱਸਾ ਨਾ ਆਵੇ, ਜਿਵੇਂ ਅਪਣੇ ਆਪ ਤੇ ਗੁੱਸਾ ਨਹੀਂ ਆਉਂਦਾ)।ਨਾਨਕ ਗੁਰੂ ਜੀ ਆਖਦੇ ਹਨ ਕਿ ਨਿਮਾਣਾ (ਮਾਣ ਰਹਿਤ) ਹੋ ਕੇ ਜਗਤ ਵਿਚ ਰਹਿਣਾ ਕਰ, (ਫਿਰ ਸੰਸਾਰ ਸਮੁੰਦਰ ਤੋਂ ਪ੍ਰਮਾਤਮਾ ਦੀ ਮੇਹਰ ਭਰੀ) ਨਜਰ ਨਾਲ ਪਾਰ ਹੋ ਜਾਵੇਂਗਾ ।੧।

ਪਉੜੀ ॥ ਰਾਰਾ ਰੇਨ ਹੋਤ ਸਭ ਜਾ ਕੀ ॥ ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥ ਰਣਿ ਦਰਗਹਿ ਤਉ ਸੀਝਹਿ ਭਾਈ ॥ ਜਉ ਗੁਰਮੁਖਿ ਰਾਮ ਨਾਮ ਲਿਵ ਲਾਈ ॥ ਰਹਤ ਰਹਤ ਰਹਿ ਜਾਹਿ ਬਿਕਾਰਾ ॥ ਗੁਰ ਪੂਰੇ ਕੈ ਸਬਦਿ ਅਪਾਰਾ ॥ ਰਾਤੇ ਰੰਗ ਨਾਮ ਰਸ ਮਾਤੇ ॥ ਨਾਨਕ ਹਰਿ ਗੁਰ ਕੀਨੀ ਦਾਤੇ ॥੪੪॥ ਰਾਰੇ ਅੱਖਰ ਦਾ ਉਪਦੇਸ਼ ਹੈ, ਸਾਰੇ (ਲੋਕ) ਜਿਸ ਗੁਰੂ ਦੀ ਚਰਨ ਧੂੜ ਹੁੰਦੇ ਹਨ; ਸਭ ਜਗ੍ਹਾ ਤੇ ਰਹਿਣ

All Rights Reserved by Harjinder Singh Gyani | www.GuruGranthVakhyaan.org

ਵਾਲੇ ਜੀਵਾਂ ਦੀ ਧੂੜ ਹੋ ਜਾਹ।(ਤੂੰ ਵੀ ਅਪਣਾ) ਅਭਿਮਾਨ ਛਡ ਕੇ (ਗੁਰੂ ਦੀ ਚਰਨ ਧੂੜ ਹੋ ਜਾਹ, ਤਾਂ ਕਿ ਤੇਰੇ ਜਿੰਮੇ ਜੋ ਕੁਝ ਦੇਣਾ) ਬਾਕੀ ਰਹਿੰਦਾ ਹੈ, ਉਹ ਛੁਟ ਜਾਵੇ ਭਾਵ ਪਾਪਾਂ ਦਾ ਫਲ ਜੋ ਤੂੰ ਅਜੇ ਭੁਗਤਣਾ ਹੈ, ਉਹ ਮਾਫ ਹੋ ਜਾਵੇ (ਸ਼ਬਦਾਰਥ)।ਹੇ ਭਾਈ! ਹਰੀ ਦੀ ਦਰਗਾਹ ਰੂਪ ਮੈਦਾਨਿ-ਜੰਗ ਵਿਚ ਤੂੰ ਤਦ ਜਿੱਤ ਸਕੇਂਗਾ।ਜੇ ਗੁਰੂ ਦੁਆਰਾ ਵਾਹਿਗੁਰੂ ਦੇ ਨਾਮ ਦੀ ਲਿਵ ਲਾਵੇਂਗਾ।ਪੂਰਨ ਗੁਰੂ ਦੇ ਸ਼ਬਦ ਦੁਆਰਾ ਬੇਅੰਤ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਵਿਕਾਰ ਮੁਕਦੇ ਮੁਕਦੇ ਬਿਲਕੁਲ ਮੁੱਕ ਜਾਂਦੇ ਹਨ; ਗੁਰੂ ਦੇ ਪਾਰ ਰਹਿਤ ਸ਼ਬਦ ਨਾਲ ਤੇ ਗੁਰੂ ਦੀ ਦੱਸੀ ਰਹਿਤ ਰਹਿਣ (ਰੱਖਣ) ਨਾਲ ਵਿਕਾਰ ਹਟ ਜਾਂਦੇ ਹਨ।ਹੇ ਨਾਨਕ! (ਜਿਨ੍ਹਾਂ ਪੁਰਖਾਂ ਨੂੰ) ਹਰੀ ਸਰੂਪ ਗੁਰੂ ਨੇ ਨਾਮ ਦੀ ਦਾਤ ਬਖਸ਼ਿਸ਼ ਕੀਤੀ ਹੈ, ਉਹ ਨਾਮ ਦੇ ਰੰਗ ਵਿਚ ਰੰਗੇ ਹੋਏ ਹਨ ਤੇ (ਨਾਮ) ਰਸ ਵਿਚ ਮਸਤ ਰਹਿੰਦੇ ਹਨ।੪੪।

ਪਦਾਰਥ = ਰੋਸੁ-ਗੁੱਸਾ।ਕਾਹੂ ਸੰਗ-ਕਿਸੇ ਨਾਲ।ਆਪਨ ਆਪੁ-ਅਪਣੇ ਆਪ ਨੂੰ।ਨਦਰੀ-ਮੇਹਰ ਭਰੀ ਨਜਰ ਨਾਲ।੧।ਪਉੜੀ। ਰੇਨ-ਚਰਨ ਧੂੜ।ਹੋਤ-ਹੁੰਦੇ ਹਨ।ਜਾ ਕੀ-ਜਿਸ ਦੀ; ਜਗ੍ਹਾ ਦੀ।ਤਜਿ-ਛਡ ਕੇ।ਬਾਕੀ-ਜਿਨ੍ਹਾਂ ਪਾਪ ਕਰਮਾਂ ਦਾ ਫਲ ਭੁਗਤਣਾ ਬਾਕੀ ਰਹਿੰਦਾ ਹੈ।ਰਣਿ-ਮੈਦਾਨਿ ਜੰਗ ਵਿਚ।ਤਉ-ਤਦ।ਸੀਝਹਿ-ਜਿਤੇਂਗਾ।ਜਉ-ਜੇ।ਰਹਤ ਰਹਤ-ਰਹਿੰਦੇ ਰਹਿੰਦੇ (ਮੁਕਦੇ ਮੁਕਦੇ); ਰਹਿਤ ਰਖਣ ਨਾਲ।ਰਹਿ ਜਾਇ-ਮੁੱਕ ਜਾਂਦੇ ਹਨ।ਰਾਤੇ-ਰੰਗੇ ਹੋਏ ਹਨ।ਮਾਤੇ-ਮਸਤ।ਦਾਤੇ-ਦਾਤ।੪੪।

ਸਲੋਕੁ ॥ ਲਾਲਚ ਝੂਠ ਬਿਖੈ ਬਿਆਧਿ, ਇਆ ਦੇਹੀ ਮਹਿ ਬਾਸ ॥ ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ, ਨਾਨਕ ਸੁਖਿ ਨਿਵਾਸ ॥੧॥ ਲਾਲਚ, ਝੂਠ, ਵਿਸ਼ੇ ਵਿਕਾਰ ਤੇ ਬਿਮਾਰੀਆਂ ਦਾ ਇਸ ਦੇਹੀ ਵਿਚ ਵਾਸਾ ਹੈ (ਜਿਸ ਕਰਕੇ ਮਨੁੱਖ ਜੰਮਦਾ ਮਰਦਾ ਰਹਿੰਦਾ ਹੈ)।ਨਾਨਕ ਗੁਰੂ ਜੀ ਆਖਦੇ ਹਨ, (ਜਿਸ) ਗੁਰਮੁਖ ਨੇ ਹਰਿ ਹਰਿ ਨਾਮ ਦਾ ਅੰਮ੍ਰਿਤ ਪੀਤਾ ਹੈ, (ਉਸ ਦਾ) ਸੁੱਖਾਂ ਵਿਚ ਨਿਵਾਸ ਹੋਇਆ ਹੈ।੧।

ਪਉੜੀ ॥ ਲਲਾ ਲਾਵਉ ਅਉਖਧ ਜਾਹੂ ॥ ਦੂਖ ਦਰਦ ਤਿਹ ਮਿਟਹਿ ਖਿਨਾਹੂ ॥ ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ ਤਾਹਿ ਰੋਗੁ ਸੁਪਨੈ ਨਹੀ ਆਵੈ ॥ ਹਰਿ ਅਉਖਧੁ ਸਭ ਘਟ ਹੈ ਭਾਈ ॥ ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ ਗੁਰਿ ਪੂਰੈ ਸੰਜਮੁ ਕਰਿ ਦੀਆ ॥ ਨਾਨਕ ਤਉ ਫਿਰਿ ਦੂਖ ਨ ਥੀਆ ॥੪੫॥ ਲੱਲੇ ਅੱਖਰ ਦੁਆਰਾ ਉਪਦੇਸ਼ ਹੈ, ਜਿਸ (ਮਨੁੱਖ) ਨੂੰ (ਗੁਰੂ ਵੈਦ ਨਾਮ ਰੂਪ) ਦਵਾਈ ਲਗਾ ਦੇਂਦੇ ਹਨ।ਉਸ ਦੇ ਤਨ ਦੇ ਦੁਖ ਅਤੇ ਮਨ ਦੇ ਦਰਦ ਖਿਨ ਵਿਚ ਮਿਟ ਜਾਂਦੇ ਹਨ।ਨਾਮ ਦੀ ਦਵਾਈ ਜਿਸ ਦੇ ਹਿਰਦੇ ਨੂੰ ਰਾਸ ਆ ਜਾਵੇ।ਰੋਗ ਉਸਦੇ ਸੁਪਨੇ ਵਿਚ ਵੀ ਨਹੀਂ ਆਉਂਦਾ।ਹੇ ਭਾਈ! ਹਰੀ ਦੇ ਨਾਮ ਦੀ ਦਵਾਈ ਸਭ ਦੇ ਹਿਰਦਿਆਂ ਵਿਚ ਹੈ।(ਪਰ) ਪੂਰਨ ਗੁਰੂ ਤੋਂ ਬਿਨਾ (ਇਸ ਦੇ ਵਰਤਨ ਜਾਂ ਪ੍ਰਾਪਤੀ ਦੀ) ਜੁਗਤੀ ਨਹੀਂ ਬਣਦੀ।(ਜਦ) ਪੂਰੇ ਗੁਰੂ ਨੇ (ਦਵਾਈ ਖਾਣ ਦਾ ਤਰੀਕਾ ਤੇ) ਪ੍ਰਹੇਜ ਕਰਨਾ ਦਸ ਦਿਤਾ (ਵਿਧੀ ਪੂਰਬਕ ਨਾਮ ਸਿਮਰਨ ਦੀ ਜੁਗਤੀ ਤੇ ਵਾਸ਼ਨਾਵਾਂ ਦਾ ਪ੍ਰਹੇਜ ਕਰਨਾ ਸਮਝਾ ਦਿਤਾ)।ਨਾਨਕ ਗੁਰੂ ਜੀ ਆਖਦੇ ਹਨ ਕਿ ਤਦ ਤੋਂ ਫਿਰ (ਕਿਸੇ ਕਿਸਮ ਦਾ) ਦੁਖ ਨਹੀਂ ਹੋਇਆ।੪੫।

ਪਦਾਰਥ = ਬਿਖੈ-ਵਿਸ਼ੇ ਵਿਕਾਰ।ਬਿਆਧਿ-ਰੋਗ; ਦੁਖ।ਇਆ-ਇਸ।ਸੁਖਿ-ਸੁੱਖਾਂ ਵਿਚ।੧।ਪਉੜੀ।ਲਾਵਉ-ਲਾਉਂਦਾ ਹੈ।ਅਉਖਧੁ -ਦਵਾਈ।ਜਾਹੂ-ਜਿਸ ਨੂੰ।ਤਿਹ-ਉਸ ਦੇ।ਖਿਨਾਹੂ-ਖਿਨ ਵਿਚ।ਜਿਹ-ਜਿਸ ਦੇ।ਹਿਤਾਵੈ-ਰਾਸ ਆ ਜਾਂਦੀ ਹੈ; ਪਿਆਰੀ ਲਗਦੀ ਹੈ। ਤਾਹਿ-ਉਸ ਦੇ।ਘਟ-ਹਿਰਦਿਆਂ ਵਿਚ।ਬਿਧਿ-ਜੁਗਤੀ; ਤਰੀਕਾ।ਸੰਜਮੁ-ਪ੍ਰਹੇਜ।ਫਿਰਿ-ਮੁੜ ਦੁਬਾਰਾ।੪੫।

ਸਲੋਕੁ ॥ ਵਾਸੁਦੇਵ ਸਰਬਤ੍ਰ ਮੈ, ਊਨ ਨ ਕਤਹੂ ਠਾਇ ॥ ਅੰਤਰਿ ਬਾਹਰਿ ਸੰਗਿ ਹੈ, ਨਾਨਕ ਕਾਇ ਦੁਰਾਇ ॥੧॥ (ਹੇ ਭਾਈ!) ਪ੍ਰਭੂ ਸਭ ਵਿਚ ਮੌਜੂਦ ਹੈ, (ਉਹ) ਕਿਸੇ ਥਾਂ ਊਣਾ ਨਹੀਂ (ਕੋਈ ਐਸੀ ਥਾਂ ਨਹੀਂ, ਜਿਥੇ ਪ੍ਰਭੂ ਘਟ ਹੋਵੇ ਜਾਂ ਨਾ ਹੋਵੇ।ਉਹ ਸਰੀਰ ਦੇ) ਅੰਦਰ ਤੇ ਬਾਹਰ ਵੀ (ਸਭ ਦੇ) ਨਾਲ ਹੈ, ਨਾਨਕ ਗੁਰੂ ਜੀ ਆਖਦੇ ਹਨ, (ਉਸ ਤੋਂ ਅਪਣੇ ਪਾਪਾਂ ਦਾ) ਲੁਕਾਉ ਕਾਹਦਾ?।੧।

ਪਉੜੀ ॥ ਵਵਾ ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਵਾਸੁਦੇਵ ਜਲ ਥਲ ਮਹਿ ਰਵਿਆ ॥ ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥ ਵੈਰ ਵਿਰੋਧ ਮਿਟੇ ਤਿਹ ਮਨ ਤੇ ॥ ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥ ਵਾਵੇ ਅੱਖਰ ਦੁਆਰਾ ਉਪਦੇਸ਼ ਹੈ ਕਿ ਕਿਸੇ ਨਾਲ ਵੈਰ ਨਹੀਂ ਕਰਨਾ ਚਾਹੀਦਾ।(ਕਿਉਂਕਿ) ਹਰ ਇਕ ਦੇ ਦਿਲ ਵਿਚ ਵਾਹਿਗੁਰੂ ਸਮਾ ਰਿਹਾ ਹੈ।ਵਾਹਿਗੁਰੂ ਜਲਾਂ ਵਿਚ ਥਲਾਂ ਵਿਚ (ਸਭ ਜਗ੍ਹਾ) ਰਮਿਆ ਹੋਇਆ ਹੈ।(ਪਰ ਉਸ ਨੂੰ) ਗੁਰੂ ਦੀ ਕ੍ਰਿਪਾ ਨਾਲ ਕਿਸੇ ਵਿਰਲੇ ਨੇ ਹੀ ਜਾਣਿਆ ਹੈ; ਗਾਇਆ ਹੈ। ਉਸ ਦੇ ਮਨ ਤੋਂ ਵੈਰ ਵਿਰੋਧ ਮਿਟ ਜਾਂਦੇ ਹਨ।ਜਿਹੜੇ ਗੁਰਮੁਖ ਜਨ ਹਰੀ ਦਾ ਕੀਰਤਨ ਸੁਣਦੇ ਹਨ।

ਅੰਗ ੨੬੦ = ਵਰਨ ਚਿਹਨ ਸਗਲਹ ਤੇ ਰਹਤਾ ॥ ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥੪੬॥ ਨਾਨਕ ਗੁਰੂ ਜੀ ਆਖਦੇ ਹਨ, ਜੋ (ਮਨੁੱਖ) ਗੁਰੂ ਦੁਆਰਾ ਹਰੀ ਹਰਿ ਨਾਮ ਜਪਦਾ ਹੈ, ਉਹ ਰੰਗ ਤੇ ਜਾਤ ਪਾਤ ਦੇ ਭੇਦ ਆਦਿ ਸਭ ਤੋਂ ਰਹਿਤ ਹੋ ਜਾਂਦਾ ਹੈ (ਉਸ ਭਗਤ ਨੂੰ ਜਾਤ, ਰੰਗ ਤੇ ਧਾਰਮਕ ਚਿੰਨ੍ਹਾਂ ਦੀ ਪਕੜ ਨਹੀਂ ਹੁੰਦੀ, ਉਹ ਕੇਵਲ ਪ੍ਰਭੂ ਨਾਲ ਜੁੜਦਾ ਹੈ)।੪੬।

ਪਦਾਰਥ = ਵਾਸੁਦੇਵ-(ਜਿਸ ਵਿਚ ਸਭ ਦਾ ਨਿਵਾਸ ਹੈ ਤੇ ਜੋ ਸਭ ਵਿਚ ਵਸਦਾ ਹੈ) ਪ੍ਰਮਾਤਮਾ।ਸਰਬਤ੍ਰ ਮੈ-ਸਭ ਵਿਚ।ਊਨ-ਘਟ; ਅਣਹੋਂਦ।ਕਤਹੂ ਠਾਇ-ਕਿਸੇ ਥਾਂ ਵਿਚ।ਕਾਇ-ਕੀ; ਕਾਹਦਾ।ਦੁਰਾਇ-ਲੁਕਾਉ।੧।ਪਉੜੀ।ਕਾਹੂ-ਕਿਸੇ ਨਾਲ।ਸਮਾਹੂ-ਵਿਆਪਕ

All Rights Reserved by Harjinder Singh Gyani | www.GuruGranthVakhyaan.org

;ਸਮਾ ਰਿਹਾ ਹੈ। ਰਵਿਆ-ਰਮਿਆ ਹੈ। ਗਵਿਆ-ਜਾਣਿਆ; ਖੋਜਿਆ; ਗਾਇਆ। ਤਿਹ-ਉਸ। ਵਰਨ-ਰੰਗ; ਜਾਤ ਪਾਤ। ਚਿਹਨ-(ਧਾਰਮਕ) ਚਿੰਨ੍ਹ (ਤਿਲਕ ਜਨੇਊ ਮਾਲਾ ਆਦਿ ਦੇ)। ਸਗਲਹ ਤੇ-ਸਭ ਤੋਂ। ਰਹਤਾ-ਰਹਿਤ; ਅਲੱਗ। ਕਹਤਾ-ਉਚਾਰਦਾ ਹੈ।੪੬।

ਸਲੋਕੁ ॥ ਹਉ ਹਉ ਕਰਤ ਬਿਹਾਨੀਆ, ਸਾਕਤ ਮੁਗਧ ਅਜਾਨ ॥ ੜੜਕਿ ਮੁਏ ਜਿਉ ਤ੍ਰਿਖਾਵੰਤ, ਨਾਨਕ ਕਿਰਤਿ ਕਮਾਨ ॥੧॥ ਸਾਕਤ, ਮੂਰਖ ਤੇ ਅਣਜਾਣ ਮਨੁੱਖਾਂ ਦੀ ਉਮਰ ਮੈਂ ਮੈਂ ਕਰਦਿਆਂ ਬੀਤ ਗਈ ਹੈ। ਨਾਨਕ ਗੁਰੂ ਜੀ ਆਖ ਰਹੇ ਹਨ ਕਿ (ਉਹ ਅਪਣੇ) ਪੂਰਬਲੇ ਕਮਾਏ ਕਰਮਾਂ ਕਰਕੇ ਮਰ ਗਏ ਹਨ, ਜਿਵੇਂ ਤਿਹਾਏ ਜੀਵ ਤੜਪ ਕੇ; ਅੜਾਟ ਪਾਉਂਦੇ ਹੋਏ ਮਰ ਗਏ ਹਨ।੧।

ਪਉੜੀ ॥ ੜਾੜਾ ੜਾੜਿ ਮਿਟੈ ਸੰਗਿ ਸਾਧੂ ॥ ਕਰਮ ਧਰਮ ਤਤੁ ਨਾਮ ਅਰਾਧੂ ॥ ਰੂੜੋ ਜਿਹ ਬਸਿਓ ਰਿਦ ਮਾਹੀ ॥ ਉਆ ਕੀ ੜਾੜਿ ਮਿਟਤ ਬਿਨਸਾਹੀ ॥ ੜਾੜਿ ਕਰਤ ਸਾਕਤ ਗਾਵਾਰਾ ॥ ਜੇਹ ਹੀਐ ਅਹੰਬੁਧਿ ਬਿਕਾਰਾ ॥ ੜਾੜਾ ਗੁਰਮੁਖਿ ੜਾੜਿ ਮਿਟਾਈ ॥ ਨਿਮਖ ਮਾਹਿ ਨਾਨਕ ਸਮਝਾਈ ॥੪੭॥ ੜਾੜੇ ਅੱਖਰ ਦੁਆਰਾ ਆਖ ਰਹੇ ਹਨ ਕਿ ਸਾਧੂਆਂ ਦੀ ਸੰਗਤ ਕਰਕੇ (ਜਨਮ ਮਰਣ ਦਾ) ਝਗੜਾ ਮਿਟ ਜਾਂਦਾ ਹੈ। (ਕਿਉਂਕਿ ਉਥੇ) ਨਾਮ ਅਰਾਧਿਆ ਜਾਂਦਾ ਹੈ, ਜੋ ਸਾਰੇ ਕਰਮਾਂ ਧਰਮਾਂ ਦਾ ਤੱਤ ਹੈ। ਸੁੰਦਰ ਪ੍ਰਭੂ ਜਿਸ (ਮਨੁੱਖ) ਦੇ ਹਿਰਦੇ ਵਿਚ ਵਸਿਆ ਹੈ। ਉਸਦੀ ਲੜਾਈ ਮਿਟਦੀ ਹੋਈ ਨਾਸ਼ ਹੋ ਗਈ ਹੈ। ਮੂਰਖ ਸਾਕਤ ਪੁਰਸ਼ ਝਗੜਾ ਕਰਦੇ ਹਨ। ਜਿਨ੍ਹਾਂ ਦੇ ਹਿਰਦੇ ਵਿਚ ਹੰਕਾਰ ਵਾਲੀ ਬੁੱਧੀ ਤੇ ਵਿਕਾਰ ਹਨ। ਨਾਨਕ ਗੁਰੂ ਜੀ ੜਾੜੇ ਦੁਆਰਾ ਆਖ ਰਹੇ ਹਨ (ਕਿ ਜਿਸ) ਗੁਰਮੁਖ ਨੇ (ਅਪਣੇ ਮਨ ਦਾ) ਝਗੜਾ ਮਿਟਾ ਲਿਆ ਹੈ, (ਉਸ ਨੂੰ ਤੱਤ ਸਰੂਪ ਦੀ ਇਕ) ਪਲ ਵਿਚ ਹੀ ਸਮਝ ਆ ਗਈ ਹੈ।੪੭।

ਪਦਾਰਥ = ਹਉ ਹਉ-ਮੈਂ ਮੈਂ। ਬਿਹਾਨੀਆ-ਬੀਤ ਗਈ। ਸਾਕਤ-ਰੱਬ ਤੋਂ ਬੇਮੁਖ। ਮੁਗਧ-ਮੂਰਖ। ਅਜਾਨ-ਅਣਜਾਣ; ਬੇਸਮਝ। ੜੜਕਿ-ਰੜਕ ਨਾਲ; (ਮੈਂ ਮੈਂ ਦੀ) ਪੀੜ ਨਾਲ; ਤੜਪ ਕੇ। ਤ੍ਰਿਖਾਵੰਤ-ਤਿਹਾਏ। ਕਿਰਤਿ ਕਮਾਨ-ਕਮਾਏ ਕਰਮਾਂ ਕਰਕੇ।੧। ਪਉੜੀ। ੜਾੜਿ-ਝਗੜਾ; ਵਾਦ ਵਿਵਾਦ। ਤਤੁ-ਨਿਚੋੜ। ਅਰਾਧੂ-ਜਪਿਆ ਜਾਂਦਾ ਹੈ। ਰੂੜੋ-ਸੁੰਦਰ ਪ੍ਰਭੂ। ਜਿਹ-ਜਿਸ ਦੇ। ਰਿਦ ਮਾਹੀ-ਹਿਰਦੇ ਵਿਚ। ਉਆ ਕੀ-ਉਸ ਦੀ। ਬਿਨਸਾਹੀ-ਨਾਸ਼ ਹੋ ਜਾਂਦੀ ਹੈ। ਗਾਵਾਰਾ-ਮੂਰਖ। ਹੀਐ-ਹਿਰਦੇ ਵਿਚ। ਨਿਮਖ-ਅੱਖ ਝਮਕਣ ਦਾ ਸਮਾਂ।੪੭।

ਸਲੋਕੁ ॥ ਸਾਧੂ ਕੀ ਮਨ ਓਟ ਗਹੁ ,ਉਕਤਿ ਸਿਆਨਪ ਤਿਆਗੁ ॥ ਗੁਰ ਦੀਖਿਆ ਜਿਹ ਮਨਿ ਬਸੈ, ਨਾਨਕ ਮਸਤਕਿ ਭਾਗੁ ॥੧॥ ਹੇ ਮਨ! (ਤੂੰ) ਸਾਧੂਆਂ ਦੀ ਓਟ ਗ੍ਰਹਿਣ ਕਰ ਤੇ ਦਲੀਲਬਾਜੀ ਤੇ ਸਿਆਣਪ ਛਡ ਦੇ। ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਗੁਰੂ ਦੀ ਸਿੱਖਿਆ ਜਿਸ (ਮਨੁੱਖ) ਦੇ ਮਨ ਵਿਚ ਵਸਦੀ ਹੈ, (ਉਸਦੇ) ਮੱਥੇ ਦੇ ਚੰਗੇ ਭਾਗ ਹਨ।੧।

ਪਉੜੀ ॥ ਸਸਾ ਸਰਨਿ ਪਰੇ ਅਬ ਹਾਰੇ ॥ ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥ ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਜਨ ਨਹੀ ਛੁਟਕਾਰਾ ॥ ਸਾਸਿ ਸਾਸਿ ਹਮ ਭੂਲਨਹਾਰੇ ॥ ਤੁਮ ਸਮਰਥ ਅਗਨਤ ਅਪਾਰੇ ॥ ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥੪੮॥ ਸੱਸੇ ਦੁਆਰਾ ਉਪਦੇਸ਼ ਹੈ ਕਿ ਹੁਣ ਹਾਰ ਕੇ ਪ੍ਰਭੂ ਦੀ ਸ਼ਰਣ ਵਿਚ ਪਏ ਹਾਂ। ਸ਼ਾਸ਼ਤ੍ਰ ,ਸਿਮ੍ਰਿਤੀਆਂ ਤੇ ਬੇਦ (ਵੀ ਇਹੋ ਹੀ) ਪੁਕਾਰਦੇ ਹਨ। (ਸ਼ਾਸ਼ਤ੍ਰਾਂ ਨੂੰ) ਸੋਧਦਿਆਂ, (ਸਿਮ੍ਰਤੀਆਂ ਨੂੰ) ਸੋਧਦਿਆਂ ਤੇ (ਫਿਰ ਬੇਦਾਂ ਨੂੰ ਵੀ) ਸੋਧ ਕੇ ਵਿਚਾਰਿਆ ਹੈ; (ਮਨ ਕਰਕੇ) ਸੋਧਦਿਆਂ, (ਤਨ ਕਰਕੇ) ਸੋਧਦਿਆਂ ਤੇ (ਬਾਣੀ ਦੁਆਰਾ) ਸੋਧ ਕੇ ਭਾਵ ਪੂਰੀ ਛਾਣਬੀਣ ਕਰਕੇ ਨਿਰਣਾ ਕੀਤਾ ਹੈ। ਕਿ ਵਾਹਿਗੁਰੂ ਦੇ ਭਜਨ ਤੋਂ ਬਿਨਾ (ਜੀਵ ਦਾ) ਛੁਟਕਾਰਾ ਨਹੀਂ ਹੋ ਸਕਦਾ। (ਅਰਦਾਸ ਕਰਦੇ ਹਾਂ, ਹੇ ਪ੍ਰਭੂ!) ਅਸੀਂ ਸੁਆਸ ਸੁਆਸ ਭੁਲਣ ਵਾਲੇ ਹਾਂ। ਤੁਸੀਂ ਸਮਰੱਥ ਹੋ, ਪਾਰ ਰਹਿਤ ਅਤੇ ਗਿਣਤੀ ਤੋਂ ਰਹਿਤ ਹੋ। ਨਾਨਕ ਗੁਰੂ ਜੀ ਆਖਦੇ ਹਨ, ਹੇ ਗੁਪਾਲ! (ਅਸੀਂ) ਤੁਹਾਡੇ ਬੱਚੇ ਹਾਂ। ਹੇ ਦਇਆ ਕਰਨ ਵਾਲੇ ਪ੍ਰਭੂ! ਸ਼ਰਣ ਪਏ ਦੀ ਲਾਜ ਰੱਖੋ ਜੀ।੪੮।

ਪਦਾਰਥ = ਗਹੁ-ਗ੍ਰਹਿਣ ਕਰ। ਉਕਤਿ-ਦਲੀਲਬਾਜੀ। ਜਿਹ-ਜਿਸ ਦੇ। ਮਸਤਕਿ-ਮੱਥੇ ਦੇ।੧। ਪਉੜੀ। ਪਰੇ-ਪਏ ਹਾਂ। ਅਬ-ਹੁਣ। ਹਾਰੇ-ਹਾਰ ਕੇ। ਛੁਟਕਾਰਾ-ਮੁਕਤੀ। ਅਗਨਤ-ਗਿਣਤੀ ਤੋਂ ਰਹਿਤ। ਅਪਾਰੇ-ਪਾਰ ਰਹਿਤ। ਬਾਲ-ਬੱਚੇ।੪੮।

ਸਲੋਕੁ ॥ ਖੁਦੀ ਮਿਟੀ ਤਬ ਸੁਖ ਭਏ, ਮਨ ਤਨ ਭਏ ਅਰੋਗ ॥ ਨਾਨਕ ਦ੍ਰਿਸਟੀ ਆਇਆ, ਉਸਤਤਿ ਕਰਨੈ ਜੋਗੁ ॥੧॥ (ਹੇ ਭਾਈ! ਜਦ ਮਨੁੱਖ ਦੀ) ਹਉਮੈ ਮਿਟ ਗਈ ਤਦ ਸੁਖ ਪ੍ਰਾਪਤ ਹੋ ਗਿਆ ਅਤੇ (ਉਸ ਦੇ) ਮਨ ਤਨ ਅਰੋਗ ਹੋ ਗਏ। ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਉਸਤਤੀ ਕਰਨ ਦੇ ਯੋਗ ਅਕਾਲ ਪੁਰਖ (ਮਨੁੱਖ ਨੂੰ) ਨਜਰ ਵਿਚ ਆ ਗਿਆ ਹੈ।੧।

ਪਉੜੀ ॥ ਖਖਾ ਖਰਾ ਸਰਾਹਉ ਤਾਹੂ ॥ ਜੋ ਖਿਨ ਮਹਿ ਊਨੇ ਸੁਭਰ ਭਰਾਹੂ ॥ ਖਰਾ ਨਿਮਾਨਾ ਹੋਤ ਪਰਾਨੀ ॥ ਅਨਦਿਨੁ ਜਾਪੈ ਪ੍ਰਭ ਨਿਰਬਾਨੀ ॥ ਭਾਵੈ ਖਸਮ ਤ ਉਆ ਸੁਖੁ ਦੇਤਾ ॥ ਪਾਰਬ੍ਰਹਮੁ ਐਸੋ ਆਗਨਤਾ ॥ ਅਸੰਖ ਖਤੇ ਖਿਨ ਬਖਸਨਹਾਰਾ ॥ ਨਾਨਕ ਸਾਹਿਬ ਸਦਾ ਦਇਆਰਾ ॥੪੯॥ ਖੱਖੇ ਅੱਖਰ ਦੁਆਰਾ ਉਪਦੇਸ਼ ਹੈ ਕਿ ਚੰਗੀ ਤਰ੍ਹਾਂ ਉਸ ਪ੍ਰਭੂ ਦੀ ਸਿਫਤ ਸਲਾਹ ਕਰੋ। ਜਿਹੜਾ ਖਿਨ ਵਿਚ ਖਾਲੀਆਂ ਨੂੰ ਨਕੋ ਨਕ ਭਰ ਦੇਂਦਾ ਹੈ। (ਜੋ) ਮਨੁੱਖ ਚੰਗੀ ਤਰ੍ਹਾਂ ਮਾਣ ਰਹਿਤ ਹੋ ਜਾਂਦਾ ਹੈ। (ਉਹ) ਦਿਨ ਰਾਤ ਨਿਰਲੇਪ ਪ੍ਰਭੂ ਨੂੰ ਜਪਦਾ ਹੈ। (ਜੇ ਪ੍ਰਭੂ ਨੂੰ ਉਹ ਨਿਮਾਣਾ ਤੇ ਨਾਮ ਜਪਣ ਵਾਲਾ ਮਨੁੱਖ) ਚੰਗਾ ਲਗ ਜਾਵੇ, ਤਾਂ ਮਾਲਕ ਪ੍ਰਭੂ ਉਸ ਨੂੰ ਸੁਖ ਦੇਂਦਾ ਹੈ। ਪਾਰਬ੍ਰਹਮ

All Rights Reserved by Harjinder Singh Gyani | www.GuruGranthVakhyaan.org

ਐਸਾ ਹੈ, (ਜੋ ਭਗਤਾਂ ਦੇ ਕਰਮਾਂ ਦੀ) ਗਿਣਤੀ ਨਹੀਂ ਕਰਦਾ।(ਉਹ) ਅਣਗਿਣਤ ਗੁਨਾਹ ਖਿਨ ਵਿਚ ਬਖਸ਼ਣਹਾਰ (ਮਾਫ ਕਰਨ ਵਾਲਾ) ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਵਾਹਿਗੁਰੂ ਸਦਾ ਹੀ ਦਇਆ ਕਰਨ ਵਾਲਾ ਹੈ।੪੯।

ਪਦਾਰਥ = ਖੁਦੀ–ਹਉਮੈ।ਤਬ–ਤਦ।ਭਏ–ਹੋਏ।ਅਰੋਗ–ਰੋਗ ਰਹਿਤ (ਤੰਦਰੁਸਤ)।ਜੋਗੁ–ਉਚਿਤ; ਲਾਇਕ।੧।ਪਉੜੀ।ਖਰਾ–ਚੰਗੀ ਤਰ੍ਹਾਂ।ਸਰਾਹਉ–ਸਲਾਹੁੰਦੇ ਰਹੋ।ਤਾਹੂ–ਉਸ ਦੀ।ਊਨੇ–ਖਾਲੀ।ਸੁਭਰ–ਕੰਢਿਆਂ ਤਕ ਪੂਰਾ; ਨਕੋ ਨਕ।ਭਰਾਹੂ–ਭਰ ਦੇਂਦਾ ਹੈ। ਨਿਮਾਨਾ–ਨਿਰ ਹੰਕਾਰ।ਹੋਤ–ਹੁੰਦਾ ਹੈ।ਪਰਾਨੀ–ਜੀਵ।ਜਾਪੈ–ਜਪਦਾ ਹੈ।ਨਿਰਬਾਨੀ–ਨਿਰਲੇਪ।ਭਾਵੈ–ਚੰਗਾ ਲੱਗੇ।ਉਆ–ਉਸ ਨੂੰ। ਆਗਨਤਾ–ਜੋ ਗਿਣਤੀ ਨਾ ਕਰੇ।ਅਸੰਖ–ਅਣਗਿਣਤ।ਖਤੇ–ਪਾਪ।ਦਇਆਰਾ–ਦਇਆ ਕਰਨ ਵਾਲਾ।੪੯।

ਸਲੋਕੁ ॥ ਸਤਿ ਕਹਉ ਸੁਨਿ ਮਨ ਮੇਰੇ, ਸਰਨਿ ਪਰਹੁ ਹਰਿ ਰਾਇ ॥ ਉਕਤਿ ਸਿਆਨਪ ਸਗਲ ਤਿਆਗਿ, ਨਾਨਕ ਲਏ ਸਮਾਇ ॥੧॥ ਹੇ ਮੇਰੇ ਮਨ! ਸੁਣ, (ਮੈਂ) ਸੱਚਾ ਉਪਦੇਸ਼ ਕਹਿੰਦਾ ਹਾਂ ਕਿ ਹਰੀ ਰਾਜੇ ਦੀ ਸ਼ਰਨ ਪੈ ਜਾ।ਨਾਨਕ ਗੁਰੂ ਜੀ ਆਖ ਰਹੇ ਹਨ, ਦਲੀਲਬਾਜੀ ਤੇ ਸਾਰੀਆਂ ਸਿਆਣਪਾਂ ਛਡ ਦੇ, (ਫਿਰ ਵਾਹਿਗੁਰੂ ਤੈਨੂੰ ਅਪਣੇ ਨਾਲ) ਮਿਲਾ ਲਏਗਾ।੧।

ਪਉੜੀ ॥ ਸਸਾ ਸਿਆਨਪ ਛਾਡੁ ਇਆਨਾ ॥ ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥ ਸਹਸ ਭਾਤਿ ਕਰਹਿ ਚਤੁਰਾਈ ॥ ਸੰਗਿ ਤੁਹਾਰੈ ਏਕ ਨ ਜਾਈ ॥ ਸੋਊ ਸੋਊ ਜਪਿ ਦਿਨ ਰਾਤੀ ॥ ਰੇ ਜੀਅ ਚਲੈ ਤੁਹਾਰੈ ਸਾਥੀ ॥ ਸਾਧ ਸੇਵਾ ਲਾਵੈ ਜਿਹ ਆਪੈ ॥ ਨਾਨਕ ਤਾਕਉ ਦੂਖੁ ਨ ਬਿਆਪੈ ॥੫੦॥ ਸੱਸੇ ਦੁਆਰਾ ਉਪਦੇਸ਼ ਹੈ ਕਿ ਹੇ ਬੇਸਮਝ ਮਨੁੱਖ! (ਤੂੰ ਅਪਣੀ) ਸਿਆਣਪਾਂ ਛਡ ਦੇ।ਚਤਰਾਈ ਤੇ ਹੁਕਮ ਕਰਨ ਨਾਲ ਪ੍ਰਭੂ ਨਹੀਂ ਪਤੀਜਦਾ (ਜਿਵੇਂ ਚਤਰਾਈ ਨਾਲ ਬੰਦਾ ਦੂਜਿਆਂ ਨੂੰ ਵਸ ਕਰ ਲੈਂਦਾ ਹੈ ਤੇ ਕਮਜੋਰਾਂ ਤੇ ਹੁਕਮ ਕਰਦਾ ਹੈ, ਪਰ ਹਰੀ ਤੇ ਇਹ ਦੋਵੇਂ ਗੱਲਾਂ ਨਹੀਂ ਚਲਦੀਆਂ।ਸਰਲਤਾ, ਸੱਚਾਈ ਅਤੇ ਉਸਦੀ ਰਜਾ ਵਿਚ ਚਲਣ ਨਾਲ ਉਹ ਖੁਸ਼ ਹੁੰਦਾ ਹੈ, ਕਿਉਂਕਿ ਉਹ ਸਰਬ ਸ਼ਕਤੀਮਾਨ ਅਤੇ ਅੰਤਰਜਾਮੀ ਹੈ)।ਹਜਾਰਾਂ ਤਰ੍ਹਾਂ ਦੀਆਂ (ਭਾਵੇਂ ਤੂੰ) ਚਤਰਾਈਆਂ ਕਰਦਾ ਹੈਂ।(ਪਰ ਇਨ੍ਹਾਂ ਵਿਚੋਂ) ਤੇਰੇ ਨਾਲ ਇਕ ਵੀ ਨਹੀਂ ਜਾਣੀ।ਉਸ ਪ੍ਰਭੂ ਨੂੰ ਮਨ ਤੇ ਤਨ ਕਰਕੇ ਦਿਨ ਰਾਤ ਜਪ।ਹੇ ਜੀਵ! (ਉਹ ਨਾਮ ਹੀ) ਤੇਰੇ ਨਾਲ ਚਲੇਗਾ।ਹੇ ਨਾਨਕ! ਪ੍ਰਭੂ ਆਪੇ ਜਿਸ ਮਨੁੱਖ ਨੂੰ ਸਾਧੂਆਂ ਦੀ ਸੇਵਾ ਵਿਚ ਲਾਉਂਦਾ ਹੈ।(ਫਿਰ) ਉਸ ਨੂੰ ਕੋਈ ਦੁਖ ਨਹੀਂ ਲਗਦਾ।੫੦।

ਪਦਾਰਥ =ਪਰਹੁ–ਪੈ ਜਾ।ਹਰਿ ਰਾਇ–ਹਰੀ ਰਾਜਾ।ਉਕਤਿ–ਦਲੀਲਬਾਜੀ।ਸਗਲ–ਸਾਰੀਆਂ।ਲਏ ਸਮਾਇ–ਮਿਲਾ ਲਏਗਾ।੧। ਪਉੜੀ।ਇਆਨਾ–ਹੇ ਬੇਸਮਝ!।ਹਿਕਮਤਿ–ਚਤਰਾਈ।ਨ ਪਤੀਆਨਾ–ਨਹੀਂ ਪਤੀਜਦਾ।ਸਹਸ–ਹਜਾਰਾਂ।ਸੋਊ–ਉਸ (ਪ੍ਰਭੂ) ਨੂੰ। ਰੇ ਜੀਅ–ਹੇ ਜੀਵ!।ਸਾਥੀ–ਨਾਲ।ਜਿਹ–ਜਿਸ ਨੂੰ।ਤਾਕਉ–ਉਸ ਨੂੰ।ਨ ਬਿਆਪੈ–ਨਹੀਂ ਲਗਦਾ।੫੦।

ਸਲੋਕੁ ॥ ਹਰਿ ਹਰਿ ਮੁਖ ਤੇ ਬੋਲਨਾ, ਮਨਿ ਵੂਠੈ ਸੁਖੁ ਹੋਇ ॥ ਨਾਨਕ ਸਭ ਮਹਿ ਰਵਿ ਰਹਿਆ, ਥਾਨ ਥਨੰਤਰਿ ਸੋਇ ॥੧॥ ਹਰਿ ਹਰਿ ਨਾਮ ਮੂੰਹ ਤੋਂ ਬੋਲਣ ਨਾਲ (ਜਦ) ਹਰੀ ਮਨ ਵਿਚ ਵਸ ਜਾਂਦਾ ਹੈ, ਤਾਂ ਆਤਮਕ ਸੁਖ ਹੁੰਦਾ ਹੈ।ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਉਹ (ਪ੍ਰਭੂ) ਸਾਰੇ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ, ਥਾਵਾਂ ਦੇ ਅੰਦਰ ਅਤੇ ਥਾਵਾਂ ਦੇ ਬਾਹਰ ਵੀ ਉਹ ਹੀ ਹੈ।੧।

ਪਉੜੀ ॥ ਹੇਰਉ ਘਟਿ ਘਟਿ ਸਗਲ ਕੈ, ਪੂਰਿ ਰਹੇ ਭਗਵਾਨ ॥ ਹੋਵਤ ਆਏ ਸਦ ਸਦੀਵ, ਦੁਖ ਭੰਜਨ ਗੁਰ ਗਿਆਨ ॥ ਹਉ ਛੁਟਕੈ ਹੋਇ ਅਨੰਦੁ ਤਿਹ, ਹਉ ਨਾਹੀ ਤਹ ਆਪਿ ॥ ਹਤੇ ਦੂਖ ਜਨਮਹ ਮਰਨ, ਸੰਤ ਸੰਗ ਪਰਤਾਪ ॥ ਹਿਤ ਕਰਿ ਨਾਮ ਦ੍ਰਿੜੈ ਦਇਆਲਾ ॥ ਸੰਤਹ ਸੰਗਿ ਹੋਤ ਕਿਰਪਾਲਾ ॥ (ਹੇ ਭਾਈ! ਮੈਂ) ਦੇਖਦਾ ਹਾਂ ਕਿ ਭਗਵਾਨ ਸਾਰਿਆਂ ਜੀਵਾਂ ਦੇ ਦਿਲਾਂ ਵਿਚ ਪੂਰਨ ਹੋ ਰਿਹਾ ਹੈ।ਦੁਖ ਨਾਸ਼ ਕਰਨ ਵਾਲੇ ਪ੍ਰਭੂ ਜੀ ਸਦਾ ਸਦਾ ਤੋਂ ਹੁੰਦੇ ਆਏ ਹਨ, (ਪ੍ਰਭੂ ਆਦਿ ਕਾਲ ਤੋਂ ਹੈ, ਪਰ ਇਹ) ਗਿਆਨ ਗੁਰੂ ਤੋਂ ਮਿਲਦਾ ਹੈ। (ਗੁਰੂ ਦੇ ਗਿਆਨ ਨਾਲ ਜਿਸ ਮਨੁੱਖ ਦੀ) ਹਉਮੈ ਮਿਟ ਜਾਂਦੀ ਹੈ, ਉਸ ਨੂੰ ਅਨੰਦ ਪ੍ਰਾਪਤ ਹੋ ਜਾਂਦਾ ਹੈ, (ਜਿਥੇ) ਹਉਮੈ ਨਹੀਂ, ਉਥੇ ਭਗਵਾਨ ਆਪ ਹੁੰਦਾ ਹੈ।ਸੰਤਾਂ ਦੀ ਸੰਗਤ ਦੇ ਪ੍ਰਤਾਪ ਨਾਲ (ਮਨੁੱਖ ਦੇ) ਜਨਮ ਮਰਣ ਦੇ ਦੁਖ ਨਾਸ਼ ਹੋ ਜਾਂਦੇ ਹਨ।(ਜਿਹੜਾ ਮਨੁੱਖ) ਸੰਤਾਂ ਦੀ ਸੰਗਤ ਵਿਚ ਪ੍ਰੇਮ ਕਰਕੇ ਦਿਆਲੂ ਪ੍ਰਭੂ ਦਾ ਨਾਮ ਦ੍ਰਿੜ ਕਰਦਾ ਹੈ, (ਉਸ ਮਨੁੱਖ ਉਤੇ ਪ੍ਰਭੂ) ਕ੍ਰਿਪਾਲੂ ਹੁੰਦਾ ਹੈ।

ਅੰਗ ੨੬੧ = ਓਰੈ ਕਛੂ ਨ ਕਿਨਹੂ ਕੀਆ ॥ ਨਾਨਕ ਸਭੁ ਕਛੁ ਪ੍ਰਭ ਤੇ ਹੂਆ ॥੫੧॥ ਪ੍ਰਭੂ ਤੋਂ ਉਰੇ ਹੋਰ ਕਿਸੇ ਨੇ ਕੁਛ ਨਹੀਂ ਕੀਤਾ।ਨਾਨਕ ਗੁਰੂ ਜੀ ਆਖਦੇ ਹਨ ਕਿ ਸਭ ਕੁਛ ਪ੍ਰਭੂ ਤੋਂ ਹੀ ਹੋਇਆ ਹੈ (ਜਗਤ ਰੱਬ ਨੇ ਰਚਿਆ ਹੈ)।੫੧।

ਪਦਾਰਥ = ਮੁਖ ਤੇ–ਮੂੰਹ ਤੋਂ।ਵੂਠੈ–ਵਸ ਜਾਂਦਾ ਹੈ।ਰਵਿ ਰਹਿਆ–ਵਿਆਪਕ ਹੋ ਰਿਹਾ ਹੈ।ਥਾਨ ਥਨੰਤਰਿ–ਥਾਵਾਂ ਦੇ ਅੰਦਰ ਤੇ ਥਾਵਾਂ ਦੇ ਬਾਹਰ।ਸੋਇ–ਉਹ ਹੀ।੧।ਪਉੜੀ।ਹੇਰਉ–(ਮੈਂ) ਦੇਖਦਾ ਹਾਂ।ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ।ਹੋਵਤ ਆਏ–ਹੁੰਦਾ ਆਇਆ ਹੈ।ਹਉ–ਹਉਮੈ।ਤਿਹ–ਉਸ ਦੀ।ਤਹ–ਉਥੇ।ਹਤੇ–ਨਾਸ਼ ਹੁੰਦੇ ਹਨ।ਹਿਤ ਕਰਿ–ਪ੍ਰੇਮ ਕਰਕੇ।ਸੰਤਹ–ਸੰਤਾਂ ਦੀ।ਹੋਤ–ਹੁੰਦਾ ਹੈ।ਓਰੈ–(ਪ੍ਰਭੂ ਤੋਂ) ਉਰੇ; ਹੋਰ ਨੇ; ਦੂਜੇ ਨੇ (ਮ.ਕੋ.)।ਕਿਨਹੂ–ਕਿਸੇ ਨੇ ਵੀ।ਕੀਆ–ਕੀਤਾ।ਪ੍ਰਭ ਤੇ–ਪ੍ਰਭੂ ਤੋਂ।੫੧।

ਸਲੋਕੁ ॥ ਲੇਖੈ ਕਤਹਿ ਨ ਛੂਟੀਐ, ਖਿਨੁ ਖਿਨੁ ਭੂਲਨਹਾਰ ॥ ਬਖਸਨਹਾਰ ਬਖਸਿ ਲੈ, ਨਾਨਕ ਪਾਰਿ ਉਤਾਰ ॥੧॥ (ਹੇ ਪ੍ਰਭੂ! ਜੇ

All Rights Reserved by Harjinder Singh Gyani | www.GuruGranthVakhyaan.org

ਸਾਡੀਆਂ ਭੁੱਲਾਂ ਦਾ) ਹਿਸਾਬ ਹੋਣ ਲੱਗੇ, (ਤਾਂ ਅਸੀਂ) ਕਦੇ ਨਹੀਂ ਛੁੱਟ ਸਕਦੇ, (ਕਿਉਂਕਿ ਅਸੀਂ) ਹਰ ਖਿਨ ਭੁੱਲਣਹਾਰ ਹਾਂ (ਨਿਰੇ ਸ਼ੁੱਭ ਕਰਮ ਕਰਕੇ ਤੇ ਮਾੜੇ ਕਰਮ ਛਡ ਕੇ ਕੀਤੇ ਕਰਮਾਂ ਦੇ ਲੇਖੇ ਤੋਂ ਛੁੱਟ ਨਹੀਂ ਹੋਣਾ, ਕਿਉਂਕਿ ਭੁੱਲਾਂ ਤਾਂ ਪਲ ਪਲ ਹੋ ਰਹੀਆਂ ਹਨ) ।ਨਾਨਕ ਗੁਰੂ ਜੀ ਅਰਦਾਸ ਕਰਦੇ ਹਨ ਕਿ ਹੇ ਬਖਸ਼ਨਹਾਰ ਪ੍ਰਭੂ ! (ਸਾਨੂੰ) ਬਖਸ ਲੈ ਅਤੇ (ਭਵਜਲ ਤੋਂ) ਪਾਰ ਉਤਾਰ ਦੇ।੧।

ਪਉੜੀ ॥ ਲੂਣ ਹਰਾਮੀ ਗੁਨਹਗਾਰ, ਬੇਗਾਨਾ ਅਲਪ ਮਤਿ ॥ ਜੀਉ ਪਿੰਡੁ ਜਿਨਿ ਸੁਖ ਦੀਏ, ਤਾਹਿ ਨ ਜਾਨਤ ਤਤ ॥ ਲਾਹਾ ਮਾਇਆ ਕਾਰਨੇ, ਦਹ ਦਿਸਿ ਢੂਢਨ ਜਾਇ ॥ ਦੇਵਨਹਾਰ ਦਾਤਾਰ ਪ੍ਰਭ, ਨਿਮਖ ਨ ਮਨਹਿ ਬਸਾਇ ॥ ਲਾਲਚ ਝੂਠ ਬਿਕਾਰ ਮੋਹ, ਇਆ ਸੰਪੈ ਮਨ ਮਾਹਿ ॥ ਲੰਪਟ ਚੋਰ ਨਿੰਦਕ ਮਹਾ, ਤਿਨਹੂ ਸੰਗਿ ਬਿਹਾਇ ॥ ਤੁਧੁ ਭਾਵੈ ਤ ਬਖਸਿ ਲੈਹਿ, ਖੋਟੇ ਸੰਗਿ ਖਰੇ ॥ ਨਾਨਕ ਭਾਵੈ ਪਾਰਬ੍ਰਹਮ, ਪਾਹਨ ਨੀਰਿ ਤਰੇ ॥੫੨॥ (ਇਹ ਜੀਵ ਪ੍ਰਭੂ ਦਾ ਦਿਤਾ) ਲੂਣ ਖਾ ਕੇ ਹਰਾਮ ਕਰਨ ਵਾਲਾ ਹੈ, ਪਾਪੀ ਹੈ, (ਹਰੀ ਤੋਂ) ਪਰਾਇਆ ਬਣਿਆ ਹੋਇਆ ਹੈ; ਅਣਜਾਣ ਹੈ ਤੇ ਤੁਛ ਬੁੱਧੀ ਵਾਲਾ ਹੈ।ਜਿਸ ਨੇ ਆਤਮਾ, ਸਰੀਰ ਅਤੇ (ਹਰ ਤਰ੍ਹਾਂ ਦੇ) ਸੁਖ ਦਿਤੇ, ਉਸ ਤੱਤ ਸਰੂਪ ਪ੍ਰਭੂ ਨੂੰ ਨਹੀਂ ਜਾਣਦਾ।ਮਾਇਆ ਦੇ ਲਾਭ ਵਾਸਤੇ ਦਸੇ ਦਿਸਾਂ ਢੂੰਢਣ ਜਾਂਦਾ ਹੈ।(ਪਰ ਜੋ) ਦੇਣ ਵਾਲਾ ਦਾਤਾਰ ਪ੍ਰਭੂ ਹੈ, (ਉਸ ਨੂੰ) ਨਿਮਖ ਮਾਤ੍ਰ ਵੀ ਮਨ ਵਿਚ ਨਹੀਂ ਵਸਾਉਂਦਾ।(ਜੀਵ ਨੇ) ਲਾਲਚ, ਝੂਠ, ਵਿਕਾਰ ਤੇ ਮੋਹ ਆਦਿ, ਇਹ ਸੰਪਦਾ ਮਨ ਵਿਚ ਕੱਠੀ ਕਰ ਰੱਖੀ ਹੈ।ਜੋ ਵਿਸ਼ਈ, ਚੋਰ ਤੇ ਵੱਡੇ ਨਿੰਦਕ ਹਨ, ਉਨ੍ਹਾਂ ਨਾਲ (ਇਹ ਅਪਣਾ) ਜੀਵਨ ਗੁਜਾਰਦਾ ਹੈ।(ਹੇ ਪ੍ਰਭੂ ! ਜੇ) ਤੈਨੂੰ ਭਾਵੇ ਤਾਂ ਖੋਟੇ ਪੁਰਸ਼ਾਂ ਨੂੰ ਖਰੇ ਪੁਰਖਾਂ ਦਾ ਸੰਗ ਦੇ ਕੇ ਬਖਸ ਲੈਂਦਾ ਹੈਂ।ਨਾਨਕ ਗੁਰੂ ਜੀ ਆਖਦੇ ਹਨ, ਜੇ ਪ੍ਰਭੂ ਨੂੰ ਭਾਵੇ ਤਾਂ (ਪਾਣੀ ਵਿਚ ਡੁੱਬਣ ਵਾਲੇ) ਪੱਥਰ ਵੀ ਪਾਣੀ ਤੇ ਤਰ ਜਾਂਦੇ ਹਨ ਭਾਵ ਬੱਜਰ ਪਾਪਾਂ ਵਾਲੇ ਵੀ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ।੫੨।

ਪਦਾਰਥ = ਲੂਣ ਹਰਾਮੀ–ਮਾਲਕ ਦੀਆਂ ਦਾਤਾਂ ਹਾਸਲ ਕਰਕੇ ਭੁੱਲ ਜਾਣ ਵਾਲਾ; ਨਾਸ਼ੁਕਰਾ।ਗੁਨਹਗਾਰ–ਪਾਪੀ।ਬੇਗਾਨਾ–(ਬੇ ਗਿਆਨਾ) ਥੋੜੀ ਸਮਝ ਵਾਲਾ; ਓਪਰਾ; ਪਰਾਇਆ; ਅਗਿਆਨੀ।ਅਲਪ ਮਤਿ–ਤੁੱਛ ਬੁੱਧੀ ਵਾਲਾ।ਜੀਉ–ਜਿੰਦ।ਪਿੰਡੁ–ਸਰੀਰ। ਤਾਹਿ–ਉਸ ਨੂੰ।ਤਤ–ਤੱਤ ਸਰੂਪ ਹਰੀ।ਲਾਹਾ–ਲਾਭ।ਦਹ ਦਿਸਿ–ਦਸੀਂ ਪਾਸੀਂ।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਮਨਹਿ–ਮਨ ਵਿਚ।ਇਆ–ਇਹ।ਸੰਪੈ–ਸੰਪਦਾ; ਜਾਇਦਾਦ।ਲੰਪਟ–ਵਿਸ਼ਈ; ਲੁੱਚਾ।ਤਿਨਹੂੰ ਸੰਗਿ–ਉਨ੍ਹਾਂ ਨਾਲ।ਬਿਹਾਇ–ਗੁਜਾਰਦਾ ਹੈ।ਤੁਧੁ–ਤੈਨੂੰ।ਭਾਵੇ–ਚੰਗਾ ਲੱਗੇ।ਪਾਹਨ–ਪੱਥਰ (ਪਾਪੀ ਬੰਦੇ)।ਨੀਰਿ–ਪਾਣੀ ਉਤੇ।ਤਰੇ–ਤਰਦੇ ਹਨ।੫੨।

ਸਲੋਕੁ ॥ ਖਾਤ ਪੀਤ ਖੇਲਤ ਹਸਤ, ਭਰਮੇ ਜਨਮ ਅਨੇਕ ॥ ਭਵਜਲ ਤੇ ਕਾਢਹੁ ਪ੍ਰਭੂ ,ਨਾਨਕ ਤੇਰੀ ਟੇਕ ॥੧॥ (ਹੇ ਪ੍ਰਭੂ !) ਖਾਂਦੇ, ਪੀਂਦੇ, ਹਸਦੇ ਤੇ ਖੇਲਦੇ ਹੋਏ ਅਨੇਕਾਂ ਜਨਮਾਂ ਵਿਚ ਭਟਕਦੇ ਰਹੇ ਹਾਂ।ਨਾਨਕ ਗੁਰੂ ਜੀ ਫੁਰਮਾਉਂਦੇ ਹਨ, (ਹੇ ਪ੍ਰਭੂ ! ਸਾਨੂੰ) ਤੇਰੀ ਟੇਕ ਹੈ, (ਹੁਣ ਕਿਰਪਾ ਕਰਕੇ) ਸੰਸਾਰ ਸਮੁੰਦਰ ਤੋਂ ਕੱਢ ਲਵੋ (ਜਨਮ ਮਰਨ ਮਿਟਾ ਦੇਵੋ)।੧।

ਪਉੜੀ ॥ ਖੇਲਤ ਖੇਲਤ ਆਇਓ, ਅਨਿਕ ਜੋਨਿ ਦੁਖ ਪਾਇ ॥ ਖੇਦ ਮਿਟੇ ਸਾਧੂ ਮਿਲਤ, ਸਤਿਗੁਰ ਬਚਨ ਸਮਾਇ ॥ ਖਿਮਾ ਗਹੀ ਸਚੁ ਸੰਚਿਓ, ਖਾਇਓ ਅੰਮ੍ਰਿਤੁ ਨਾਮ ॥ ਖਰੀ ਕ੍ਰਿਪਾ ਠਾਕੁਰ ਭਈ, ਅਨਦ ਸੂਖ ਬਿਸ੍ਰਾਮ ॥ ਖੇਪ ਨਿਬਾਹੀ ਬਹੁਤੁ ਲਾਭ, ਘਰਿ ਆਏ ਪਤਿਵੰਤ ॥ ਖਰਾ ਦਿਲਾਸਾ ਗੁਰਿ ਦੀਆ, ਆਇ ਮਿਲੇ ਭਗਵੰਤ ॥ ਆਪਨ ਕੀਆ ਕਰਹਿ ਆਪਿ, ਆਗੈ ਪਾਛੈ ਆਪਿ ॥ ਨਾਨਕ ਸੋਊ ਸਰਾਹੀਐ, ਜਿ ਘਟਿ ਘਟਿ ਰਹਿਆ ਬਿਆਪਿ ॥੫੩॥ (ਅਪਣੇ ਦੁਆਰਾ ਗੁਰਮੁਖ ਦੀ ਸੁਖ ਅਵਸਥਾ ਵਰਨਣ ਕਰਦੇ ਹਨ) ਅਨੇਕਾਂ ਜੂਨੀਆਂ ਵਿਚ ਦੁਖ ਪਾ ਕੇ ਖੇਡਦੇ ਖੇਡਦੇ ਭਾਵ ਭਟਕਦੇ ਹੋਏ (ਇਸ ਮਨੁੱਖਾ ਜਨਮ ਵਿਚ) ਆਏ ਹਾਂ।(ਪਰ ਹੁਣ ਗੁਰੂ) ਸਾਧੂ ਦੇ ਮਿਲਣ ਨਾਲ ਦੁਖ ਮਿਟ ਗਏ ਹਨ, (ਅਤੇ) ਸਤਿਗੁਰੂ ਦੇ ਬਚਨਾਂ ਵਿਚ ਸਮਾ ਗਏ ਹਾਂ।(ਉਨ੍ਹਾਂ ਬਚਨਾਂ ਦੇ ਸਦਕਾ ਮਨ ਨੇ) ਖਿਮਾ ਗ੍ਰਹਿਣ ਕਰ ਲਈ ਹੈ, ਸੱਚਾ ਨਾਮ ਧਨ ਇਕੱਠਾ ਕੀਤਾ ਹੈ ਅਤੇ ਅੰਮ੍ਰਿਤ ਰੂਪ ਨਾਮ ਦਾ ਭੋਜਨ ਖਾਧਾ ਹੈ।(ਹੁਣ) ਮਾਲਕ ਪ੍ਰਭੂ ਦੀ ਬੜੀ ਕ੍ਰਿਪਾ ਹੋਈ ਹੈ, ਜੋ ਸੁਖ ਅਨੰਦ ਤੇ (ਮਾਨਸਿਕ) ਟਿਕਾਉ ਮਿਲ ਗਿਆ ਹੈ।(ਪ੍ਰਭੂ ਨੇ ਨਾਮ ਸਿਮਰਨ ਦਾ) ਵਪਾਰ ਸਫਲ ਕਰ ਦਿਤਾ, ਬੜਾ ਲਾਭ ਹੋਇਆ ਅਤੇ ਅਪਣੇ ਨਿਜ ਘਰ ਵਿਚ ਇਜਤ ਵਾਲੇ ਹੋ ਕੇ ਆਏ ਹਾਂ।ਗੁਰੂ ਨੇ ਬਹੁਤ ਦਿਲਾਸਾ ਦਿਤਾ, (ਜਿਸਦਾ ਸਦਕਾ) ਭਗਵੰਤ ਜੀ ਆ ਮਿਲੇ ਹਨ।(ਪਰ ਇਹ ਸਭ ਪ੍ਰਭੂ ਨੇ) ਆਪ ਕੀਤਾ ਹੈ ਤੇ (ਹੁਣ ਵੀ) ਆਪ ਹੀ ਕਰ ਰਿਹਾ ਹੈ; (ਹੁਣ ਨਿਸਚੇ ਹੋ ਗਿਆ ਕਿ ਜਗਤ ਪ੍ਰਭੂ ਨੇ) ਆਪ ਹੀ ਪੈਦਾ ਕੀਤਾ ਹੈ ਤੇ ਆਪ ਹੀ ਇਸਦੀ ਪਾਲਣਾ ਕਰਦਾ ਹੈ (ਟਕਸਾਲ) ਅਤੇ ਪਿਛੇ ਵੀ ਆਪ ਹੀ ਸੀ ਤੇ ਅੱਗੇ ਵੀ ਆਪ ਹੀ ਹੋਵੇਗਾ।ਹੇ ਨਾਨਕ ! ਉਸ ਪ੍ਰਭੂ ਨੂੰ ਸਲਾਹੁਣਾ ਚਾਹੀਦਾ ਹੈ, ਜਿਹੜਾ ਘਟ ਘਟ ਵਿਚ ਵਿਆਪ ਰਿਹਾ ਹੈ।੫੩।

ਪਦਾਰਥ = ਭਰਮੇ–ਭਟਕਦੇ ਰਹੇ ਹਾਂ।ਭਵਜਲ–ਸੰਸਾਰ ਸਮੁੰਦਰ।ਤੇ–ਤੋਂ।੧।ਪਉੜੀ।ਖੇਦ–ਦੁੱਖ।ਸਮਾਇ–ਲੀਨ ਹੋਏ ਹਾਂ।ਗਹੀ–ਗ੍ਰਹਿਣ ਕੀਤੀ।ਸੰਚਿਓ–ਇਕੱਠਾ ਕੀਤਾ।ਖਰੀ–ਬਹੁਤ।ਭਈ–ਹੋਈ।ਬਿਸ੍ਰਾਮ–ਟਿਕਾਉ; ਸ਼ਾਂਤੀ।ਖੇਪ–ਸੌਦਾ; ਵਪਾਰ ਦਾ ਮਾਲ ਲੱਦ ਕੇ ਜੋ ਵੇਚਣ ਲਈ ਬਾਹਰ ਲਿਜਾਇਆ ਜਾਵੇ ਜਾਂ ਸਵਦੇਸ਼ ਲੱਦ ਕੇ ਲਿਆਂਦਾ ਜਾਵੇ।ਨਿਬਾਹੀ–ਸਫਲ ਕੀਤਾ (ਨਾਮ ਰੂਪ ਮਾਲ ਵੱਡੇ ਸ਼ਾਹ ਸਤਿਗੁਰੂ ਤੋਂ ਜੋ ਲੱਦ ਲਿਆਂਦਾ ਸੀ, ਉਹ ਹਰੀ ਨੇ ਤੋੜ ਨਿਬਾਹ ਦਿਤਾ ਭਾਵ ਨਾਮ ਸਿਮਰਿਆ ਪ੍ਰਵਾਨ ਕਰ ਲਿਆ)।ਪਤਿਵੰਤ–ਇੱਜਤ

All Rights Reserved by Harjinder Singh Gyani | www.GuruGranthVakhyaan.org

ਵਾਲੇ। ਦਿਲਾਸਾ–ਹੌਸਲਾ। ਸੋਊ–ਉਸ ਨੂੰ। ਸਰਾਹੀਐ–ਸਿਫਤ ਸਲਾਹ ਕਰੀਏ। ਜਿ–ਜਿਹੜਾ। ਬਿਆਪਿ–ਵਿਆਪਕ ਹੈ।੫੩।

ਸਲੋਕੁ ॥ ਆਏ ਪ੍ਰਭ ਸਰਨਾਗਤੀ, ਕਿਰਪਾ ਨਿਧਿ ਦਇਆਲ ॥ ਏਕ ਅਖਰੁ ਹਰਿ ਮਨਿ ਬਸਤ, ਨਾਨਕ ਹੋਤ ਨਿਹਾਲ ॥੧॥ ਹੇ ਕ੍ਰਿਪਾ ਦੇ ਭੰਡਾਰ ਅਤੇ ਦਇਆ ਕਰਨ ਵਾਲੇ ਪ੍ਰਭੂ! (ਅਸੀਂ) ਆਪ ਜੀ ਦੀ ਸ਼ਰਣ ਵਿਚ ਆਏ ਹਾਂ। ਨਾਨਕ ਗੁਰੂ ਜੀ ਆਖਦੇ ਹਨ, ਜਿਸ (ਮਨੁੱਖ) ਦੇ ਮਨ ਵਿਚ ਇਕ ਅਬਿਨਾਸੀ ਪ੍ਰਭੂ ਵਸ ਜਾਂਦਾ ਹੈ; ਹਰੀ ਦੀ ਸਿਫਤ ਸਲਾਹ ਦੀ ਬਵੰਜਾ ਅੱਖਰਾਂ ਵਾਲੀ ਬਾਣੀ ਵਿਚੋਂ ਇਕ ਅੱਖਰ (ਨਾਮ ਜਾਂ ਗੁਰੂ ਦਾ ਉਪਦੇਸ਼ ਜਿਸ ਮਨੁੱਖ ਦੇ) ਮਨ ਵਿਚ ਬਸ ਜਾਂਦਾ ਹੈ, (ਉਹ) ਨਿਹਾਲ ਹੋ ਜਾਂਦਾ ਹੈ।੧।

ਪਉੜੀ ॥ ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥ ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖ੍ਯ੍ਯਾਨਾ ॥ ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥ ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥ ਪ੍ਰਭੂ ਨੇ ਜੋ ਤਿੰਨਾਂ ਭਵਨਾਂ ਵਾਲੀ ਸ੍ਰਿਸਟੀ ਬਣਾਈ ਹੈ, ਉਹ ਸਾਰੀ ਬੋਲੀ ਦੇ ਅੱਖਰਾਂ ਦੁਆਰਾ ਬਿਆਨ ਹੋ ਸਕਦੀ ਹੈ (ਸਬਦਾਰਥ); ਪ੍ਰਭੂ ਨੇ ਅੱਖਰਾਂ (ਦੇ ਬੋਲਾਂ) ਵਿਚ ਤਿੰਨੇ ਭਵਨ ਭਾਵ ਸਾਰੀ ਸ੍ਰਿਸਟੀ ਧਾਰਣ ਕੀਤੀ (ਆਸਰਾ ਦੇ ਕੇ ਟਿਕਾ ਕੇ ਰਖੀ) ਹੋਈ ਹੈ। ਅੱਖਰਾਂ ਕਰਕੇ ਹੀ ਬੇਦਾਂ ਦਾ ਵਿਚਾਰ ਹੁੰਦਾ ਹੈ। ਸ਼ਾਸਤਰ, ਸਿਮ੍ਰਿਤੀਆਂ ਤੇ ਪੁਰਾਣ ਆਦਿ (ਧਰਮ ਗ੍ਰੰਥ) ਅੱਖਰ ਹੀ ਹਨ। ਗਾਉਣਾ ਤੇ ਕਥਨ ਕਰਨਾ ਆਦਿ ਵੀ ਅੱਖਰਾਂ ਵਿਚ ਹੀ ਵਖਿਆਨ ਹੁੰਦੇ ਹਨ। ਮੁਕਤੀ, ਜਿਉਣ ਦਾ ਤਰੀਕਾ, ਡਰ ਤੇ ਭਰਮ ਦੇ ਖਿਆਲ ਵੀ ਅੱਖਰਾਂ ਦੁਆਰਾ ਹੀ ਦੱਸੇ ਜਾਂਦੇ ਹਨ। (ਇਸੇ ਤਰ੍ਹਾਂ) ਕਰਮ ਤੇ ਉਨ੍ਹਾਂ ਤੋਂ ਬਣੀ ਕਿਰਤ, ਸੁੱਚਮ ਤੇ ਧਰਮ ਵੀ ਅੱਖਰਾਂ ਦੁਆਰਾ ਬਿਆਨੇ ਜਾਂਦੇ ਹਨ। (ਗੱਲ ਕੀ ਜੋ ਕੁਛ) ਦਿਸਣ ਵਾਲਾ (ਪਸਾਰਾ ਸਭ) ਅੱਖਰਾਂ ਵਿਚ ਹੀ (ਦਸਿਆ ਜਾਂਦਾ) ਹੈ। (ਅੱਖਰਾਂ ਤੋਂ) ਨਿਰਲੇਪ ਕੇਵਲ ਪਾਰਬ੍ਰਹਮ ਹੈ।੫੪। ਬਾਵਨ ਅਛਰ ਲੋਕ ਤ੍ਰੈ ,ਸਭ ਕਛੁ ਇਨਹੀ ਮਾਹਿ। ਏ ਅਖਰ ਖਿਰਿ ਜਾਹਿਗੇ...੩੪੦

ਪਦਾਰਥ = ਨਿਧਿ–ਭੰਡਾਰ; ਸਮੁੰਦਰ। ਏਕ ਅਖਰੁ–ਇਕ ਪ੍ਰਭੂ ਦਾ ਨਾਮ; ਇਕ ਨਾਸ਼ ਰਹਿਤ ਪ੍ਰਭੂ; ਨਾਮ ਦਾ ਇਕ ਕਿਣਕਾ; ਬਵੰਜਾ ਅੱਖਰਾਂ ਦੁਆਰਾ ਰਚੀ ਬਾਣੀ ਦਾ ਇਕ ਅੱਖਰ (ਉਪਦੇਸ਼)। ਹੋਤ–ਹੁੰਦਾ ਹੈ। ਨਿਹਾਲ–ਮੁਕਤ।੧। ਪਉੜੀ। ਅਖਰ ਮਹਿ–ਬੋਲਾਂ ਦੇ ਅੱਖਰਾਂ (ਸ਼ਬਦ) ਵਿਚ। ਤ੍ਰਿਭਵਨ–ਤਿੰਨ ਭਵਨਾਂ ਵਾਲਾ ਜਗਤ। ਧਾਰੇ–ਬਣਾਏ; ਆਸਰਾ ਦੇ ਕੇ ਟਿਕਾ ਕੇ ਰੱਖੇ ਹਨ। ਨਾਦ–ਗਾਉਣਾ। ਕਥਨ–ਕਥਾ ਕਹਾਣੀਆਂ ਦਾ ਬਿਆਨ। ਜੁਗਤਿ–ਤਰੀਕਾ। ਕਰਮ ਕਿਰਤਿ–ਕਰਮਾਂ ਤੋਂ ਬਣੀ ਕਿਰਤ; ਕਰਨ ਯੋਗ ਕਰਮ। ਸੁਚ–ਸੁੱਚਮਤਾ। ਦ੍ਰਿਸਟਿਮਾਨ–ਦਿਸਣ ਵਾਲਾ (ਪਸਾਰਾ)। ਜੇਤਾ–ਜਿਤਨਾ। ਨਿਰਲੇਪਾ–(ਅੱਖਰਾਂ ਤੋਂ) ਪਰੇ; ਵੱਖਰਾ।੫੪।

ਵਿਆਖਿਆ = ਇਸ ਬਵੰਜਾ ਅੱਖਰਾਂ ਵਾਲੀ ਬਾਣੀ ਵਿਚ ਇਕ ਇਕ ਅੱਖਰ ਦੁਆਰਾ ਪ੍ਰਭੂ ਦੀ ਉਸਤਤੀ ਕੀਤੀ ਹੋਈ ਹੈ। ਅੱਖਰਾਂ ਦੁਆਰਾ ਕੀਤੀ ਉਸਤਤੀ ਰਾਹੀਂ ਹੀ ਅਬਿਨਾਸੀ ਪ੍ਰਭੂ ਮਨ ਵਿਚ ਵਸਦਾ ਹੈ, ਪਰ ਆਪ ਉਹ ਅੱਖਰਾਂ ਦੀ ਹੱਦ ਬੰਦੀ ਵਿਚ ਨਹੀਂ ਆਉਂਦਾ ,ਕਿਉਂਕਿ ਉਹ ਨਿਰਲੇਪ ਹੈ। ਦ੍ਰਿਸਟਮਾਨ ਸਾਰਾ ਜਗਤ ਅੱਖਰਾਂ ਵਿਚ ਹੈ ਤੇ ਨਾਸ਼ਵੰਤ ਹੈ। ਸਲੋਕ ਵਿਚ ਅ+ਖਰ (ਨਾਸ਼ ਰਹਿਤ ਵਾਹਿਗੁਰੂ) ਦਾ ਵਰਨਣ ਹੈ ਤੇ ਪਉੜੀ ਵਿਚ ਅੱਖਰਾਂ ਦਾ ਵੇਰਵਾ ਹੈ। ਅੱਖਰ ਤੋਂ ਭਾਵ ਬੋਲੇ, ਲਿਖੇ ਤੇ ਸੁਣੇ ਜਾਣ ਵਾਲੇ ਸਾਰੇ ਤੋਂ ਹੈ। ਸਾਰਾ ਜਗਤ ਤੇ ਇਸ ਨਾਲ ਸਬੰਧਤ ਸਾਰੇ ਪਦਾਰਥਾਂ ਦੇ ਨਾਮ ਅੱਖਰਾਂ ਦੁਆਰਾ ਹੀ ਬੋਲੇ ਤੇ ਲਿਖੇ ਜਾਂਦੇ ਹਨ। ਪਰ ਵਾਹਿਗੁਰੂ ਅੱਖਰਾਂ ਦੀ ਹੱਦ ਬੰਦੀ ਵਿਚ ਨਹੀਂ ਆ ਸਕਦਾ, ਉਸ ਦਾ ਬਿਆਨ ਕਰਦਿਆਂ ਸਾਰੇ ਅੱਖਰ ਮੁੱਕ ਜਾਂਦੇ ਹਨ, ਕਿਉਂਕਿ ਅੱਖਰਾਂ ਰਾਹੀਂ ਉਸਦਾ ਸੰਪੂਰਨ ਵਰਨਣ ਨਹੀਂ ਹੋ ਸਕਦਾ। ਉਹ ਬੇ ਹੱਦ ਹੈ, ਬੇਅੰਤ ਹੈ, ਅਬਿਨਾਸੀ ਹੈ। ਜੀਵ ਨੇ ਪ੍ਰਭੂ ਦਾ ਜਸ ਗਾ ਕੇ, ਪੜ੍ਹ ਕੇ, ਸੁਣ ਕੇ, ਨਾਮ ਜਪ ਕੇ ਤੇ ਧਿਆਨ ਜੋੜ ਕੇ ਉਸ ਨਾਲ ਮੇਲ ਪ੍ਰਾਪਤ ਕਰਨਾ ਹੈ। ਇਸ ਲਈ ਸਲੋਕ ਵਿਚ ਉਸ ਅੱਖਰ ਦੀ ਯਾਚਨਾ ਕੀਤੀ ਗਈ ਹੈ (ਸੰ.ਪੋ.)।

ਸਲੋਕੁ ॥ ਹਥਿ ਕਲੰਮ ਅਗੰਮ, ਮਸਤਕਿ ਲਿਖਾਵਤੀ ॥ ਉਰਝਿ ਰਹਿਓ ਸਭ ਸੰਗਿ, ਅਨੂਪ ਰੂਪਾਵਤੀ ॥ ਉਸਤਤਿ ਕਹਨੁ ਨ ਜਾਇ, ਮੁਖਹੁ ਤੁਹਾਰੀਆ ॥ ਮੋਹੀ ਦੇਖਿ ਦਰਸੁ ,ਨਾਨਕ ਬਲਿਹਾਰੀਆ ॥੧॥ ਹੇ ਅਪਹੁੰਚ ਪ੍ਰਭੂ! ਤੇਰੇ ਹੱਥ ਵਿਚ ਹੁਕਮ ਰੂਪ ਕਲਮ ਹੈ; (ਹੇ ਪ੍ਰਭੂ! ਤੇਰੇ) ਹੱਥ ਵਿਚ ਅਗੰਮੀ ਕਲਮ ਹੈ, (ਜਿਹੜੀ ਜੀਵਾਂ ਦੇ) ਮੱਥੇ ਤੇ (ਕੀਤੇ ਕਰਮਾਂ ਦੇ) ਲੇਖ ਲਿਖਦੀ ਹੈ। ਹੇ ਸੁੰਦਰ ਸਰੂਪ ਵਾਲੇ ਪ੍ਰਭੂ! (ਆਪ ਜੀ ਤਾਣੇ ਪੇਟੇ ਵਾਂਗ) ਸਾਰਿਆਂ ਨਾਲ ਮਿਲੇ ਹੋਏ ਹੋ। ਤੁਹਾਡੀ ਉਸਤਤੀ ਮੂੰਹ ਨਾਲ ਕਥਨ ਨਹੀਂ ਕੀਤੀ ਜਾ ਸਕਦੀ। ਨਾਨਕ ਗੁਰੂ ਜੀ ਆਖ ਰਹੇ ਹਨ, (ਮੇਰੀ ਬਿਰਤੀ ਤੇਰੇ) ਦਰਸ਼ਨ ਦੇਖ ਕੇ ਮੋਹੀ ਗਈ ਹੈ ਅਤੇ (ਤੈਥੋਂ) ਸਦਕੇ ਜਾਂਦੀ ਹੈ।੧।

ਇਹ ਸਲੋਕ ੧੩੬੧ ਅੰਗ ਤੇ ਫੁਨਹੇ ਸਲੋਕਾਂ ਵਿਚ ਵੀ ਕੁਛ ਮਾਤ੍ਰਿਕ ਭੇਦਾਂ ਨਾਲ ਆਉਂਦਾ ਹੈ।

ਪਉੜੀ ॥ ਹੇ ਅਚੁਤ ਹੇ ਪਾਰਬ੍ਰਹਮ, ਅਬਿਨਾਸੀ ਅਘਨਾਸ ॥ ਹੇ ਪੂਰਨ ਹੇ ਸਰਬ ਮੈ, ਦੁਖ ਭੰਜਨ ਗੁਣਤਾਸ ॥ਹੇ ਸੰਗੀ ਹੇ ਨਿਰੰਕਾਰ, ਹੇ ਨਿਰਗੁਣ ਸਭ ਟੇਕ ॥ ਹੇ ਗੋਬਿੰਦ ਹੇ ਗੁਣ ਨਿਧਾਨ, ਜਾ ਕੈ ਸਦਾ ਬਿਬੇਕ ॥ ਹੇ ਅਪਰੰਪਰ ਹਰਿ ਹਰੇ, ਹਹਿ ਭੀ ਹੋਵਨਹਾਰ ॥ ਹੇ ਸੰਤਹ ਕੈ ਸਦਾ ਸੰਗਿ, ਨਿਧਾਰਾ ਆਧਾਰ ॥ ਹੇ ਠਾਕੁਰ ਹਉ ਦਾਸਰੋ, ਮੈ ਨਿਰਗੁਨ ਗੁਨੁ ਨਹੀ ਕੋਇ ॥ ਹੇ ਅਟੱਲ ਹਰੀ! ਹੇ ਪਾਰਬ੍ਰਹਮ! ਹੇ ਨਾਸ਼ ਰਹਿਤ! ਹੇ ਪਾਪਾਂ ਦੇ ਨਾਸ਼ ਕਰਨ ਵਾਲੇ ਵਾਹਿਗੁਰੂ। ਹੇ ਸਰਬ ਵਿਆਪਕ! ਹੇ ਸਰਬ ਰੂਪ! ਹੇ ਦੁਖ ਨਾਸ਼ ਕਰਨ ਵਾਲੇ ਤੇ ਗੁਣਾਂ

All Rights Reserved by Harjinder Singh Gyani | www.GuruGranthVakhyaan.org

ਦੇ ਸਮੁੰਦਰ!।ਹੇ ਸਭ ਦੇ ਸੰਗੀ! ਹੇ ਅਕਾਰ ਰਹਿਤ! ਹੇ (ਮਾਇਆ ਦੇ) ਤਿੰਨਾਂ ਗੁਣਾਂ ਤੋਂ ਰਹਿਤ! ਹੇ ਸਭ ਦੇ ਆਸਰਾ ਰੂਪ!।ਹੇ ਗੋਬਿੰਦ! ਹੇ ਗੁਣਾਂ ਦੇ ਭੰਡਾਰ! ਜਿਸ ਦੇ ਵਿਚ ਨਿਰਣਾ ਕਰਨ ਵਾਲੀ ਵਿਚਾਰ ਹੈ (ਅੰਨ੍ਹੇ ਵਾਹ ਫੈਸਲੇ ਨਹੀਂ ਕਰਦਾ, ਸਦਾ ਸਹੀ ਨਿਰਣਾ ਕਰਦਾ ਹੈ)।ਹੇ ਪਰੇ ਤੋਂ ਪਰੇ! ਹੇ (ਸਭ ਨੂੰ) ਹਰੇ ਭਰੇ ਕਰਨ ਵਾਲੇ ਹਰੀ! (ਆਪ) ਹੁਣ ਵੀ ਹੋ, ਪਿੱਛੇ ਵੀ ਸੀ ਅਤੇ ਅੱਗੇ ਨੂੰ ਵੀ ਹੋਣ ਵਾਲੇ ਹੋ (ਸਦਾ ਕਾਇਮ ਰਹਿਣ ਵਾਲਾ ਹੈ)।ਹੇ ਸੰਤਾਂ ਦੇ ਸਦਾ ਅੰਗ ਸੰਗ ਰਹਿਣ ਵਾਲੇ! (ਆਪ) ਨਿਆਸਰਿਆਂ ਦੇ ਆਸਰਾ ਹੋ।ਹੇ ਠਾਕੁਰ! ਮੈਂ (ਆਪ ਜੀ ਦਾ ਨਿਮਾਣਾ ਜਿਹਾ) ਦਾਸ ਹਾਂ, ਮੈਂ ਗੁਣ ਹੀਣ ਹਾਂ, (ਮੇਰੇ ਵਿਚ) ਕੋਈ ਗੁਣ ਨਹੀਂ।

ਅੰਗ ੨੬੨ = ਨਾਨਕ ਦੀਜੈ ਨਾਮ ਦਾਨੁ ,ਰਾਖਉ ਹੀਐ ਪਰੋਇ ॥੫੫॥ ਨਾਨਕ ਗੁਰੂ ਜੀ ਆਰਦਾਸ ਕਰਦੇ ਹਨ (ਕਿ ਹੇ ਨਿਰੰਕਾਰ! ਮੈਨੂੰ) ਨਾਮ ਦਾ ਦਾਨ ਦੇਵੋ (ਜੀ, ਜਿਸ ਨਾਮ ਨੂੰ ਮੈਂ ਅਪਣੇ) ਹਿਰਦੇ ਵਿਚ ਪਰੋ ਕੇ ਰੱਖਾਂ।੫੫।

ਪਦਾਰਥ = ਕਲੰਮ-ਕਲਮ।ਅਗੰਮ-ਅਪਹੁੰਚ।ਮਸਤਕਿ-ਮੱਥੇ ਤੇ।ਉਰਝਿ ਰਹਿਓ-(ਤਾਣੇ ਪੇਟੇ ਵਾਂਗ) ਮਿਲਿਆ ਹੋਇਆ।ਅਨੂਪ-ਉਪਮਾ ਤੋਂ ਰਹਿਤ (ਸੁੰਦਰ)।ਰੂਪਾਵਤੀ-ਰੂਪ ਵਾਲਾ।ਮੁਖਹੁ-ਮੂੰਹ ਤੋਂ।ਤੁਹਾਰੀਆ-ਤੇਰੀ।ਮੋਹੀ-ਮੋਹਿਤ ਹੋਈ।ਪਉੜੀ।ਅਚੁਤ-ਅਟੱਲ ;ਅਚੱਲ।ਪਾਰਬ੍ਰਹਮ-ਜਗਤ ਤੋਂ ਪਰੇ ਨਿਰਗੁਣ ਬ੍ਰਹਮ; ਵਿਆਪਕ ਵਾਹਿਗੁਰੂ।ਅਘ-ਪਾਪ।ਸਰਬ ਮੈ-ਸਾਰੇ ਰੂਪਾਂ ਵਿਚ ਵਰਤਣ ਵਾਲਾ ।ਗੁਣਤਾਸ-ਗੁਣਾਂ ਦਾ ਭੰਡਾਰ।ਸੰਗੀ-ਸਦਾ ਨਾਲ ਰਹਿਣ ਵਾਲਾ।ਨਿਰੰਕਾਰ-ਅਕਾਰ ਰਹਿਤ।ਨਿਰਗੁਣ-ਮਾਇਆ ਦੇ ਤਿੰਨ ਗੁਣਾਂ ਤੋਂ ਰਹਿਤ।ਨਿਧਾਨ-ਖਜਾਨਾ।ਜਾ ਕੈ-ਜਿਸ ਦੇ।ਬਿਬੇਕ-ਨਿਰਣਾ ਕਰਨ ਵਾਲੀ ਵਿਚਾਰ।ਅਪਰੰਪਰ-ਪਰੇ ਤੋਂ ਪਰੇ।ਹਰੇ-ਹਰੇ ਭਰੇ ਕਰਨ ਵਾਲਾ; ਨਾਸ਼ ਕਰਨ ਵਾਲਾ।ਹਹਿ ਭੀ-ਹੁਣ ਵੀ ਹੈ।ਹੋਵਨਹਾਰ-ਅੱਗੇ ਵੀ ਹੋਣ (ਸਦਾ ਥਿਰ ਰਹਿਣ) ਵਾਲਾ।ਨਿਧਾਰਾ-ਨਿਆਸਰਿਆਂ ਦਾ ।ਆਧਾਰ-ਆਸਰਾ (ਰੱਬ ਨੂੰ ਕਿਸੇ ਆਸਰੇ ਦੀ ਲੋੜ ਨਹੀਂ, ਪਰ ਉਹ ਸਭ ਦਾ ਆਸਰਾ ਹੈ)।ਠਾਕੁਰ-ਜਗਤ ਦਾ ਮਾਲਕ।ਹਉ-ਮੈਂ। ਦਾਸਰੋ-ਨਿਮਾਣਾ ਜਿਹਾ ਸੇਵਕ।ਨਿਰਗੁਨ-ਗੁਣ ਹੀਣ।ਹੀਐ-ਹਿਰਦੇ ਵਿਚ।ਪਰੋਇ-ਪਰੋ ਕੇ।੫੫।

ਸਲੋਕੁ ॥ ਗੁਰਦੇਵ ਮਾਤਾ ਗੁਰਦੇਵ ਪਿਤਾ, ਗੁਰਦੇਵ ਸੁਆਮੀ ਪਰਮੇਸੁਰਾ ॥ ਗੁਰਦੇਵ ਸਖਾ ਅਗਿਆਨ ਭੰਜਨੁ ,ਗੁਰਦੇਵ ਬੰਧਿਪ ਸਹੋਦਰਾ ॥ ਗੁਰਰਦੇਵ ਦਾਤਾ ਹਰਿ ਨਾਮੁ ਉਪਦੇਸੈ, ਗੁਰਦੇਵ ਮੰਤੁ ਨਿਰੋਧਰਾ ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ, ਗੁਰਦੇਵ ਪਾਰਸ ਪਰਸ ਪਰਾ ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ, ਗੁਰ ਗਿਆਨ ਮਜਨੁ ਅਪਰੰਪਰਾ ॥ ਗੁਰਦੇਵ ਕਰਤਾ ਸਭਿ ਪਾਪ ਹਰਤਾ, ਗੁਰਦੇਵ ਪਤਿਤ ਪਵਿਤ ਕਰਾ ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ,ਗੁਰਦੇਵ ਮੰਤੁ ਹਰਿ ਜਪਿ ਉਧਰਾ ॥ ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ, ਹਮ ਮੂੜ ਪਾਪੀ ਜਿਤੁ ਲਗਿ ਤਰਾ ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ,ਗੁਰਦੇਵ ਨਾਨਕ ਹਰਿ ਨਮਸਕਰਾ ॥੧॥ ਏਹੁ ਸਲੋਕੁ ਆਦਿ ਅੰਤਿ ਪੜਣਾ ॥ (ਇਹ ਸਲੋਕ ਬਾਵਨ ਅਖਰੀ ਦੇ ਅਰੰਭ ਵਿਚ ਵੀ ਲਿਖਿਆ ਹੋਇਆ ਹੈ।ਅਰਥ ਅਰੰਭ ਵਿਚ ਹੋ ਚੁਕੇ ਹਨ)।

ਵਿਆਖਿਆ ਵਿਚ ਆਉਣ ਵਾਲੇ ਚਿੰਨ੍ਹਾਂ ਦਾ ਵੇਰਵਾ =

੧. ਟਕਸਾਲ = (ਗਿ. ਗੁਰਬਚਨ ਸਿੰਘ ਭਿੰਡਰਾਂ ਵਾਲਿਆਂ ਦੀ ਕਥਾ ਦੀਆਂ ਟੇਪਾਂ ਵਿਚੋਂ)।
੨. ਦਰਪਣ = ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਟੀਕਾਕਾਰ ਡਾ. ਸਾਹਿਬ ਸਿੰਘ ਡੀ. ਲਿਟ.)।
੩. ਨਿਰਣੈ = ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ (ਟੀਕਾਕਾਰ ਗਿ. ਹਰਬੰਸ ਸਿੰਘ)॥
੪. ਸੰ.ਪੋ. = ਸੰਥਿਆ ਪੋਥੀਆਂ (ਟੀਕਾਕਾਰ ਪਦਮ ਭੂਸ਼ਨ ਡਾ. ਭਾਈ ਵੀਰ ਸਿੰਘ ਜੀ)।
੫. ਸੰ.ਸ. = ਸੰਪ੍ਰਦਾਈ ਸਟੀਕ (ਟੀਕਾਕਾਰ ਸੰਤ ਅਮੀਰ ਸਿੰਘ ਗਲੀ ਸੱਤੋ ਵਾਲੀ ਸ੍ਰੀ ਅੰਮ੍ਰਿਤਸਰ)।
੬. ਭਾ. ਗੁ. = ਭਾਈ ਗੁਰਦਾਸ ਜੀ।
੭. ਫ.ਸ. = ਫਰੀਦਕੋਟ ਸਟੀਕ (ਭਾਸ਼ਾ ਵਿਭਾਗ)।
੮. ਸ਼ਬਦਾਰਥ = ਸ੍ਰੀ ਗੁਰੂ ਗ੍ਰੰਥ ਸਾਹਿਬ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ)।
੯. ; ਇਸ ਚਿੰਨ ਦਾ ਭਾਵ ਹੈ = ਦੂਜਾ ਅਰਥ।ਅਥਵਾ। ਜਾਂ।
੧੦. ਬਾ. ਪ੍ਰ. = ਸ੍ਰੀ ਗੁਰੂ ਬਾਣੀ ਪਰਕਾਸ਼ (ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਨੇਵਾਰ ਕੋਸ਼) ਟੀਕਾਕਾਰ ਸੋਢੀ ਤੇਜਾ ਸਿੰਘ।
੧੧. ਲਾਲ ਅੱਖਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਲਿਖੇ ਹੋਏ ਹਨ।
੧੨. ਕਬਿਤ = ਭਾਈ ਗੁਰਦਾਸ ਜੀ।
੧੩. ਅ. = ਅਰਬੀ। ਫਾ. = ਫਾਰਸੀ।

All Rights Reserved by Harjinder Singh Gyani | www.GuruGranthVakhyaan.org

॥ ਸੁਖਮਨੀ ਸਾਹਿਬ ॥

ਉਥਾਨਕਾ = ਇਕ ਦਿਨ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਆਦਿ ਮੁਖੀ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ ਕਿ ਕੰਮਾਂ ਕਾਜਾਂ ਵਿਚ ਲੋਕਾਂ ਨੂੰ ਨਾਮ ਸਿਮਰਨ ਦਾ ਬਹੁਤਾ ਸਮਾਂ ਨਹੀਂ ਮਿਲਦਾ।ਕੋਈ ਐਸੀ ਬਾਣੀ ਉਚਾਰਨ ਕਰੋ, ਜਿਸ ਦੇ ਪਾਠ ਕਰਨ ਨਾਲ ਕਲਜੁਗੀ ਜੀਵਾਂ ਨੂੰ ਅੱਠ ਪਹਿਰ ਦੇ ਨਾਮ ਸਿਮਰਨ ਦਾ ਫਲ ਪ੍ਰਾਪਤ ਹੋਵੇ।ਗੁਰੂ ਜੀ ਉਸ ਵਕਤ ਰੱਬੀ ਰੰਗ ਵਿਚ ਰੱਤੇ ਹੋਏ ਸਨ {ਭਨਿ ਮਥੁਰਾ ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖ੍ਯ ਹਰਿ ੧੪੦੯}, ਆਪ ਜੀ ਨੇ ਮੇਹਰ ਦੇ ਘਰ ਵਿਚ ਆ ਕੇ ਸੁਖਮਨੀ ਸਾਹਿਬ ਬਾਣੀ ਉਚਾਰਨ ਕੀਤੀ।ਸੂਰਜ ਪ੍ਰਕਾਸ਼ ਵਿਚ ਵੀ ਇਸੇ ਤਰ੍ਹਾਂ ਦੀ ਉਥਾਨਕਾ ਸੁਖਮਨੀ ਸਾਹਿਬ ਦੇ ਉਚਾਰਨ ਸਬੰਧੀ ਮਿਲਦੀ ਹੈ ਕਿ ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ

ਸੁਧਾਸਰ ਸਰੋਵਰ ਤੋਂ ਰਾਮ ਸਰ ਆਏ।ਇਥੇ ਹੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਣ ਦਾ ਕਾਰਜ ਚਲ ਰਿਹਾ ਸੀ।ਦਿਨ ਦਾ ਤੀਜਾ ਪਹਿਰ ਸੀ, ਰੱਬੀ ਰੰਗ ਵਿਚ ਰੰਗੇ ਗੁਰੂ ਜੀ ਨੇ ਬਾਵਨ ਅੱਖਰੀ ਉਚਾਰੀ।ਫਿਰ ਦੂਜੇ ਦਿਨ ਇਸ਼ਨਾਨ ਆਦਿ ਤੋਂ ਵੇਹਲੇ ਹੋ ਕੇ ਇਕਾਂਤ ਵਿਚ ਇਕ ਬੇਰ ਹੇਠ ਬੈਠ ਗਏ, ਜੈਸਾ ਕਿ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਃ—

ਰਾਮ ਤਾਲ ਕੀ ਕੋਨ ਇਸਾਨ ॥ ਇਕ ਬਦਰੀ ਸੁਭ ਖਰੀ ਸਥਾਨ ॥ ਕ੍ਰਿਪਾ ਸਿੰਧ ਅਵਲੋਕਨਿ ਕੀਨੇ ॥ ਤਿਸ ਤਰੁ ਕੇ ਤਰ ਤਬਿ ਆਸੀਨੇ ॥੪੦॥ ਸਨਮੁਖਿ ਬੈਠ ਗਯੋ ਗੁਰਦਾਸ ॥ ਸ੍ਰੀ ਗੁਰ ਕੀਨਸਿ ਬਾਕ ਪ੍ਰਕਾਸ ॥ ਸਮਾਂ ਘੋਰ ਕਲਿਜੁਗ ਕੋ ਆਯੋ ॥ ਕਟਕ ਬਿਕਾਰਨਿ ਕੋ ਜਗ ਛਾਯੋ ॥੪੧॥ ਤਿਨ ਕੋ ਪਾਇ ਪਾਪ ਨਰ ਕਰਿਈਂ ॥ ਅੰਤ ਕਾਲ ਬਿਚ ਨਰਕ ਸੁ ਪਰਿਈਂ ॥ ਭੋਗ ਮਹਾਂ ਦੁਖ ਸੰਮਤ ਘਨੇ ॥ ਤਹਾਂ ਸਹਾਇਕ ਕੋਇ ਨ ਬਨੇ ॥੪੨॥......ਇਮ ਜਨਮੈ ਤਨ ਪਾਇ ਬਹੋਰੀ ॥ ਮਰਹਿਂ ਫੇਰਿ ਕਰਿ ਕਰਿ ਅਘ ਘੋਰੀ ॥ ਤਨਕ ਮਾਤ੍ਰ ਸੰਕਟ ਇਹ ਕਹੇ ॥ ਗਿਨੇ ਨ ਜਾਇ ਜਿਤਕ ਇਹ ਲਹੇ ॥੪੮॥ ਯਾਤੇ ਰਚਹਿ ਏਕ ਅਸ ਬਾਨੀ ॥ ਨਿਤ ਜਿਸ ਪਠਤਿ ਹੋਹਿ ਅਘ ਹਾਨੀ ॥ ਰਿਦੇ ਬਸਾਇ ਕਮਾਵੈ ਜੋਈ ॥ ਬਹੁਰ ਨ ਜਨਮ ਮਰਨ ਤਿਸ ਹੋਈ ॥੪੯॥..... ਦੋਹਰਾ ॥ ਰਾਮ ਤਾਲ ਈਸਾਨ ਦਿਸ, ਬੈਠੇ ਗੁਰੂ ਕ੍ਰਿਪਾਲ ॥ ਰਚਨਿ ਲਗੇ ਤਬ ਸੁਖਮਨੀ, ਦੇ ਸੁਖ ਕਰਤਿ ਨਿਹਾਲ ॥੧॥ ਚੌਪਈ ॥ ਪ੍ਰਥਮ ਸਲੋਕ ਗੁਰੂ ਪਗ ਬੰਦੇ ॥ ਕੀਨ ਮੰਗਲਾ ਚਰਨ ਬਿਲੰਦੇ ॥ ਪ੍ਰਭੁ ਸਿਮਰਨ ਕੀ ਮਹਿਮਾ ਫੇਰ ॥ ਅਸਟਪਦੀ ਮਹਿ ਰਚੀ ਬਡੇਰ ॥੨॥ਨਾਮ ਮਹਾਤਮ ਮਹਦ ਮਹਾਨਾ ॥ ਬਹੁ ਬਿਧਿ ਸੋਂ ਸਤਿਗੁਰੂ ਬਖਾਨਾ ॥ ਬ੍ਰਹਮ ਗਿਆਨੀ ਉਰ ਭਗਤ ਵਿਰਾਗੀ ॥ ਸਾਧ ਸੰਗਤਿ ਜਿਨ ਕੀ ਲਿਵ ਲਾਗੀ ॥੩॥ ਕਹਯੋ ਮਹਾਤਮ ਅਤਿ ਤਿਨ ਕੇਰਾ ॥ ਸੰਤਨ ਰਿਪੁ ਕੋ ਕਸਟ ਬਡੇਰਾ ॥ ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥੪॥......ਕਰਿ ਸੁਖਮਨੀ ਅੰਤ ਮਹਿ ਆਪੁ ॥ ਕਹਯੋ ਮਹਾਤਮ ਅਧਿਕ ਪ੍ਰਤਾਪੁ ॥੫॥ ਸਭਿ ਤੇ ਊਚ ਪਾਇ ਅਸਥਾਨ ॥ ਨਿਤ ਪਾਠਕ ਮਿਟਿ ਆਵਨਿ ਜਾਨਿ ॥ ਮੈ ਮਹਮਾ ਕਿਆ ਕਰਵ ਬਖਾਨੀ ॥ ਗੁਰ ਸਰਬਗ ਕਹੀ ਸੁ ਮਹਾਨੀ ॥੬॥ ਪ੍ਰਾਤ ਸਮੇ ਇਕ ਮਨ ਕਰਿ ਪਾਠ ॥ ਮਿਟਹਿ ਪਾਪ ਕ੍ਰਿਤ ਜਾਮ ਜੁ ਆਠ ॥ ਜਨਮ ਮਰਨ ਤਿਨ ਕੋ ਕਟਿ ਜਾਇ ॥ ਪਠਿ ਪ੍ਰਭ ਚਰਨਨਿ ਰਹੇ ਸਮਾਇ ॥੭॥(ਸੂ. ਪ੍ਰ. ਰਾਸ ੩ ਅੰਸੂ ੪੨-੪੩)

ਗੁਰੂ ਅਰਜਨ ਦੇਵ ਜੀ ਨੇ ਜਿਸ ਬੇਰ ਹੇਠ ਬੈਠ ਕੇ ਇਹ ਬਾਣੀ ਉਚਾਰੀ ਸੀ, ਉਹ ਅੰਮ੍ਰਿਤਸਰ ਸਾਹਿਬ ਵਿਖੇ ਰਾਮ ਸਰ ਦੇ ਕਿਨਾਰੇ ਹੁਣ ਤਕ ਮੌਜੂਦ ਹੈ।ਉਸ ਵੇਲੇ ਇਹ ਟਿਕਾਣਾ ਸ਼ਹਿਰ ਤੋਂ ਦੂਰ ਬੇਰੀਆਂ, ਪਿੱਪਲਾਂ ਤੇ ਛਿੱਛਰਿਆਂ ਆਦਿ ਦੀ ਛਾਂ ਵਾਲਾ ਬਨ ਵਾਂਗ ਸੀ।ਇਸ ਜਗ੍ਹਾ ਰਾਮਸਰ ਸਰੋਵਰ ਦੇ ਪੱਛਮ ਵਾਲੇ ਪਾਸੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਲਿਖਿਆ ਗਿਆ, ਉਥੇ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ। ਜਦ ਗਉੜੀ ਰਾਗ ਦੇ ਛੰਤਾਂ ਤੋਂ ਬਾਦ ਬਾਵਨ ਅੱਖਰੀ ਉਚਾਰੀ ਤਾਂ ਉਸ ਤੋਂ ਅਗਲੇ ਦਿਨ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਵੇਲੇ ਇਸ਼ਨਾਨ ਆਦਿ ਤੋਂ ਵੇਹਲੇ ਹੋ ਕੇ ਭਾਈ ਗੁਰਦਾਸ ਜੀ ਨਾਲ ਵਿਚਾਰ ਕੀਤੀ ਕਿ ਸਮਾਂ ਬਹੁਤ ਪਾਪ ਮਈ ਹੈ।ਇਕ ਐਸੀ ਬਾਣੀ ਰਚੀ ਜਾਵੇ, ਜੋ ਆਮ ਜਨ ਸਧਾਰਨ ਪ੍ਰਾਣੀ ਦੇ ਵੀ ਸਮਝ ਆਵੇ, ਜਿਸ ਦੇ ਪੜ੍ਹਨ, ਵਿਚਾਰਨ ਤੇ ਅਮਲ ਕਰਨ ਨਾਲ ਲੋਕਾਂ ਦੇ ਪਾਪ ਦੂਰ ਹੋ ਸਕਣ।ਤਦ ਗੁਰੂ ਜੀ ਨੇ ਸੁਖਮਨੀ ਸਾਹਿਬ ਦੀ ਬਾਣੀ ਉਚਾਰਨ ਕੀਤੀ, ਇਹ ਸਮਾਂ ਮੱਘਰ ਮਹੀਨਾ ਸੰਮਤ ੧੬੫੮ (੧੬੦੧ ਈ.) ਦਾ ਸੀ।ਤਵਾਰੀਖ ਗੁਰੂ ਖਾਲਸਾ ਨੇ ਉਚਾਰਨ ਦਾ ਸੰਮਤ ੧੬੫੭ ਲਿਖਿਆ ਹੈ।ਤਵਾਰੀਖ ਗੁਰੂ ਖਾਲਸਾ ਅਨੁਸਾਰ ਇਨ੍ਹਾਂ ਹੀ ਦਿਨਾਂ ਵਿਚ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬਾਬਾ ਸ਼੍ਰੀ ਚੰਦ ਜੀ ਆਏ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਵਾਪਸ ਅਪਣੇ ਸਥਾਨ ਪਿੰਡ ਬਾਰਠ ਚਲੇ ਗਏ। ਬਾਦ ਵਿਚ ਗੁਰੂ ਅਰਜਨ ਦੇਵ ਜੀ ਸੰਗਤਾਂ ਨੂੰ ਦਰਸ਼ਨ ਦੇਂਦੇ ਹੋਏ ਡੇਰਾ ਬਾਬਾ ਨਾਨਕ ਤੋਂ ਪਿੰਡ ਬਾਰਠ ਗਏ।ਬਾਬਾ ਸ਼੍ਰੀ ਚੰਦ ਜੀ ਨੂੰ ਮਿਲੇ ਅਤੇ ਸੁਖਮਨੀ ਸਾਹਿਬ ਦੀਆਂ ੧੬ ਅਸਟਪਦੀਆਂ ਸੁਣਾਈਆਂ, ਜੋ ਗੁਰੂ ਜੀ ਰਚ ਚੁਕੇ ਹੋਏ ਸਨ।ਤਦ ਬਾਬਾ ਜੀ ਨੇ ਬੇਤਨੀ ਕੀਤੀ ੮ ਅਸਟਪਦੀਆਂ ਹੋਰ ਰਚ ਕੇ ੨੪ ਪੂਰੀਆਂ ਕਰ ਲਵੋ।ਤਾਂ ਜੋ ਇਸ ਬਾਣੀ ਨੂੰ ਪੜ੍ਹਨ ਵਾਲੇ ਪ੍ਰਾਣੀ ਦੇ ੨੪ ਹਜਾਰ ਸੁਆਸ ਸਫਲ ਹੋ ਜਾਣ।ਕਿਉਂਕਿ ਮਨੁੱਖ ਦਿਨ ਰਾਤ ਵਿਚ ੨੪ ਹਜਾਰ ਦੇ ਕਰੀਬ ਸੁਆਸ ਲੈਂਦਾ ਹੈ।ਗੁਰੂ ਅਰਜਨ ਦੇਵ ਜੀ ਨੇ ਬਾਬਾ ਸ਼੍ਰੀ ਚੰਦ ਦੇ ਸਨਮਾਨ ਵਿਚ ਕਿਹਾ ਕਿ ਬਾਕੀ ਦੀਆਂ ੮ ਅਸ਼ਟਪਦੀਆਂ ਤੁਸੀਂ ਰਚ ਦਿਓ।ਬਾਬਾ ਜੀ ਨੇ ਆਖਿਆ ਤੁਸੀਂ ਸਾਡੇ ਪਿਤਾ ਸ਼੍ਰੀ ਗੁਰੂ ਨਾਨਕ ਦੇਵ

www.gurugranthvakhyaan.org

ਜੀ ਦੀ ਗੱਦੀ ਦੇ ਵਾਰਸ ਹੋ, ਫਿਰ ਤੁਹਾਨੂੰ ਸ਼੍ਰੀ ਗੁਰੂ ਅਮਰਦਾਸ ਜੀ ਦਾ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਹੈ। ਤੁਸੀਂ ਸਾਡਾ ਮਾਣ ਕੀਤਾ ਹੈ, ਅਸੀਂ ਪਿਤਾ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਸਲੋਕ 'ਆਦਿ ਸਚੁ ਜੁਗਾਦਿ ਸਚੁ'....ਬੋਲ ਦੇਂਦੇ ਹਾਂ, ਅੱਗੇ ਤੁਸੀਂ ਆਪ ਸੰਪੂਰਨ ਕਰ ਲਵੋ। ਗੁਰੂ ਜੀ ਨੇ ਬਾਕੀ ਅਸ਼ਟਪਦੀਆਂ ਉਥੇ ਹੀ ਉਚਾਰਨ ਕਰਕੇ ਬਾਬਾ ਜੀ ਨੂੰ ਸੁਣਾਈਆਂ। ਬਾਬਾ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਆਖਿਆ ਤੁਹਾਡਾ ਬੁਰਾ ਚਿਤਵਨ ਵਾਲਾ ਕੋਈ ਨਹੀਂ ਰਹੇਗਾ, ਤੁਹਾਡੀ ਇਹ ਬਾਣੀ ਲੋਕਾਂ ਲਈ ਕਲਿਆਣਕਾਰੀ ਹੋਵੇਗੀ। ਪਰ ਸੂਰਜ ਪ੍ਰਕਾਸ਼ ਅਤੇ ਆਮ ਰਵਾਇਤ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਸਾਰੀ ਸੁਖਮਨੀ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਰਾਮਸਰ ਦੇ ਸਥਾਨ ਤੇ ਹੀ ਉਚਾਰਨ ਕੀਤੀ ਹੈ। ਬਾਬਾ ਸ਼੍ਰੀ ਚੰਦ ਜੀ ਵਾਲਾ ਪ੍ਰਸੰਗ ਵੀ ਰਾਮ ਸਰ ਵਿਖੇ ਹੀ ਵਾਪਰਿਆ ਦਸਿਆ ਜਾਂਦਾ ਹੈ। ਪੁਰਾਤਨ ਸਿੱਖ ਵਿਦਵਾਨਾਂ ਨੇ ਵੀ ਇਸ ਬਾਣੀ ਦੀ ਮਾਹਿਮਾ ਕੀਤੀ ਹੈ, ਉਸ ਦੀ ਪੁਸ਼ਟੀ ਹੇਠ ਲਿਖੇ ਪ੍ਰਮਾਣਾਂ ਤੋਂ ਹੁੰਦੀ ਹੈ =
ਸੁਖਮਨੀ ਨਾਮ ਗਿਆਨ ਪ੍ਰਵਾਹ ॥ ਤਿਸ ਪ੍ਰਾਪਤ ਜਿਸ ਹੋਇ ਮਥਾਹ ॥ ਤਾਂ ਕੇ ਗੁਨ ਮੁਖ ਕਹੇ ਨ ਬਨੇ ॥ ਵਡਭਾਗੀ ਜੋ ਪਾਠ ਮੁਖ ਭਨੇ ॥੧੦॥.... ਸੁਖਮਨੀ ਰਤਨ ਦਿਵ ਅਸਥੂਲ ॥ ਤਾਂ ਮੋ ਚਲੇ ਅੰਮ੍ਰਿਤ ਕੇ ਕੂਲ ॥ ਚੌਬੀਸ ਪਹਲ ਝਲਕਤ ਗੁਨ ਭਾਨ ॥ ਪਹਲ ਪਹਲ ਮੁਕਤਾ ਕੀ ਖਾਨ ॥੨੯॥ ਚੌਬੀਸ ਸਲੋਕ ਹੀਰੇ ਸੰਗਿ ਲਗੇ ॥ ਪਹਲਨ ਕੇ ਰੰਗ ਹੀਰੇ ਪਗੇ ॥ ਇਹ ਗਿਆਨ ਖਾਨ ਕੀ ਕੌਸਤੁਭ ਮਣੀ ॥ ਸੋਭਾ ਸ੍ਰੀ ਸਤਿਗੁਰ ਮੁਖ ਭਣੀ ॥੩੦॥ (ਮਹਿਮਾ ਪ੍ਰਕਾਸ਼ ਪੰਨਾ ੩੬੩)।
ਤਬ ਗੁਰ ਮੁਖ ਸੁਖਮਨੀ ਉਚਾਰੀ ॥ ਮਣਿਕ ਮਾਲ ਮਾਨੋ ਉਰਿ ਧਾਰੀ ॥ ਚਵੀ ਹਜਾਰ ਅੱਛਰ ਇਹ ਧਰੇ ॥ ਯਾਂ ਕੀ ਉਪਮਾ ਸ੍ਰੀ ਮੁਖ ਰਹੇ ॥੨੪੩॥ (ਗੁਰ ਬਿਲਾਸ ਪਾ. ੬ ਪੰਨਾ ੬੦)।
ਸੁਖਮਨੀ ਦਾ ਅਰਥ = ਗੁਰੂ ਗ੍ਰੰਥ ਸਾਹਿਬ ਵਿਚ ਸੁਖਮਨਾ, ਸੁਖਮਨਿ ਤੇ ਸੁਖਮਨ ਲਫਜ ਲਿਖੇ ਮਿਲਦੇ ਹਨ, ਪਰ ਇਹ ਸਾਰੇ ਲਫਜ ਜੋਗੀਆਂ ਦੀ ਕਲਪੀ ਹੋਈ ਨਾੜੀ ਦੇ ਸਬੰਧ ਵਿਚ ਆਏ ਹਨ। ਸੁਖਮਨੀ ਬਾਣੀ ਦਾ ਇਹ ਸਿਰਲੇਖ ਗੁਰੂ ਸਾਹਿਬ ਵੱਲੋਂ ਨਵਾਂ ਸਿਰਜਿਆ ਨਾਮ ਹੈ, ਜੋ ਉਨ੍ਹਾਂ ਦੇ ਨਿੱਜੀ ਅਨੁਭਵ ਅਨੁਸਾਰ ਧੁਰ ਕੀ ਬਾਣੀ ਦੁਆਰਾ ਮੂਰਤੀਮਾਨ ਹੋਇਆ ਹੈ। ਇਹ ਨਾਮ ਦੋ ਪਦਾਂ ਦਾ ਜੋੜ ਹੈ = ਸੁਖ + ਮਣੀ। ਸੁਖ ਦਾ ਅਰਥ ਅਨੰਦ ਜਾਂ ਖੁਸ਼ੀ ਅਤੇ ਮਣੀ ਦਾ ਅਰਥ ਹੈ ਕੀਮਤੀ ਰਤਨ ਜਾਂ ਹੀਰਾ। ਸਮੁੱਚਾ ਅਰਥ ਹੈ = ਅਨੰਦ ਦੇਣ ਵਾਲਾ ਰਤਨ (ਨਾਮ)। ਚਿੰਤਾਮਣੀ ਬਾਰੇ ਪ੍ਰਚਲਤ ਖਿਆਲ ਹੈ ਕਿ ਉਸ ਨੂੰ ਸਾਮ੍ਹਣੇ ਰੱਖ ਕੇ ਜੋ ਵੀ ਚਿਤਵੀਏ, ਉਹ ਮਿਲ ਜਾਂਦਾ ਹੈ। ਇਸੇ ਤਰ੍ਹਾਂ ਇਸ ਬਾਣੀ ਨੂੰ ਪੜ੍ਹ ਕੇ ਜੋ ਵੀ ਮੰਗ ਮੰਗੀਏ, ਉਹ ਪੂਰੀ ਹੋ ਜਾਂਦੀ ਹੈ। ਕਰੀਬ ਕਰੀਬ ਸਭ ਟੀਕਾਕਾਰਾਂ ਨੇ ਸੁਖਮਨੀ ਦੇ ਇਹੋ ਹੀ ਅਰਥ ਕੀਤੇ ਹਨ। ਇਨ੍ਹਾਂ ਅਰਥਾਂ ਦੀ ਪੁਸ਼ਟੀ ਸੁਖਮਨੀ ਸਾਹਿਬ ਦੇ ਅੰਦਰੋਂ ਵੀ ਮਿਲਦੀ ਹੈ =

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥ (ਅੰਗ ੨੬੨)

ਉਤਮ ਸਲੋਕ ਸਾਧ ਕੇ ਬਚਨ। ਅਮੁਲੀਕ ਲਾਲ ਏਹਿ ਰਤਨ। ਸੁਨਤ ਕਮਾਵਤ ਹੋਤ ਉਧਾਰ। ਆਪਿ ਤਰੈ ਲੋਕਹ ਨਿਸਤਾਰ (੨੯੫)।

ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥ (ਅੰਗ ੨੯੫)

ਸਭ ਤੇ ਊਚ ਤਾ ਕੀ ਸੋਭਾ ਬਨੀ ॥ ਨਾਨਕ ਇਹ ਗੁਣ ਨਾਮੁ ਸੁਖਮਨੀ ॥ (ਅੰਗ ੨੯੬)

ਉਪਰ ਲਿਖੀਆਂ ਤੁਕਾਂ ਵਿਚ ਇਸ ਬਾਣੀ ਦੇ ਪਾਠ ਕਰਨ ਦਾ ਮਹਾਤਮ ਵੀ ਪ੍ਰਗਟ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੋਰ ਬਾਣੀਆਂ ਨਾਲੋਂ ਸੁਖਮਨੀ ਸਾਹਿਬ ਸਭ ਤੋਂ ਵੱਡੀ ਰਚਨਾ ਹੈ। ਇਸ ਬਾਣੀ ਦੇ ੨੪ ਸਲੋਕ ਤੇ ੨੪ ਹੀ ਅਸ਼ਟਪਦੀਆਂ ਹਨ। ਹਰੇਕ ਅਸਟਪਦੀ ਵਿਚ ੮ ਪਦੇ ਹਨ ਅਤੇ ਹਰ ਪਦੇ ਵਿਚ ੧੦ ਤੁਕਾਂ ਹਨ। 'ਸੁਖਮਨੀ ਸੁਖੁ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ' ॥ਰਹਾਉ॥ ਇਹ ਰਹਾਉ ਵਾਲੀ ਤੁਕ ਹੈ, ਜੋ ਸੁਖਮਨੀ ਸਾਹਿਬ ਦਾ ਕੇਂਦਰੀ ਭਾਵ ਹੈ, ਸਾਰਾ ਸੁਖਮਨੀ ਸਾਹਿਬ ਇਨ੍ਹਾਂ ਰਹਾਉ ਵਾਲੀਆਂ ਤੁਕਾਂ ਦੀ ਹੀ ਵਿਆਖਿਆ ਹੈ। ਇਸ ਬਾਣੀ ਵਿਚ ਵਰਤੇ ਬਿੰਬ, ਅਲੰਕਾਰ, ਰੂਪਕ ਤੇ ਦ੍ਰਿਸਟਾਂਤ ਮਨੁੱਖ ਦੇ ਆਮ ਜੀਵਨ ਨਾਲ ਸਬੰਧ ਰਖਦੇ ਹਨ ਅਤੇ ਇਸ ਵਿਚ ਵਰਤੀ ਸਰਲ ਬੋਲੀ ਦੇ ਸੁੰਦਰ ਸ਼ਬਦ ਪੱਥਰ ਵਰਗੇ ਕਠੋਰ ਹਿਰਦਿਆਂ ਨੂੰ ਵੀ ਪਿਘਲਾ ਦੇਂਦੇ ਹਨ। ਇਤਹਾਸ ਦਸਦਾ ਹੈ ਕਿ ਸਤਿਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਗੂਜਰੀ ਜੀ ਇਸ ਬਾਣੀ ਦੇ ਨੇਮੀ ਸਨ।

ਗਉੜੀ ਸੁਖਮਨੀ ਮਃ ੫ ॥ ਸਲੋਕੁ ॥ ੧ੴ ਸਤਿਗੁਰ ਪ੍ਰਸਾਦਿ ॥

ਗਉੜੀ (ਰਾਗਣੀ ਦਾ ਨਾਮ ਹੈ) ਵਿਚ ਸ੍ਰੀ ਸੁਖਮਨੀ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਉਚਾਰਨ ਕੀਤੀ ਮਹਾਨ ਬਾਣੀ ਹੈ। ਸਰਬ ਸ਼ਕਤੀਮਾਨ ਇਕ ਪ੍ਰਮਾਤਮਾ, ਜੋ ਸੱਚੇ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।
ਆਦਿ ਗੁਰਏ ਨਮਹ ॥ ਜੁਗਾਦਿ ਗੁਰਏ ਨਮਹ ॥ ਸਤਿਗੁਰਏ ਨਮਹ ॥ ਸ੍ਰੀ ਗੁਰਦੇਵਏ ਨਮਹ ॥੧॥ **ਪਹਿਲੇ ਗੁਰੂ ਨਾਨਕ ਦੇਵ ਜੀ ਨੂੰ**

All Rights Reserved by Harjinder Singh Gyani | www.GuruGranthVakhyaan.org

(ਮੇਰੀ) ਨਮਸ਼ਕਾਰ ਹੈ। ਦੂਜੇ ਗੁਰੂ ਅੰਗਦ ਦੇਵ ਜੀ ਨੂੰ ਮੇਰੀ ਨਮਸ਼ਕਾਰ ਹੈ। ਸਤਿਗੁਰੂ ਅਮਰਦਾਸ ਜੀ ਨੂੰ ਮੇਰੀ ਨਮਸਕਾਰ ਹੈ {ਸਚ ਸਚਾ ਸਤਿਗੁਰੁ ਅਮਰੁ ਹੈ, ਜਿਸੁ ਅੰਦਰਿ ਹਰਿ ਉਰਿਧਾਰਿਆ ੩੧੦}। ਗੁਰਦੇਵ ਗੁਰੂ ਰਾਮਦਾਸ ਜੀ ਨੂੰ ਮੇਰੀ ਨਮਸ਼ਕਾਰ ਹੈ {ਰਾਮ ਮ.ਕੋ. ਨੇ ਕੀਤੇ ਹਨ); ਪ੍ਰਮੇਸਰ ਜੋ ਆਦਿ ਤੋਂ ਗੁਰੂ ਹੈ, ਉਸ ਨੂੰ ਮੇਰੀ ਨਮਸ਼ਕਾਰ ਹੈ। ਪ੍ਰਮੇਸਰ ਜੋ ਜੁੱਗਾਂ ਦੇ ਆਦਿ ਤੋਂ ਹੈ, ਉਸ ਨੂੰ ਮੇਰੀ ਨਮਸ਼ਕਾਰ ਹੈ। ਸੱਚੇ ਗੁਰੂ ਪ੍ਰਮੇਸਰ ਤਾਈਂ ਮੇਰੀ ਨਾਮਸ਼ਕਾਰ ਹੈ। ਦੇਵ
ਰੂਪ ਗੁਰੂ ਪ੍ਰਮੇਸਰ ਤਾਈਂ ਮੇਰੀ ਨਮਸ਼ਕਾਰ ਹੈ। (ਇਸ ਤਰ੍ਹਾਂ ਦੇ ਅਰਥ ਦਰਪਣ; ਨਿਰਣੈ; ਸੰ.ਪੋ.; ਟਕਸਾਲ ਤੇ ਸ਼ਬਦਾਰਥ ਦੇ ਹਨ)।੧।

ਪਦਾਰਥ = ਆਦਿ-ਪਹਿਲਾ; ਮੁੱਢ ਤੋਂ। ਗੁਰਏ-ਗੁਰ ਏ (ਟਕਸਾਲ; ਸੰ.ਸ.ਨੇ ਪਦਛੇਦ ਪਾਠ ਕੀਤਾ ਹੈ) ਗੁਰੂ ਤਾਈਂ; ਗੁਰੂ ਨੂੰ। ਨਮਹ-ਨਮਸ਼ਕਾਰ ਹੈ। ਜੁਗਾਦਿ-ਦੂਜਾ; ਜੁੱਗਾਂ ਦੇ ਮੁੱਢ ਤੋਂ। ਸਤਿਗੁਰਏ-ਸਤਿਗੁਰੂ ਅਮਰਦਾਸ ਜੀ ਨੂੰ; ਸਤਿਗੁਰੂ ਪ੍ਰਮੇਸ਼ਰ ਨੂੰ। ਸ੍ਰੀ-ਸਤਿਕਾਰ ਯੋਗ; ਸੋਭਨੀਕ; ਸੋਹਣਾ। ਗੁਰਦੇਵਏ-ਗੁਰੂ ਰਾਮਦਾਸ ਜੀ ਨੂੰ; ਦੇਵ ਰੂਪ ਜਾਂ ਪੂਜਨੀਕ ਗੁਰੂ ਪ੍ਰਮੇਸ਼ਰ ਨੂੰ।੧।

ਨੋਟ = ਇਸ ਪਹਿਲੇ ਸਲੋਕ ਵਿਚ ਗੁਰੂ ਅਰਜਨ ਦੇਵ ਜੀ ਨੇ ਅਪਣੇ ਤੋਂ ਪਹਿਲੇ ਚਾਰ ਗੁਰੂ ਸਾਹਿਬਾਨਾਂ ਦਾ ਮੰਗਲ ਕੀਤਾ ਹੈ। ਗੁਰੂ ਦੀ ਪੂਜਾ, ਅਰਾਧਨਾ ਗੁਰਬਾਣੀ ਵਿਚ ਜਗ੍ਹਾ ਜਗ੍ਹਾ ਹੈ, ਗੁਰੂ ਦੀ ਉਸਤਤੀ ਪ੍ਰਭੂ ਦੀ ਉਸਤਤੀ ਹੈ {ਜੋ ਹਰਿ ਦਾਸਨ ਕੀ ਉਸਤਤਿ ਹੈ, ਸਾ ਹਰਿ ਕੀ ਵਡਿਆਈ ੬੫੨}। ਉਪਰੋਕਤ ਦੋਹਾਂ ਤਰ੍ਹਾਂ ਦੇ ਅਰਥ ਅਪਣੀ ਅਪਣੀ ਥਾਂ ਠੀਕ ਮੰਨੇ ਗਏ ਹਨ।

ਅਸਟਪਦੀ ॥ ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥ ਸਿਮਰਉ ਜਾਸੁ ਬਿਸੁੰਭਰ ਏਕੈ ॥ ਨਾਮ ਜਪਤ ਅਗਨਤ ਅਨੇਕੈ ॥ ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥ ਕੀਨੇ ਰਾਮ ਨਾਮ ਇਕ ਆਖ੍ਯਰ ॥ ਕਿਨਕਾ ਏਕੁ ਜਿਸੁ ਜੀਅ ਬਸਾਵੈ ॥ ਤਾ ਕੀ ਮਹਿਮਾ ਗਨੀ ਨ ਆਵੈ ॥ ਕਾਂਖੀ ਏਕੈ ਦਰਸ ਤੁਹਾਰੋ ॥ ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥ (ਮੈਂ ਪ੍ਰਭੂ ਨੂੰ) ਸਿਮਰਦਾ ਹਾਂ, (ਮਨ ਤੇ ਤਨ ਦੁਆਰਾ) ਸਿਮਰ ਸਿਮਰ ਕੇ (ਹੀ ਆਤਮਕ) ਸੁਖ ਪ੍ਰਾਪਤ ਕਰਦਾ ਹਾਂ। (ਪੰਜੇ ਦੂਤਾਂ ਦੇ ਜੋ) ਸਰੀਰ ਵਿਚ ਝਗੜੇ ਤੇ ਕਲੇਸ਼ ਹਨ, ਉਹ ਮਿਟਾਉਂਦਾ ਹਾਂ। ਜਗਤ ਨੂੰ ਪਾਲਣ ਵਾਲੇ ਜਿਸ ਇਕ ਪ੍ਰਭੂ ਨੂੰ ਮੈਂ ਸਿਮਰਦਾ ਹਾਂ। ਉਸ ਦਾ ਨਾਮ ਅਨੇਕਾਂ ਤੇ ਅਣਗਿਣਤ ਜੀਵ ਜਪਦੇ ਹਨ; ਉਸ ਦੇ ਨਾਮ ਅਨੇਕਾਂ ਹਨ ਤੇ ਅਣਗਿਣਤ ਲੋਕ (ਉਸਦੇ ਨਾਮ ਨੂੰ) ਜਪਦੇ ਹਨ (ਫ.ਸ.; ਸੰ.ਸ.)। ਬੇਦ, ਪੁਰਾਣ ਤੇ ਸਿਮ੍ਰਿਤੀਆਂ ਦੇ ਜੋ ਪਵਿਤ੍ਰ ਅੱਖਰ ਹਨ। (ਉਹ ਸਾਰੇ) ਪ੍ਰਭੂ ਦੇ ਇਕ ਨਾਮ ਦੇ ਅੱਖਰ ਦੀ ਸ਼ਕਤੀ ਨਾਲ ਹੀ ਰੂਪਮਾਨ ਕੀਤੇ ਹਨ; ਬੇਦ, ਪੁਰਾਣ ਤੇ ਸਿਮ੍ਰਤੀਆਂ ਦੇ ਅੱਖਰ ਸੋਧੇ ਹਨ (ਧਰਮ ਪੁਸਤਕਾਂ ਦਾ ਉਪਦੇਸ਼ ਵਿਚਾਰਿਆ ਹੈ)। ਅਖੀਰ ਨੂੰ ਇਕ ਪ੍ਰਭੂ ਦਾ ਨਾਮ ਹੀ (ਸੁਖਦਾਈ ਬਿਆਨ) ਕੀਤਾ ਹੈ (ਫ.ਸ.; ਟਕਸਾਲ; ਸੰ.ਸ.; ਉਨ੍ਹਾਂ ਧਰਮ ਗ੍ਰੰਥਾਂ ਨੇ ਵੀ) ਇਕ ਪ੍ਰਭੂ ਦੇ ਨਾਮ ਦੇ ਅਖਰ ਹੀ (ਸੁਖ ਦਾਈ ਕਥਨ) ਕੀਤੇ ਹਨ (ਮੇਰਾ ਖਿਆਲ) ਭਾਵ ਸਾਰੇ ਧਰਮ ਗ੍ਰੰਥਾਂ ਦਾ ਮੂਲ ਉਪਦੇਸ਼ ਪ੍ਰਭੂ ਦਾ ਨਾਮ ਹੈ {ਗੁਣ ਗੋਬਿੰਦ ਨਾਮ ਧੁਨਿ ਬਾਣੀ। ਸਿਮ੍ਰਿਤਿ ਸਾਸਤਰ ਬੇਦ ਬਖਾਣੀ ੨੯੬}। ਜਿਸ ਮਨੁੱਖ ਦੇ ਹਿਰਦੇ ਵਿਚ (ਪ੍ਰਭੂ ਅਪਣੇ ਨਾਮ ਦਾ) ਇਕ ਕਿਣਕਾ ਵਸਾ ਦਿੰਦਾ ਹੈ। ਉਸ ਮਨੁੱਖ ਦੀ ਵਡਿਆਈ ਗਿਣਤੀ ਵਿਚ ਨਹੀਂ ਆਉਂਦੀ ਭਾਵ ਕਹੀ ਨਹੀਂ ਜਾ ਸਕਦੀ। ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਪ੍ਰਭੂ ! ਜਿਹੜੇ ਮਨੁੱਖ) ਇਕ ਤੇਰੇ ਦਰਸ਼ਨਾਂ ਦੇ ਚਾਹਵਾਨ ਹਨ। ਮੈਨੂੰ ਉਨ੍ਹਾਂ ਦੀ ਸੰਗਤ ਵਿਚ ਮੇਲ ਕੇ (ਭਵਜਲ ਤੋਂ) ਤਾਰ ਦਿਓ ਜੀ।੧।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥ਰਹਾਉ॥ (ਇਹ ਬਾਣੀ) ਸੁਖਾਂ ਦੀ ਮਣੀ (ਕੀਮਤੀ ਰਤਨ) ਹੈ, ਜਿਸ ਵਿਚ ਸੁਖ ਦੇਣ ਵਾਲਾ ਪ੍ਰਭੂ ਦਾ ਅੰਮ੍ਰਿਤ ਰੂਪ ਨਾਮ ਹੈ; ਪ੍ਰਭੂ ਦਾ ਅੰਮ੍ਰਿਤ ਰੂਪ ਨਾਮ ਸੁਖ ਦੇਣ ਵਾਲਾ ਹੈ ਤੇ ਸੁੱਖਾਂ ਦੀ ਮਣੀ (ਕੀਮਤੀ ਰਤਨ) ਹੈ। (ਸੁਖਮਨੀ ਜਾਂ ਨਾਮ ਦਾ) ਨਿਵਾਸ ਭਗਤ ਜਨਾਂ ਦੇ ਮਨ ਵਿਚ ਹੈ। ਰਹਾਉ।

ਪਦਾਰਥ = ਅਸਟਪਦੀ-ਅੱਠ ਪਦਾਂ (ਬੰਦਾਂ) ਵਾਲੀ ਬਾਣੀ। ਕਲਿ-ਝਗੜੇ। ਤਨ ਮਾਹਿ-ਸਰੀਰ ਵਿਚ। ਜਾਸੁ-ਜਿਸ; ਜਸ (ਕੀਰਤਨ)। ਬਿਸੰਭਰ-ਵਿਸ਼ਵ ਨੂੰ ਭਰਨ (ਪਾਲਣ) ਵਾਲਾ। ਏਕੈ-ਇਕ ਹਰੀ ਨੂੰ। ਅਗਨਤ-ਅਣਗਿਣਤ। ਸੁਧਾਖ੍ਯਰ-ਪਵਿਤਰ ਅੱਖਰ (ਉਪਦੇਸ਼); ਪਵਿਤ੍ਰ ਉਪਦੇਸ਼ ਸੋਧਿਆ (ਵਿਚਾਰਿਆ) ਹੈ। ਆਖ੍ਯਰ-ਅੱਖਰ; ਮੰਤ੍ਰ; ਅਖੀਰ ਵਿਚ। ਜੀਅ-ਹਿਰਦੇ ਵਿਚ। ਤਾ ਕੀ-ਉਸ ਦੀ। ਗਨੀ-ਗਿਣਤੀ। ਕਾਂਖੀ-ਚਾਹਵਾਨ। ਉਨ-ਉਨ੍ਹਾਂ ਦੇ। ਮੋਹਿ-ਮੈਨੂੰ। ਉਧਾਰੋ-ਤਾਰ ਦੇਵੋ।੧। ਸੁਖਮਨੀ-ਸੁੱਖਾਂ ਦੀ ਮਣੀ; ਕੀਮਤੀ ਰਤਨ। ਮਨਿ-ਮਨ ਵਿਚ। ਬਿਸ੍ਰਾਮ-ਨਿਵਾਸ (ਟਿਕਾਣਾ)। ਰਹਾਉ।

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥ ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥ ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥ ਪ੍ਰਭ ਕੈ ਸਿਮਰਿਨਿ ਭਉ ਨ ਬਿਆਪੈ ॥ ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥ ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥ ਪ੍ਰਭੂ ਦਾ ਸਿਮਰਨ ਕਰਕੇ (ਮਨੁੱਖ ਮੁੜ ਮਾਂ ਦੇ) ਗਰਭ ਵਿਚ ਨਹੀਂ ਵਸਦਾ (ਜਨਮ ਮਰਣ ਮਿਟ ਜਾਂਦਾ ਹੈ)। ਜਮ ਜੋ ਮੌਤ ਦਾ ਦੁਖ ਦੇਂਦਾ ਹੈ, (ਉਹ) ਪ੍ਰਭੂ ਦਾ ਸਿਮਰਨ ਕਰਨ ਨਾਲ (ਮਨੁੱਖ ਪਾਸੋਂ) ਨੱਸ (ਦੂਰ ਹੋ) ਜਾਂਦਾ ਹੈ। ਪ੍ਰਭੂ ਦਾ ਸਿਮਰਨ ਕਰਨ ਕਰਕੇ ਕਾਲ ਪਰੇ ਹਟ ਜਾਂਦਾ ਹੈ। ਪ੍ਰਭੂ

All Rights Reserved by Harjinder Singh Gyani | www.GuruGranthVakhyaan.org

ਦੇ ਸਿਮਰਨ ਨਾਲ ਦੁਸ਼ਮਨ ਟਲ ਜਾਂਦਾ ਹੈ।ਪ੍ਰਭੂ ਨੂੰ ਸਿਮਰਦਿਆਂ ਕੋਈ ਵੀ ਬਿਘਨ ਨਹੀਂ ਲਗਦਾ।ਪ੍ਰਭੂ ਦਾ ਸਿਮਰਨ ਕਰਨ ਨਾਲ ਜੀਵ ਦਿਨ ਰਾਤ ਜਾਗਦਾ ਹੈ ਭਾਵ ਸੁਚੇਤ ਰਹਿੰਦਾ ਹੈ ਜਾਂ ਮਾਇਆ ਦੇ ਮਦ ਕਰਕੇ ਬੇ ਖਬਰ ਨਹੀਂ ਹੁੰਦਾ।ਪ੍ਰਭੂ ਦਾ ਸਿਮਰਨ ਕਰਨ ਨਾਲ ਡਰ ਨਹੀਂ ਲਗਦਾ।ਪ੍ਰਭੂ ਦਾ ਸਿਮਰਨ ਕਰਨ ਨਾਲ ਦੁੱਖ ਨਹੀਂ ਸਤਾਉਂਦਾ ।ਪ੍ਰਭੂ ਦਾ ਸਿਮਰਨ ਸਾਧੂਆਂ ਦੀ ਸੰਗਤ ਵਿਚੋਂ ਮਿਲਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, (ਸਿਮਰਨ ਕਰਨ ਵਾਲੇ ਮਨੁੱਖ ਨੂੰ) ਹਰੀ ਦੇ ਪ੍ਰੇਮ ਵਿਚ ਸਾਰੇ ਖਜਾਨੇ (ਪ੍ਰਤੀਤ ਹੁੰਦੇ) ਹਨ।੨।

ਪਦਾਰਥ = ਸਿਮਰਨਿ–ਸਿਮਰਨ ਦੁਆਰਾ; ਸਿਮਰਨ ਕਰਨ ਨਾਲ।ਗਰਭਿ–ਮਾਂ ਦੀ ਕੁੱਖ ਵਿਚ।ਦੂਖੁ ਜਮੁ–ਜਮ ਮੌਤ ਦਾ ਦੁਖ ਦੇਂਦਾ ਹੈ।ਨਸੈ–ਦੌੜ ਜਾਂਦਾ ਹੈ।ਕਾਲੁ–ਮੌਤ।ਪਰਹਰੈ–ਪਰੇ ਹਟ ਜਾਂਦਾ ਹੈ।ਟਰੈ–ਟਲ ਜਾਂਦਾ ਹੈ।ਭਉ–ਡਰ।ਨ ਬਿਆਪੈ–ਨਹੀਂ ਲਗਦਾ।ਸੰਤਾਪੈ–ਸਤਾਉਂਦਾ।ਸਰਬ–ਸਾਰੇ।ਨਿਧਾਨ–ਖਜਾਨੇ।ਹਰਿ ਰੰਗਿ–ਹਰੀ ਦੇ ਪ੍ਰੇਮ ਵਿਚ।੨।

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥ ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥ ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥ ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ ਪ੍ਰਭ ਕੈ ਸਿਮਰਨਿ ਸੁਫਲ ਫਲਾ ॥ ਪ੍ਰਭੂ ਦੇ ਸਿਮਰਨ ਨਾਲ ਰਿਧੀਆਂ ਸਿਧੀਆਂ ਤੇ ਨੌਂ ਨਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ।ਪ੍ਰਭੂ ਦੇ ਸਿਮਰਨ ਨਾਲ ਨਿਰਗੁਣ ਦਾ ਗਿਆਨ, ਗੁਰੂ ਦਾ ਧਿਆਨ ਤੇ ਆਤਮ ਤੱਤ ਨੂੰ ਜਾਨਣ ਵਾਲੀ ਬੁੱਧੀ ਪ੍ਰਾਪਤ ਹੋ ਜਾਂਦੀ ਹੈ। ਪ੍ਰਭੂ ਦੇ ਸਿਮਰਨ ਨਾਲ ਜਪ ਤਪ ਤੇ ਪੂਜਾ ਆਦਿ ਕਰਮਾਂ ਦਾ ਫਲ ਸੁਤੇ ਸਿੱਧ ਹੀ ਮਿਲ ਜਾਂਦਾ ਹੈ।ਪ੍ਰਭੂ ਦੇ ਸਿਮਰਨ ਨਾਲ ਦੂਜਾ ਭਾਉ ਨਾਸ਼ ਹੋ ਜਾਂਦਾ ਹੈ।ਪ੍ਰਭੂ ਦੇ ਸਿਮਰਨ ਨਾਲ (ਇਹ ਸਮਝੋ ਕਿ ਮਨੁੱਖ ਸਾਰੇ) ਤੀਰਥਾਂ ਤੇ ਇਸ਼ਨਾਨ ਕਰਨ ਵਾਲਾ ਹੋ ਗਿਆ ਹੈ।ਪ੍ਰਭੂ ਦੇ ਸਿਮਰਨ ਨਾਲ (ਮਨੁੱਖ) ਰੱਬੀ ਦਰਗਾਹ ਵਿਚ ਇੱਜਤ ਵਾਲਾ ਹੋ ਜਾਂਦਾ ਹੈ।ਪ੍ਰਭੂ ਦੇ ਸਿਮਰਨ ਦੁਆਰਾ (ਜੀਵ ਅਨੁਭਵ ਕਰਦਾ ਹੈ ਕਿ ਪ੍ਰਭੂ ਵੱਲੋਂ ਜੋ) ਹੁੰਦਾ ਹੈ, ਉਹ ਚੰਗਾ ਹੀ ਹੁੰਦਾ ਹੈ; ਪ੍ਰਭੂ ਦਾ ਸਿਮਰਨ ਕਰਨ ਨਾਲ (ਜੀਵ ਤੋਂ) ਜੋ ਕੁਛ ਹੁੰਦਾ ਹੈ, ਉਹ ਭਲਾ ਹੀ ਹੁੰਦਾ ਹੈ।ਪ੍ਰਭੂ ਦੇ ਸਿਮਰਨ ਨਾਲ (ਜੀਵ) ਚੰਗੇ ਫਲਾਂ ਨਾਲ ਫਲਦਾ ਹੈ (ਵੱਡੇ ਭਾਗਾਂ ਵਾਲਾ ਹੋ ਜਾਂਦਾ ਹੈ)।

ਅੰਗ ੨੬੩ = ਸੇ ਸਿਮਰਹਿ ਜਿਨ ਆਪਿ ਸਿਮਰਾਏ ॥ ਨਾਨਕ ਤਾ ਕੈ ਲਾਗਉ ਪਾਏ ॥੩॥ (ਪਰ ਨਾਮ) ਉਹ ਹੀ ਸਿਮਰਦੇ ਹਨ, ਜਿਨ੍ਹਾਂ (ਪੁਰਖਾਂ) ਪਾਸੋਂ ਪ੍ਰਭੂ ਆਪ ਸਿਮਰਨ ਕਰਾਉਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਮੈਂ ਉਨ੍ਹਾਂ (ਨਾਮ ਸਿਮਰਨ ਕਰਨ ਵਾਲਿਆਂ) ਦੇ ਚਰਨੀਂ ਲਗਦਾ ਹਾਂ।੩।

ਪਦਾਰਥ = ਰਿਧਿ–ਧਨ ਸੰਪਦਾ ਆਦਿ; ਅੰਨ ਨਾ ਮੁੱਕਣ ਦੇਣਾ–ਕਰਾਮਾਤੀ ਸ਼ਕਤੀਆਂ।ਨਉ ਨਿਧਿ–ਨੌ ਖਜਾਨੇ।ਤਤੁ–ਆਤਮ ਤੱਤ; ਜਗਤ ਦਾ ਮੂਲ ਤੱਤ।ਬਿਨਸੈ–ਨਾਸ਼ ਹੋ ਜਾਂਦਾ ਹੈ।ਦੂਜਾ–ਦੂਜਾ ਭਾਉ।ਮਾਨੀ–ਮਾਣ (ਇੱਜਤ) ਵਾਲਾ।ਸੁਫਲ ਫਲਾ–ਚੰਗੇ ਫਲਾਂ ਨਾਲ ਫਲਦਾ ਹੈ।ਸੇ–ਉਹ।ਜਿਨ–ਜਿਨ੍ਹਾਂ ਨੂੰ।ਤਾ ਕੈ–ਉਨ੍ਹਾਂ ਦੇ।ਪਾਏ–ਚਰਨੀਂ।੩।

ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥ ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥ ਪ੍ਰਭ ਕੈ ਸਿਮਰਨਿ ਪੂਰਨ ਆਸਾ ॥ ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਨਾਨਕ ਜਨ ਕਾ ਦਾਸਨਿ ਦਸਨਾ ॥੪॥ ਪ੍ਰਭੂ ਦਾ ਸਿਮਰਨ ਸਾਰੇ (ਕਰਮਾਂ ਧਰਮਾਂ ਦੇ ਸਾਧਨਾਂ) ਤੋਂ ਉਚਾ ਹੈ।ਪ੍ਰਭੂ ਦਾ ਸਿਮਰਨ ਕਰਕੇ ਬਹੁਤ (ਲੋਕ ਸੰਸਾਰ ਸਮੁੰਦਰ ਤੋਂ) ਤਰ ਗਏ ਹਨ।ਪ੍ਰਭੂ ਦੇ ਸਿਮਰਨ ਨਾਲ (ਮਾਇਕ ਪਦਾਰਥਾਂ ਦੀ) ਤ੍ਰਿਸ਼ਨਾ ਬੁੱਝ ਜਾਂਦੀ ਹੈ।ਪ੍ਰਭੂ ਦੇ ਸਿਮਰਨ ਨਾਲ ਸਭ ਕੁਛ ਦਿਸ ਪੈਂਦਾ ਹੈ (ਗਿਆਨ ਸ਼ਕਤੀ ਵਧਦੀ ਹੈ, ਮਨੁੱਖ ਦਿਬ ਦ੍ਰਿਸਟੀ ਵਾਲਾ ਹੋ ਜਾਂਦਾ ਹੈ)।ਪ੍ਰਭੂ ਦੇ ਸਿਮਰਨ ਨਾਲ (ਮਨੁੱਖ ਨੂੰ) ਜਮ ਦਾ ਡਰ ਨਹੀਂ ਰਹਿੰਦਾ।ਪ੍ਰਭੂ ਦੇ ਸਿਮਰਨ ਨਾਲ (ਹਰ ਪ੍ਰਕਾਰ ਦੀ) ਆਸਾ ਪੂਰੀ ਹੋ ਜਾਂਦੀ ਹੈ।ਪ੍ਰਭੂ ਦੇ ਸਿਮਰਨ ਨਾਲ ਮਨ ਦੀ ਮੈਲ ਚਲੇ ਜਾਂਦੀ ਹੈ।(ਮੈਲ ਦੂਰ ਹੋਣ ਨਾਲ ਮਨੁੱਖ ਦੇ) ਹਿਰਦੇ ਵਿਚ ਅੰਮ੍ਰਿਤ ਨਾਮ ਸਮਾ (ਟਿਕ) ਜਾਂਦਾ ਹੈ।ਪ੍ਰਭੂ ਜੀ (ਨਾਮ ਜਪਣ ਵਾਲੇ) ਸਾਧੂਆਂ ਦੀ ਰਸਨਾ ਉਤੇ ਵਸਦੇ ਹਨ (ਸੰਤਾਂ ਦੇ ਉਪਦੇਸ਼ ਵਿਚਾਰ ਤੋਂ ਰੱਬ ਦੀ ਪ੍ਰਾਪਤੀ ਹੁੰਦੀ ਹੈ)।ਨਾਨਕ (ਅਜੇਹੇ ਗੁਰਮੁਖ) ਜਨਾਂ ਦੇ ਦਾਸਾਂ ਦਾ ਦਾਸ ਹੈ।੪।

ਪਦਾਰਥ = ਉਧਰੇ–ਤਰ ਗਏ।ਮੂਚਾ–ਬਹੁਤ ਸਾਰੇ।ਤ੍ਰਾਸਾ–ਡਰ।ਸਮਾਇ–ਟਿਕ ਜਾਂਦਾ ਹੈ।ਦਾਸਨਿ ਦਸਨਾ–ਦਾਸਾਂ ਦਾ ਦਾਸ।੪।

ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥ ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥ ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥ ਪ੍ਰਭ ਕਉ ਸਿਮਰਹਿ ਸੇ ਸੁਖ ਵਾਸੀ ॥ ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥ ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ ਨਾਨਕ ਜਨ ਕੀ ਮੰਗਹਿ ਰਵਾਲਾ ॥੫॥ (ਜਿਹੜੇ ਮਨੁੱਖ) ਪ੍ਰਭੂ ਨੂੰ ਸਿਮਰਦੇ ਹਨ, ਉਹ (ਨਾਮ ਰੂਪ) ਧਨ ਵਾਲੇ ਹਨ।ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਇੱਜਤ ਵਾਲੇ ਹਨ।ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਪੁਰਖ (ਤਿੰਨਾਂ ਲੋਕਾਂ ਵਿਚ) ਪ੍ਰਵਾਨ (ਮੰਨੇ ਪ੍ਰਮੰਨੇ) ਹਨ।ਉਹ ਪੁਰਖ (ਸੰਸਾਰ ਵਿਚ ਸਭ ਦੇ) ਪਰਧਾਨ

All Rights Reserved by Harjinder Singh Gyani | www.GuruGranthVakhyaan.org

ਹਨ, ਜੋ ਪ੍ਰਭੂ ਨੂੰ ਸਿਮਰਦੇ ਹਨ।(ਜਿਹੜੇ ਪੁਰਖ) ਪ੍ਰਭੂ ਨੂੰ ਸਿਮਰਦੇ ਹਨ, ਉਹ ਬੇ ਮੁਹਤਾਜ ਹਨ।ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਸਭ ਦੇ ਰਾਜੇ ਹਨ।ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਸੁੱਖ ਵਿਚ ਵਸਣ ਵਾਲੇ (ਪੁਰਖ) ਹਨ।ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਸਦਾ ਲਈ ਨਾਸ਼ ਰਹਿਤ ਭਾਵ ਅਮਰ ਹਨ (ਪ੍ਰਭੂ ਦਾ ਰੂਪ ਹਨ)।ਸਿਮਰਨ ਵਿਚ ਉਹ ਪੁਰਖ ਲਗੇ ਹਨ, ਜਿਨ੍ਹਾਂ ਉਤੇ ਪ੍ਰਭੂ ਆਪ ਮੇਹਰਬਾਨ ਹੋਇਆ ਹੈ।ਨਾਨਕ ਐਸੇ ਗੁਰਮੁਖ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਹੈ।੫।

ਪਦਾਰਥ = ਕਉ–ਨੂੰ।ਸੇ–ਉਹ।ਧਨਵੰਤੇ–ਅਮੀਰ; ਧਨਾਢ।ਪਤਿਵੰਤੇ–ਇੱਜਤ ਵਾਲੇ।ਪਰਵਾਨ–ਪ੍ਰਮਾਣੀਕ।ਪਰਧਾਨ–ਮੁਖੀ।ਸਿ–ਉਹ।ਬੇਮੁਹਤਾਜੇ–ਜੋ ਲੋੜਵੰਦ ਨਹੀਂ; ਸੁਤੰਤ੍ਰ (ਜੋ ਕਿਸੇ ਦੇ ਅਧੀਨ ਨਹੀਂ)।ਤੇ–ਉਹ।ਜਿਨ–ਜਿਨ੍ਹਾਂ ਉਤੇ।ਰਵਾਲਾ–ਚਰਨ ਧੂੜ।੫।

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥ ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥ ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ।ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥ ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥ ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥ ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥ ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥ ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥ ਨਾਨਕ ਸਿਮਰਨੁ ਪੂਰੈ ਭਾਗਿ ॥੬॥ ਜਿਹੜੇ ਪ੍ਰਭੂ ਨੂੰ ਸਿਮਰਦੇ ਹਨ, ਉਹ ਪੁਰਖ ਪਰਉਪਕਾਰੀ ਹਨ।ਜੋ ਪ੍ਰਭੂ ਨੂੰ ਸਿਮਰਦੇ ਹਨ, ਮੈਂ ਉਨ੍ਹਾਂ ਤੋਂ ਸਦਾ ਬਲਹਾਰ ਜਾਂਦਾ ਹਾਂ।ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਮੂੰਹ ਸੋਹਣੇ ਹਨ।(ਜਿਹੜੇ) ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਦੀ ਉਮਰ ਸੁੱਖ ਵਿਚ ਬੀਤਦੀ ਹੈ।ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਨੇ ਅਪਣੇ ਮਨ ਨੂੰ ਜਿਤ ਲਿਆ ਹੈ।ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਦੀ ਰਹਿਤ ਬਹਿਤ ਪਵਿਤ੍ਰ ਹੁੰਦੀ ਹੈ।ਜੋ ਪ੍ਰਭੂ ਨੂੰ ਸਿਮਰਦੇ ਹਨ, ਉਨ੍ਹਾਂ ਨੂੰ ਬਹੁਤ ਅਨੰਦ ਪ੍ਰਾਪਤ ਹੁੰਦਾ ਹੈ।ਜੋ ਪ੍ਰਭੂ ਨੂੰ ਸਿਮਰਦੇ ਹਨ, ਉਹ ਹਰੀ ਦੇ ਨੇੜੇ ਵਸਦੇ ਹਨ।ਨਾਨਕ ਗੁਰੂ ਜੀ ਆਖਦੇ ਹਨ, (ਜੋ ਪੁਰਖ) ਸੰਤਾਂ ਦੀ ਕ੍ਰਿਪਾ ਨਾਲ ਹਰ ਰੋਜ ਜਾਗਦਾ ਰਹਿੰਦਾ ਹੈ (ਮੋਹ ਮਾਇਆ ਦੀ ਨੀਂਦ ਵਿਚ ਨਹੀਂ ਸੌਂਦਾ; ਵਿਕਾਰਾਂ ਤੋਂ ਸੁਚੇਤ ਹੈ।ਕਿਉਂਕਿ ਉਹ ਜਾਣਦਾ ਹੈ ਕਿ ਪ੍ਰਭੂ ਦਾ) ਸਿਮਰਨ ਪੂਰੇ ਭਾਗਾਂ ਨਾਲ ਹੀ ਮਿਲਦਾ ਹੈ।੬।

ਪਦਾਰਥ = ਸੇ–ਉਹ।ਪਰਉਪਕਾਰੀ–ਦੂਜਿਆਂ ਦਾ ਭਲਾ ਕਰਨ ਵਾਲੇ।ਤਿਨ–ਉਨ੍ਹਾਂ ਤੋਂ।ਸੇ–ਉਹ।ਸੁਹਾਵੇ–ਸੋਹਣੇ।ਬਿਹਾਵੈ–ਬੀਤਦੀ ਹੈ।ਆਤਮੁ–ਮਨ ਨੂੰ; ਅਪਣੇ ਆਪ ਨੂੰ।ਨਿਰਮਲ–ਪਵਿਤ੍ਰ।ਰੀਤਾ–ਰਹਿਤ ਬਹਿਤ; ਜੀਵਨ ਜਿਉਣ ਦਾ ਤਰੀਕਾ; ਵਰਤ ਵਰਤਾਰਾ।ਘਨੇਰੇ–ਬਹੁਤ।ਬਸਹਿ–ਵਸਦੇ ਹਨ।ਨੇਰੇ–ਨੇੜੇ।ਅਨਦਿਨੁ–ਹਰ ਰੋਜ; ਲਗਾਤਾਰ; ਸਦਾ।ਪੂਰੈ ਭਾਗਿ–ਪੂਰੇ ਭਾਗਾਂ ਨਾਲ।੬।

ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥ ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥ ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥ ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥ ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥ ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥ ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥ ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥ ਨਾਨਕ ਤਿਨ ਜਨ ਸਰਨੀ ਪਇਆ ॥੭॥ ਪ੍ਰਭੂ ਦੇ ਸਿਮਰਨ ਕਰਨ ਨਾਲ ਸਾਰੇ ਕਾਰਜ ਪੂਰੇ (ਸਫਲ) ਹੋ ਜਾਂਦੇ ਹਨ।ਪ੍ਰਭੂ ਦਾ ਸਿਮਰਨ ਕਰਨ ਕਰਕੇ (ਮਨੁੱਖ) ਕਦੇ ਝੁਰਦਾ ਨਹੀਂ। ਪ੍ਰਭੂ ਦੇ ਸਿਮਰਨ ਨਾਲ (ਮਨੁੱਖ ਦੀ) ਬਾਣੀ ਹਰੀ ਗੁਣਾਂ ਵਾਲੀ ਹੋ ਜਾਂਦੀ ਹੈ ਭਾਵ ਜਦ ਬੋਲਦਾ ਹੈ, ਤਾਂ ਹਰੀ ਦੇ ਗੁਣਾਂ ਦੀ ਗਲ ਕਰਦਾ ਹੈ।ਪ੍ਰਭੂ ਦੇ ਸਿਮਰਨ ਨਾਲ (ਮਨੁੱਖ ਦੀ ਬਿਰਤੀ) ਸਹਿਜ ਅਵਸਥਾ ਵਿਚ ਸਮਾਈ ਰਹਿੰਦੀ ਹੈ।ਪ੍ਰਭੂ ਦੇ ਸਿਮਰਨ ਨਾਲ (ਮਨੁੱਖ ਨੂੰ) ਅਡੋਲ ਆਸਨ ਪ੍ਰਾਪਤ ਹੋ ਜਾਂਦਾ ਹੈ ਭਾਵ ਮਨ ਟਿਕ ਜਾਂਦਾ ਹੈ।ਪ੍ਰਭੂ ਦੇ ਸਿਮਰਨ ਨਾਮ (ਇਸ ਦਾ ਮੂਧਾ ਤੇ ਮੁਰਝਾਇਆ) ਹਿਰਦਾ ਕਮਲ ਖਿੜ ਜਾਂਦਾ ਹੈ।ਪ੍ਰਭੂ ਦੇ ਸਿਮਰਨ ਨਾਲ ਅਨੰਦ ਦੇ ਇਕ ਰਸ ਵਾਜੇ ਵਜਦੇ ਸੁਣਦਾ ਹੈ (ਹਿਰਦੇ ਵਿਚੋਂ ਸ਼ਬਦ ਦੀ ਮਿੱਠੀ ਮਿੱਠੀ ਧੁਨੀ ਸੁਣਾਈ ਦਿੰਦੀ ਹੈ)।ਪ੍ਰਭੂ ਦੇ ਸਿਮਰਨ ਦੇ ਸੁਖ ਦਾ ਨਾ ਅੰਤ ਹੈ ਤੇ ਨਾ ਪਾਰ ਹੈ।(ਪਰ) ਉਹ ਪੁਰਖ ਸਿਮਰਦੇ ਹਨ, ਜਿਨ੍ਹਾਂ ਉਪਰ ਪ੍ਰਭੂ ਦੀ ਮੇਹਰ ਹੁੰਦੀ ਹੈ।ਨਾਨਕ (ਸਿਮਰਨ ਕਰਨ ਵਾਲੇ) ਉਨ੍ਹਾਂ ਪੁਰਖਾਂ ਦੀ ਸ਼ਰਨੀਂ ਪੈਂਦਾ ਹੈ।੭।

ਪਦਾਰਥ = ਕਬਹੁ ਨ–ਕਦੇ ਨਹੀਂ।ਸਹਜਿ–ਸਹਿਜ ਅਵਸਥਾ ਵਿਚ।ਸਮਾਨੀ–ਲੀਨ ਹੁੰਦੀ ਹੈ।ਨਿਹਚਲ–ਅਚੱਲ।ਆਸਨੁ–ਟਿਕਾਣਾ। ਕਮਲ–ਹਿਰਦਾ।ਬਿਗਾਸਨੁ–ਖਿੜਾਉ।ਅਨਹਦ–ਇਕ ਰਸ; ਲਗਾਤਾਰ।ਝੁਨਕਾਰ–ਰਸੀਲੀ ਧੁਨੀ।ਮਇਆ–ਮੇਹਰ।੭।

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ ਹਰਿ ਸਿਮਰਨਿ ਲਗਿ ਬੇਦ ਉਪਾਏ ॥ ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥ ਹਰਿ ਸਿਮਰਨਿ ਧਾਰੀ ਸਭ ਧਰਨਾ ॥ ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥ ਹਰਿ ਸਿਮਰਨਿ ਕੀਓ ਸਗਲ ਅਕਾਰਾ ॥ ਹਰਿ ਸਿਮਰਨਿ ਮਹਿ ਆਪਿ ਨਿਰੰਕਾਰਾ ॥ ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥ ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥ ਹਰੀ ਦਾ ਸਿਮਰਨ ਕਰਨ ਕਰਕੇ ਭਗਤ ਪ੍ਰਗਟ ਹੋਏ ਹਨ; (ਸੰਸਾਰੀ ਲੋਕ) ਹਰੀ ਦਾ ਸਿਮਰਨ ਕਰਨ, (ਇਸ ਲਈ ਹਰੀ ਨੇ) ਭਗਤ ਪ੍ਰਗਟ ਕੀਤੇ ਹਨ।ਹਰੀ ਦੇ ਸਿਮਰਨ ਵਿਚ ਲਗ ਕੇ (ਰਿਸ਼ੀਆਂ ਨੇ) ਬੇਦ ਰਚੇ; ਹਰੀ ਦੇ ਸਿਮਰਨ ਵਿਚ ਲੋਕ ਲਗ ਜਾਣ, ਇਸ ਲਈ ਬੇਦ ਰਚੇ ਗਏ।ਹਰੀ ਦਾ ਸਿਮਰਨ ਕਰਕੇ ਸਿੱਧ, ਜਤੀ ਤੇ ਦਾਤੇ ਹੋਏ ਹਨ।ਹਰੀ ਦਾ ਸਿਮਰਨ ਕਰਕੇ ਨੀਚ ਪੁਰਖ ਵੀ ਚਾਰੇ ਪਾਸੇ (ਸਾਰੇ ਜਗਤ ਵਿਚ) ਜਾਣੇ ਗਏ ਹਨ।ਹਰੀ ਸਿਮਰਨ ਕਰਨ ਵਾਸਤੇ ਸਾਰੀ ਧਰਤੀ ਬਣਾਈ ਗਈ ਹੈ; ਹਰੀ ਦੇ

All Rights Reserved by Harjinder Singh Gyani | www.GuruGranthVakhyaan.org

ਸਿਮਰਨ ਕਰਕੇ ਹੀ ਸਾਰੀ ਧਰਤੀ ਕਾਇਮ ਹੈ; ਹਰੀ ਦੇ ਸਿਮਰਨ ਨੇ ਸਾਰੀ ਧਰਤੀ ਨੂੰ ਆਸਰਾ ਦੇ ਕੇ ਟਿਕਾ ਰੱਖਿਆ ਹੈ। ਹਰੀ ਜੋ ਸਾਰੇ ਕਾਰਨਾਂ ਦੇ ਕਰਨ ਵਾਲਾ ਹੈ, (ਉਸ ਨੂੰ ਬਾਰ ਬਾਰ) ਸਿਮਰ। ਹਰੀ ਦੇ ਸਿਮਰਨ ਵਾਸਤੇ ਸਾਰਾ ਬ੍ਰਹਮੰਡ ਰਚਿਆ ਹੈ। ਹਰੀ ਦੇ ਸਿਮਰਨ ਵਿਚ ਨਿਰੰਕਾਰ ਆਪ ਹਾਜਰ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਨੇ ਕਿਰਪਾ ਕਰਕੇ ਜਿਸ ਮਨੁੱਖ ਨੂੰ ਸਮਝਾ ਦਿਤਾ ਹੈ। ਉਸ (ਪੁਰਖ) ਨੇ ਗੁਰੂ ਦੁਆਰਾ ਹਰੀ ਦਾ ਸਿਮਰਨ ਪ੍ਰਾਪਤ ਕੀਤਾ ਹੈ।੮।੧।

ਪਦਾਰਥ = ਕਰਿ–ਕਰ ਕੇ। ਪ੍ਰਗਟਾਏ–ਪ੍ਰਸਿੱਧ ਹੋਏ। ਉਪਾਏ–ਰਚੇ (ਪੈਦਾ ਕੀਤੇ)। ਭਏ–ਹੋਏ। ਸਿਧ–ਕਰਾਮਾਤੀ ਜੋਗੀ; ਉਚੀ ਆਤਮਕ ਅਵਸਥਾ ਵਾਲੇ ਸਾਧੂ। ਜਤੀ–ਕਾਮ ਵਾਸ਼ਨਾ ਤੇ ਕਾਬੂ ਪਾਉਣ ਵਾਲੇ। ਦਾਤੇ–ਦਾਨ ਦੇਣ ਵਾਲੇ। ਚਹੁ ਕੁੰਟ–ਚਾਰੇ ਪਾਸੇ। ਜਾਤੇ–ਜਾਣੇ ਗਏ ਹਨ। ਧਾਰੀ–ਬਣਾਈ; ਆਸਰਾ ਦੇ ਕੇ ਟਿਕਾਈ ਹੈ। ਧਰਨਾ–ਧਰਤੀ। ਕਾਰਨ ਕਰਨਾ–ਕਾਰਨਾਂ ਦੇ ਕਰਨ ਵਾਲਾ; ਜਗਤ ਦਾ ਕਰਤਾ। ਕੀਓ –ਕੀਤਾ। ਅਕਾਰਾ–ਜਗਤ ਦਾ ਅਕਾਰ; ਜੀਵਾਂ ਦੇ ਅਕਾਰ। ਜਿਸੁ–ਜਿਸ ਨੂੰ। ਤਿਨਿ–ਉਸ ਨੇ।੮।੧।

ਸਲੋਕੁ ॥ ਦੀਨ ਦਰਦ ਦੁਖ ਭੰਜਨਾ, ਘਟਿ ਘਟਿ ਨਾਥ ਅਨਾਥ ॥ (ਅਰਦਾਸ ਹੈ ਤੇ ਪ੍ਰਭੂ ਦੀ ਸ਼ਰਣ ਲੈਣ ਦਾ ਉਪਦੇਸ਼ ਹੈ) ਗਰੀਬਾਂ ਦੇ ਦੁਖ ਦਰਦ ਨਾਸ਼ ਕਰਨ ਵਾਲੇ ਹੇ ਵਾਹਿਗੁਰੂ ! ਘਟ ਘਟ ਵਿਚ ਵਸਣ ਵਾਲੇ ! ਹੇ ਯਤੀਮਾਂ ਦੇ ਮਾਲਕ ਵਾਹਿਗੁਰੂ !

ਅੰਗ ੨੬੪ = ਸਰਣਿ ਤੁਮ੍ਹਾਰੀ ਆਇਓ, ਨਾਨਕ ਕੇ ਪ੍ਰਭ ਸਾਥ ॥੧॥ (ਮੈਂ) ਤੁਹਾਡੀ ਸ਼ਰਣ ਵਿਚ ਆਇਆ ਹਾਂ, ਹੇ ਪ੍ਰਭੂ ! ਤੁਸੀਂ ਨਾਨਕ ਦੇ ਨਾਲ ਰਹੋ; ਹੇ ਨਾਨਕ ਦੇ ਪ੍ਰਭੂ ! (ਤੁਸੀਂ ਮੇਰੇ) ਅੰਗ ਸੰਗ (ਸਹਾਈ) ਹੋਵੋ। ਹੇ ਪ੍ਰਭੂ ! (ਮੈਂ ਭਾਵ ਗੁਰੂ ਅਰਜਨ ਦੇਵ) ਨਾਨਕ (ਗੁਰੂ ਰਾਮਦਾਸ ਜੀ) ਦੇ ਨਾਲ ਤੁਹਾਡੀ ਸਰਣ ਵਿਚ ਆਇਆ ਹਾਂ (ਫ.ਸ. ਨੇ ਦੋਵੇਂ ਤਰ੍ਹਾਂ ਦੇ ਅਰਥ ਕੀਤੇ ਹਨ)।੧।

ਪਦਾਰਥ = ਦੀਨ–ਗਰੀਬਾਂ ਦੇ। ਭੰਜਨਾ–ਨਾਸ਼ ਕਰਨ ਵਾਲੇ। ਘਟਿ ਘਟਿ–ਹਰੇਕ ਸਰੀਰ ਵਿਚ। ਨਾਥ–ਮਾਲਕ। ਅਨਾਥ–ਯਤੀਮਾਂ ਦੇ।੧।

ਅਸਟਪਦੀ ॥ ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥ ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ ਅਨਿਕ ਪੁਨਹਚਰਨ ਕਰਤ ਨਹੀ ਤਰੈ ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥ ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ ਨਾਨਕ ਪਾਵਹੁ ਸੂਖ ਘਨੇਰੇ ॥੧॥ (ਹੇ ਭਾਈ !) ਜਿਸ ਜਗ੍ਹਾ ਮਾਤਾ ਪਿਤਾ, ਪੁਤ੍ਰ ,ਮਿਤ੍ਰ ਤੇ ਭਰਾ (ਆਦਿਕਾਂ ਵਿਚੋਂ ਕੋਈ ਵੀ ਤੇਰਾ ਸਹਾਈ) ਨਹੀਂ ਹੋਵੇਗਾ। ਹੇ ਮਨ ! ਉਸ ਥਾਂ ਪ੍ਰਭੂ ਦਾ ਨਾਮ ਤੇਰੇ ਨਾਲ ਹੋਵੇਗਾ ਤੇ ਸਹਾਈ ਹੋਵੇਗਾ (ਹਰੀ ਸਦਾ ਅੰਗ ਸੰਗ ਰਹਿੰਦਾ ਹੈ)। ਜਿਥੇ ਬਹੁਤ ਭਿਆਨਕ ਜਮਾਂ ਦੇ ਦੂਤ (ਤੈਨੂੰ) ਦਲਨਗੇ (ਦੁਖ ਦੇਣਗੇ)। ਉਥੇ ਕੇਵਲ ਪ੍ਰਭੂ ਦਾ ਨਾਮ (ਮਦਤ ਕਰਨ ਲਈ) ਤੇਰੇ ਨਾਲ ਚਲੇਗਾ। ਜਿਸ ਜਗ੍ਹਾ ਬਹੁਤ ਭਾਰੀ ਮੁਸ਼ਕਲ ਹੋਵੇਗੀ। ਹਰੀ ਦਾ ਨਾਮ ਇਕ ਖਿਨ ਵਿਚ (ਉਥੇ ਮੁਸ਼ਕਲ ਤੋਂ ਤੇਰਾ) ਬਚਾਓ ਕਰੇਗਾ। ਅਨੇਕਾਂ ਪ੍ਰਾਸਚਿਤ ਕਰਮ ਕਰਨ ਨਾਲ ਵੀ (ਜੀਵ ਭਵ ਸਾਗਰ ਤੋਂ) ਤਰ ਨਹੀਂ ਸਕਦਾ। ਹਰੀ ਦਾ ਨਾਮ ਕ੍ਰੋੜਾਂ ਪਾਪਾਂ ਨੂੰ ਦੂਰ ਕਰ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, ਹੇ ਮੇਰੇ ਮਨ ! ਗੁਰੂ ਦੇ ਸਨਮੁਖ ਹੋ ਕੇ ਹਰੀ ਦਾ ਨਾਮ ਜਪ। (ਜਿਸ ਨਾਮ ਜਪਣ ਨਾਲ ਤੂੰ) ਬਹੁਤ ਸੁਖ ਪ੍ਰਾਪਤ ਕਰ ਲਵੇਂਗਾ।੧।

ਪਦਾਰਥ = ਜਹ–ਜਿਥੇ; ਜਿਸ ਜਗ੍ਹਾ। ਸੁਤ–ਪੁਤ੍ਰ। ਮੀਤ–ਮਿਤ੍ਰ। ਭਾਈ–ਭਰਾ। ਊਹਾ–ਉਥੇ। ਸਹਾਈ–ਸਹਾਇਤਾ ਕਰਨ ਵਾਲਾ। ਮਹਾ–ਬਹੁਤ। ਭਇਆਨ–ਭਿਆਨਕ; ਡਰਉਣਾ। ਦਲੈ–ਕੁਚਲੇਗਾ; ਦਲ ਜਮ ਦੂਤਾਂ ਦਾ। ਤਹ–ਉਥੇ। ਅਤਿ–ਬਹੁਤ। ਖਿਨ ਮਾਹਿ–ਅੱਖ ਝਮਕਣ ਦੇ ਸਮੇਂ ਵਿਚ। ਉਧਾਰੀ–ਬਚਾਉਂਦਾ ਹੈ। ਪੁਨਹਚਰਨ–ਪਾਪ ਨਾਸ਼ ਕਰਨ ਲਈ ਕੀਤੇ ਜਾਣ ਵਾਲੇ ਕਰਮ। ਪਰਹਰੈ–ਨਾਸ਼ ਕਰਦਾ ਹੈ।੧।

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ ਲਾਖ ਕਰੋਰੀ ਬੰਧੁ ਨ ਪਰੈ ॥ ਹਰਿ ਕਾ ਨਾਮੁ ਜਪਤ ਨਿਸਤਰੈ ॥ ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ ਹਰਿ ਕਾ ਨਾਮੁ ਜਪਤ ਆਘਾਵੈ ॥ ਜਿਹ ਮਾਰਗਿ ਇਹੁ ਜਾਤ ਇਕੇਲਾ ॥ ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥ ਐਸਾ ਨਾਮੁ ਮਨ ਸਦਾ ਧਿਆਈਐ ॥ ਨਾਨਕ ਗੁਰਮੁਖਿ ਪਰਮਗਤਿ ਪਾਈਐ ॥੨॥ ਸਾਰੀ ਦੁਨੀਆਂ ਦਾ ਰਾਜਾ ਹੋ ਕੇ ਵੀ (ਮਨੁੱਖ) ਦੁਖੀ ਰਹਿ ਸਕਦਾ ਹੈ। ਹਰੀ ਦਾ ਨਾਮ ਜਪਣ ਨਾਲ (ਉਹ ਰਾਜਾ) ਸੁਖੀ ਹੋ ਜਾਂਦਾ ਹੈ। ਲੱਖਾਂ ਕ੍ਰੋੜਾਂ (ਮਾਇਆ ਦੇ ਹੁੰਦਿਆਂ ਵੀ ਤ੍ਰਿਸਨਾ ਨੂੰ) ਬੰਨ੍ਹ ਨਹੀਂ ਪੈਂਦਾ (ਤ੍ਰਿਸਨਾ ਰੁਕਦੀ ਨਹੀਂ); ਲੱਖਾਂ ਕ੍ਰੋੜਾਂ ਬੰਧਨ ਪਏ ਹੋਏ ਹੋਣ; ਲੱਖਾਂ ਕ੍ਰੋੜਾਂ ਜਤਨਾਂ ਨਾਲ ਪਾਪਾਂ ਦਾ ਬੰਨ੍ਹ ਪਰੇ ਨਹੀਂ ਹੁੰਦਾ (ਫੁਟ ਨੋਟ ਸੰ.ਪੋ.। ਪਰ) ਹਰੀ ਦਾ ਨਾਮ ਜਪਦਿਆਂ (ਤ੍ਰਿਸ਼ਨਾ ਤੋਂ) ਛੁਟਕਾਰਾ ਹੋ ਜਾਂਦਾ ਹੈ ਭਾਵ ਤ੍ਰਿਸਨਾ ਮੁੱਕ ਜਾਂਦੀ ਹੈ। ਮਾਇਆ ਦੀਆਂ ਅਨੇਕਾਂ (ਤਰ੍ਹਾਂ ਦੀਆਂ ਮੌਜਾਂ ਹੁੰਦਿਆਂ ਵੀ ਮਾਇਆ) ਪਿਆਸ ਨਹੀਂ ਬੁਝਾ ਸਕਦੀ। ਹਰੀ ਦਾ ਨਾਮ ਜਪਦਿਆਂ (ਤ੍ਰਿਸ਼ਨਾ ਦੀ ਤੇਹ ਤੋਂ ਮਨ) ਰੱਜ ਜਾਂਦਾ ਹੈ। ਜਿਸ (ਜਮ ਦੇ) ਰਸਤੇ ਤੇ ਇਹ ਜੀਵ ਇਕੱਲਾ ਜਾਂਦਾ ਹੈ। ਉਥੇ ਹਰੀ ਦਾ ਨਾਮ (ਇਸ ਜੀਵ ਦੇ) ਨਾਲ ਸੁਖ ਦੇਣ ਵਾਲਾ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, ਹੇ ਮਨ ! ਇਹੋ ਜਿਹਾ (ਸੁਖ ਦੇਣ ਵਾਲਾ) ਨਾਮ ਸਦਾ ਧਿਆਉਣਾ ਚਾਹੀਦਾ ਹੈ, ਗੁਰੂ ਦੁਆਰਾ (ਜਿਸ ਨਾਮ ਦੇ ਜਪਣ ਨਾਲ) ਪਰਮ ਗਤੀ ਪਾ ਲਈਦੀ ਹੈ।੨।

ਪਦਾਰਥ = ਸਗਲ–ਸਾਰੀ। ਕੋ–ਦਾ। ਲਾਖ ਕਰੋਰੀ–ਲੱਖਾਂ ਕ੍ਰੋੜਾਂ ਰੁਪਿਆਂ ਨਾਲ। ਬੰਧੁ–ਰੋਕ। ਬੰਧੁਨ–ਬੰਧਨ (ਸੰ.ਸ. ਤੇ ਟਕਸਾਲ ਨੇ ਪਾਠ

All Rights Reserved by Harjinder Singh Gyani | www.GuruGranthVakhyaan.org

ਬੰਧੁਨ ਕੱਠਾ ਕੀਤਾ ਹੈ)। ਨ ਪਰੈ–ਨਹੀਂ ਪੈਂਦਾ। ਨਿਸਤਰੈ– ਤਰ (ਛੁਟ) ਜਾਂਦਾ ਹੈ। ਮਾਇਆ ਰੰਗ–ਮਾਇਆ ਦੀਆਂ ਮੌਜਾਂ। ਤਿਖ–ਤੇਹ। ਆਘਾਵੈ–ਰੱਜ ਜਾਂਦਾ ਹੈ। ਜਿਹ–ਜਿਸ। ਜਾਤ–ਜਾਂਦਾ ਹੈ। ਤਹ–ਉਥੇ। ਹੋਤ ਹੁੰਦਾ ਹੈ। ਸੁਹੇਲਾ–ਸੁਖ ਦੇਣ ਵਾਲਾ। ਗੁਰਮੁਖਿ–ਗੁਰੂ ਦੁਆਰਾ। ਪਰਮ ਗਤਿ–ਉਚੀ ਆਤਮਕ ਅਵਸਥਾ; ਮੁਕਤੀ।੨।

ਛੂਟਤ ਨਹੀ ਕੋਟਿ ਲਖ ਬਾਹੀ ॥ ਨਾਮੁ ਜਪਤ ਤਹ ਪਾਰਿ ਪਰਾਹੀ ॥ ਅਨਿਕ ਬਿਘਨ ਜਹ ਆਇ ਸੰਘਾਰੈ ॥ ਹਰਿ ਕਾ ਨਾਮੁ ਤਤਕਾਲ ਉਧਾਰੈ ॥ ਅਨਿਕ ਜੋਨਿ ਜਨਮੈ ਮਰਿ ਜਾਮ ॥ ਨਾਮੁ ਜਪਤ ਪਾਵੈ ਬਿਸ੍ਰਾਮ ॥ ਹਉ ਮੈਲਾ ਮਲੁ ਕਬਹੁ ਨ ਧੋਵੈ ॥ ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥ ਐਸਾ ਨਾਮੁ ਜਪਹੁ ਮਨ ਰੰਗਿ ॥ ਨਾਨਕ ਪਾਈਐ ਸਾਧ ਕੈ ਸੰਗਿ ॥੩॥ (ਹੇ ਭਾਈ! ਜਿਥੇ ਜੀਵ) ਲੱਖਾਂ ਕ੍ਰੋੜਾਂ ਬਾਹਵਾਂ (ਭਰਾਵਾਂ ਤੇ ਸਬੰਧੀਆਂ ਦਾ ਆਸਰਾ) ਹੁੰਦਿਆਂ ਵੀ (ਮੌਤ ਤੋਂ) ਨਹੀਂ ਛੁਟ ਸਕਦਾ; ਲੱਖਾਂ ਫੌਜਾਂ ਦੀਆਂ ਬਾਹਾਂ ਤੇ ਕਿਲ੍ਹਿਆਂ ਦਾ ਆਸਰਾ ਹੁੰਦਿਆਂ ਵੀ (ਕਾਲ ਤੋਂ) ਨਹੀਂ ਬਚ ਸਕਦਾ (ਟਕਸਾਲ। ਉਥੇ) ਨਾਮ ਜਪਣ ਨਾਲ (ਜੀਵ ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ। ਜਿਥੇ ਅਨੇਕਾਂ ਬਿਘਨ ਆ ਕੇ ਮਾਰ ਕਰਦੇ ਹਨ। (ਉਥੇ ਬਿਘਨਾਂ ਤੋਂ) ਹਰੀ ਦਾ ਨਾਮ ਤੁਰੰਤ ਬਚਾ ਲੈਂਦਾ ਹੈ। (ਪਾਪੀ ਜੀਵ) ਅਨੇਕਾਂ ਜੂਨੀਆਂ ਵਿਚ (ਪਿਆ ਹੋਇਆ) ਜੰਮਦਾ ਮਰਦਾ ਹੈ ਤੇ (ਫਿਰ ਮੁੜ) ਜੰਮਦਾ ਹੈ। (ਪਰ ਪ੍ਰਭੂ ਦਾ) ਨਾਮ ਜਪਣ ਨਾਲ (ਉਹ ਪਾਪੀ ਜੀਵ ਵੀ) ਟਿਕਾਣਾ ਪਾ ਲੈਂਦਾ ਹੈ (ਰੱਬ ਨਾਲ ਮਿਲ ਕੇ ਜਨਮ ਮਰਣ ਦੇ ਗੇੜ ਤੋਂ ਮੁਕਤ ਹੁੰਦਾ ਹੈ)। ਹਉਮੈ (ਦੇ ਕਾਰਣ) (ਜੀਵ) ਮੈਲਾ ਹੈ, (ਇਹ ਇਸ) ਮੈਲ ਨੂੰ ਕਦੇ ਧੋਂਦਾ ਨਹੀਂ (ਮੈਲ ਜਮ੍ਹਾ ਹੁੰਦੀ ਜਾਂਦੀ ਹੈ। ਪਰ) ਹਰੀ ਦਾ ਨਾਮ ਕ੍ਰੋੜਾਂ ਪਾਪਾਂ ਦੀ ਮੈਲ ਨੂੰ ਮਿਟਾ ਦੇਂਦਾ ਹੈ। ਹੇ ਮਨ! ਐਸਾ ਨਾਮ ਪ੍ਰੇਮ ਨਾਲ ਜਪ। ਨਾਨਕ ਗੁਰੂ ਜੀ ਆਖਦੇ ਹਨ, (ਇਹ ਨਾਮ) ਸਾਧੂਆਂ ਦੀ ਸੰਗਤ ਵਿਚੋਂ ਪਾਈਦਾ ਹੈ।੩।

ਪਦਾਰਥ = ਛੂਟਤ ਨਹੀ–ਬਚ ਨਹੀਂ ਸਕਦਾ। ਲਖ ਬਾਹੀ–ਲੱਖਾਂ ਬਾਹਾਂ (ਦੇ ਆਸਰੇ) ਨਾਲ। ਪਾਰਿ ਪਰਾਹੀ–ਪਾਰ ਲੰਘਦਾ ਹੈ। ਜਹ–ਜਿਥੇ। ਸੰਘਾਰੈ–ਮਾਰਦੇ ਹਨ; ਦੁਖੀ ਕਰਦੇ ਹਨ। ਤਤਕਾਲ–ਤੁਰੰਤ। ਉਧਾਰੈ–ਬਚਾਉਂਦਾ ਹੈ। ਜਾਮ–ਜੰਮਦਾ ਹੈ (ਜਨਮ ਮਰਣ ਦਾ ਗੇੜ ਪਿਆ ਰਹਿੰਦਾ ਹੈ)। ਬਿਸ੍ਰਾਮ–ਟਿਕਾਣਾ। ਹਉ–ਮੈ; ਹਉਮੈ। ਕਬਹੁ ਨ–ਕਦੇ ਨਹੀਂ। ਖੋਵੈ–ਮਿਟਾ ਦੇਂਦਾ ਹੈ। ਰੰਗਿ–ਪ੍ਰੇਮ ਨਾਲ।੩।

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ ਜਿਹ ਪੈਡੈ ਮਹਾ ਅੰਧ ਗੁਬਾਰਾ ॥ ਹਰਿ ਕਾ ਨਾਮੁ ਸੰਗਿ ਉਜੀਆਰਾ ॥ ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥ ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥ ਜਿਸ (ਜਮ) ਮਾਰਗ ਦੇ ਕੋਹ ਗਿਣੇ ਨਹੀਂ ਜਾ ਸਕਦੇ (ਬਹੁਤ ਲੰਬਾ ਰਸਤਾ ਹੈ)। ਉਥੇ (ਰਸਤੇ ਵਿਚ ਤੇਰੇ) ਨਾਲ ਹਰੀ ਦਾ ਨਾਮ ਤੋਸਾ ਹੋਵੇਗਾ। ਜਿਸ ਰਸਤੇ ਵਿਚ ਬਹੁਤ ਘੁੱਪ ਹਨ੍ਹੇਰਾ ਹੈ। ਹਰੀ ਦਾ ਨਾਮ (ਰਸਤਾ ਦੇਖਣ ਲਈ ਉਥੇ ਤੇਰੇ) ਨਾਲ ਚਾਨਣਾ ਹੋਵੇਗਾ। (ਅੱਗੇ ਵੀ ਜਮ ਮਾਰਗ ਦੇ ਦੁਖ ਦੱਸੇ ਹਨ) ਜਿਥੇ ਰਸਤੇ ਵਿਚ ਤੇਰਾ ਕੋਈ ਜਾਣੂ ਨਹੀਂ ਹੋਵੇਗਾ। ਉਥੇ ਹਰੀ ਦਾ ਨਾਮ ਤੇਰੇ ਨਾਲ ਪਛਾਣ ਕਰਾਉਣ ਵਾਲਾ (ਮਿਤ੍ਰ) ਹੋਵੇਗਾ। ਜਿਥੇ ਬਹੁਤ ਭਿਆਨਕ ਧੁੱਪ ਤੇ ਬਹੁਤ ਤਪਸ਼ ਹੋਵੇਗੀ। ਉਥੇ ਹਰੀ ਦੇ ਨਾਮ ਦੀ ਤੇਰੇ ਉਪਰ ਛਾਂ ਹੋਵੇਗੀ। ਹੇ ਮਨ! ਜਿਥੇ ਪਾਣੀ ਦੀ ਪਿਆਸ ਤੈਨੂੰ ਸਤਾਏਗੀ। ਨਾਨਕ ਗੁਰੂ ਜੀ ਆਖਦੇ ਹਨ, ਉਥੇ ਹਰਿ ਹਰਿ ਨਾਮ ਦਾ (ਤੇਰੇ ਉਪਰ) ਅੰਮ੍ਰਿਤ ਵਰਸੇਗਾ।੪।

ਪਦਾਰਥ = ਜਿਹ–ਜਿਸ। ਕੋਸਾ–ਕੋਹ (ਪੁਰਾਣੇ ਸਮੇਂ ਵਿਚ ੪ ਹਜਾਰ ਗਜ ਲੰਬਾਈ ਦਾ ਕੋਹ ਹੁੰਦਾ ਸੀ)। ਊਹਾ–ਉਥੇ। ਤੋਸਾ–ਸਫਰ ਦਾ ਖਰਚ ਤੇ ਭੋਜਨ। ਪੈਡੈ–ਰਸਤੇ ਵਿਚ। ਭਇਆਨ–ਭਿਆਨਕ। ਤਪਤਿ–ਤਪਸ਼। ਘਾਮ–ਧੁੱਪ। ਛਾਮ–ਛਾਂ। ਤ੍ਰਿਖਾ–ਪਿਆਸ। ਤੁਝ–ਤੈਨੂੰ। ਆਕਰਖੈ–(ਸਾਹ) ਖਿੱਚਦੀ ਹੈ; ਸਤਾਉਂਦੀ ਹੈ। ਬਰਖੈ–ਵਰਸਦਾ ਹੈ।੪।

ਭਗਤ ਜਨਾ ਕੀ ਬਰਤਨਿ ਨਾਮੁ ॥ ਸੰਤ ਜਨ ਕੈ ਮਨਿ ਬਿਸ੍ਰਾਮੁ ॥ ਹਰਿ ਕਾ ਨਾਮੁ ਦਾਸ ਕੀ ਓਟ ॥ ਹਰਿ ਕੈ ਨਾਮਿ ਉਧਰੇ ਜਨ ਕੋਟਿ ॥ ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥ਹਰਿ ਹਰਿ ਅਉਖਧੁ ਸਾਧ ਕਮਾਤਿ ॥ ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥ ਪਾਰਬ੍ਰਹਮਿ ਜਨ ਕੀਨੋ ਦਾਨ ॥ ਮਨ ਤਨ ਰੰਗਿ ਰਤੇ ਰੰਗ ਏਕੈ ॥ ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥ ਭਗਤ ਜਨਾਂ ਦੀ ਵਰਤ ਵਿਹਾਰ ਵਾਲੀ ਸਮੱਗਰੀ (ਪ੍ਰਭੂ ਦਾ) ਨਾਮ ਹੀ ਹੈ। (ਅਜੇਹੇ) ਸੰਤ ਜਨਾਂ ਦੇ ਮਨ ਵਿਚ (ਪ੍ਰਭੂ ਦੇ ਨਾਮ ਦਾ) ਨਿਵਾਸ ਹੈ। ਹਰੀ ਦਾ ਨਾਮ ਹੀ ਦਾਸਾਂ ਦੀ ਓਟ ਹੈ। ਹਰੀ ਦੇ ਨਾਮ ਦੁਆਰਾ ਕ੍ਰੋੜਾਂ ਸੇਵਕ ਜਨ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ। ਸੰਤ ਦਿਨ ਰਾਤ ਹਰੀ ਦਾ ਜਸ ਕਰਦੇ ਹਨ। ਸਾਧੂ ਜਨ (ਹਉਮੈ ਰੋਗ ਦੇ ਇਲਾਜ ਲਈ) ਹਰਿ ਹਰਿ ਨਾਮ ਦੀ ਦੁਆਈ ਵਰਤਦੇ ਹਨ। ਹਰੀ ਦੇ ਸੇਵਕਾਂ ਦੇ ਪਾਸ ਹਰੀ ਦਾ ਨਾਮ ਹੀ ਖਜਾਨਾ ਹੈ। (ਨਾਮ ਦਾ ਖਜਾਨਾ) ਪਾਰਬ੍ਰਹਮ ਨੇ ਅਪਣੇ ਸੇਵਕਾਂ ਨੂੰ ਦਾਨ ਕੀਤਾ ਹੈ। (ਅਜੇਹੇ ਸੇਵਕਾਂ ਦੇ) ਮਨ ਤੇ ਤਨ ਇਕ ਪ੍ਰਭੂ ਦੇ ਪਿਆਰ ਦੇ ਰੰਗ ਵਿਚ ਰੰਗੇ ਹੋਏ ਹਨ। ਨਾਨਕ ਗੁਰੂ ਜੀ ਆਖ ਰਹੇ ਹਨ, (ਅਜੇਹੇ) ਸੇਵਕਾਂ ਦੀ ਬਿਰਤੀ ਗਿਆਨ ਵਾਲੀ ਹੋ ਗਈ ਹੈ।੫।

ਪਦਾਰਥ = ਬਰਤਨਿ–(ਨਿਤ ਦਾ) ਵਰਤ ਵਿਹਾਰ। ਬਿਸ੍ਰਾਮੁ–ਨਿਵਾਸ। ਉਧਰੇ–ਤਰ ਗਏ; ਮੁਕਤ ਹੋ ਗਏ। ਜਨ–ਸੇਵਕ; ਮਨੁੱਖ। ਕੋਟਿ–ਕ੍ਰੋੜਾਂ ਹੀ। ਅਉਖਧੁ–ਦਵਾਈ। ਕਮਾਤਿ–ਵਰਤਦੇ (ਸੇਵਨ ਕਰਦੇ) ਹਨ। ਨਿਧਾਨੁ–ਖਜਾਨਾ। ਕੀਨੋ–ਕੀਤਾ ਹੈ। ਰਤੇ–ਰੰਗੇ ਹਨ। ਏਕੈ–ਇਕ

All Rights Reserved by Harjinder Singh Gyani | www.GuruGranthVakhyaan.org

ਪ੍ਰਭੂ ਦੇ। ਬਿਰਤਿ ਬਿਬੇਕੈ-ਗਿਆਨ ਵਾਲੀ ਬਿਰਤੀ; ਚੰਗੇ ਮੰਦੇ ਦੀ ਪਰਖ ਕਰਨ ਵਾਲੀ ਬਿਰਤੀ।੫।

ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥ ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥ ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥ ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥ਹਰਿ ਕਾ ਨਾਮੁ ਜਨ ਕੀ ਵਡਿਆਈ ॥ ਹਰਿ ਕੈ ਨਾਮਿ ਜਨ ਸੋਭਾ ਪਾਈ ॥ ਸੇਵਕਾਂ ਲਈ ਹਰੀ ਦਾ ਨਾਮ ਮੁਕਤੀ ਪ੍ਰਾਪਤ ਕਰਨ ਦਾ ਤਰੀਕਾ ਹੈ; ਸੰਤ ਜਨਾਂ ਲਈ ਰੱਬ ਨਾਲ ਜੁੜਨ ਲਈ ਤੇ (ਜਨਮ ਮਰਣ ਤੋਂ) ਮੁਕਤੀ ਪ੍ਰਾਪਤ ਕਰਨ ਲਈ ਹਰੀ ਦਾ ਨਾਮ ਹੈ। ਸੇਵਕਾਂ ਨੂੰ ਹਰੀ ਦੇ ਨਾਮ ਦੁਆਰਾ ਹੀ ਭੋਗਾਂ ਤੋਂ ਤ੍ਰਿਪਤੀ ਹੁੰਦੀ ਹੈ (ਪਦਾਰਥਾਂ ਦੇ ਸੁਆਦਾਂ ਤੋਂ ਮੂੰਹ ਮੁੜ ਜਾਂਦਾ ਹੈ)। ਹਰੀ ਦਾ ਨਾਮ ਹੀ ਸੇਵਕਾਂ ਦਾ ਸੁੰਦਰ ਰੂਪ ਤੇ ਰੰਗ ਹੈ। ਹਰੀ ਦਾ ਨਾਮ ਜਪਦਿਆਂ (ਭਗਤਾਂ ਨੂੰ) ਕਦੇ ਵੀ ਬਿਘਨ ਨਹੀਂ ਪੈਂਦਾ। ਹਰੀ ਦਾ ਨਾਮ ਹੀ ਸੇਵਕਾਂ ਦੀ ਵਡਿਆਈ ਹੈ। ਹਰੀ ਦੇ ਨਾਮ ਦੁਆਰਾ ਸੇਵਕਾਂ ਨੇ (ਲੋਕ ਪ੍ਰਲੋਕ ਵਿਚ) ਸੋਭਾ ਪਾਈ ਹੈ।

ਅੰਗ ੨੬੫ = ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥ ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥ ਜਨੁ ਰਾਤਾ ਹਰਿ ਨਾਮ ਕੀ ਸੇਵਾ ॥ ਨਾਨਕ ਪੂਜੈ ਹਰਿ ਹਰਿ ਦੇਵਾ ॥੬॥ ਹਰੀ ਦਾ ਨਾਮ ਸੇਵਕਾਂ ਲਈ ਭੋਗ ਤੇ ਜੋਗ ਹੈ (ਗ੍ਰਿਹਸਤ ਦਾ ਅਨੰਦ ਤੇ ਭੋਗਾਂ ਤੋਂ ਨਿਰਾਸ ਹੋ ਕੇ ਰੱਬ ਨਾਲ ਜੋੜਨ ਵਾਲਾ ਨਾਮ ਹੈ)। ਹਰੀ ਦਾ ਨਾਮ ਜਪਦਿਆਂ ਰੱਬ ਤੋਂ ਕੋਈ ਰੱਤਾ ਭਰ ਜਿੰਨਾ ਵੀ ਵਿਛੋੜਾ ਨਹੀਂ ਹੁੰਦਾ। ਸੇਵਕ ਹਰੀ ਦੇ ਨਾਮ ਦੀ ਸੇਵਾ ਵਿਚ ਰਚਿਆ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਸੇਵਕ) ਹਰੀ ਦੇਵ ਨੂੰ ਹੀ ਪੂਜਦਾ ਹੈ।੬।

ਪਦਾਰਥ = ਜਨ ਕਉ-ਭਗਤ ਜਨਾਂ ਵਾਸਤੇ। ਜੁਗਤਿ-ਤਰੀਕਾ; ਜੁੜਨ ਲਈ। ਤ੍ਰਿਪਤਿ-ਰੱਜ ਜਾਂਦਾ ਹੈ। ਭੁਗਤਿ-ਭੋਗ; ਭੋਜਨ। ਰੂਪ-ਸੁੰਦਰਤਾ। ਕਬ-ਕਦੇ। ਪਰੈ ਨ-ਨਹੀ ਪੈਂਦਾ। ਭੰਗੁ-ਬਿਘਨ; ਰੁਕਾਵਟ। ਭੋਗ ਜੋਗ-ਪਦਾਰਥਾਂ ਦਾ ਅਨੰਦ ਤੇ ਨਾਲ ਤਿਆਗ (ਰਾਜ ਤੇ ਜੋਗ)। ਬਿਓਗ-ਵਿਛੋੜਾ। ਰਾਤਾ-ਰਚਿਆ (ਲੱਗਿਆ) ਹੈ। ਪੂਜੈ-ਪੂਜਦਾ ਹੈ। ਦੇਵਾ-ਪ੍ਰਮਾਤਮ ਦੇਵ; ਪ੍ਰਕਾਸ਼ ਸਰੂਪ ਪ੍ਰਮਾਤਮਾ।੬।

ਹਰਿ ਹਰਿ ਜਨ ਜਨ ਕੈ ਮਾਲੁ ਖਜੀਨਾ ॥ ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥ ਹਰਿ ਹਰਿ ਜਨ ਕੈ ਓਟ ਸਤਾਣੀ ॥ ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥ ਓਤਿ ਪੋਤਿ ਜਨ ਹਰਿ ਰਸਿ ਰਾਤੇ ॥ ਸੁੰਨ ਸਮਾਧਿ ਨਾਮ ਰਸ ਮਾਤੇ ॥ ਆਠ ਪਹਰ ਜਨੁ ਹਰਿ ਹਰਿ ਜਪੈ ॥ ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥ ਨਾਨਕ ਜਨ ਸੰਗਿ ਕੇਤੇ ਤਰੇ ॥੭॥ ਗੁਰਮੁਖ ਜਨਾਂ ਦੇ ਪਾਸ ਹਰਿ ਹਰਿ ਨਾਮ ਹੀ ਮਾਲ ਹੈ ਤੇ (ਹਰੀ ਦਾ ਨਾਮ ਹੀ) ਖਜਾਨਾ ਹੈ। ਗੁਰਮੁਖ ਜਨਾਂ ਨੂੰ ਹਰਿ ਨਾਮ ਧਨ ਪ੍ਰਭੂ ਨੇ ਆਪ ਹੀ ਦਿਤਾ ਹੈ। ਸੇਵਕਾਂ ਲਈ ਹਰਿ ਹਰਿ ਨਾਮ ਬਲਵਾਨ ਓਟ ਹੈ। ਹਰੀ ਦੇ ਪ੍ਰਤਾਪ ਕਰਕੇ ਸੇਵਕ ਜਨਾਂ ਨੇ ਹੋਰ ਕਿਸੇ ਨੂੰ ਨਹੀਂ ਜਾਣਿਆ (ਹਰੀ ਤੋਂ ਬਿਨਾ ਹੋਰ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦੇ)। ਤਾਣੇ ਪੇਟੇ ਵਾਂਗ ਭਾਵ ਪੂਰਨ ਤੌਰ ਤੇ ਸੇਵਕ ਜਨ ਹਰੀ ਦੇ ਰਸ ਵਿਚ ਭਿੱਜੇ ਰਹਿੰਦੇ ਹਨ (ਹਰੀ ਸੇਵਕ ਜਨਾਂ ਵਿਚ ਪ੍ਰੋਇਆ ਹੋਇਆ ਹੈ ਤੇ ਸੇਵਕ ਹਰੀ ਵਿਚ ਪ੍ਰੋਏ ਹੋਏ ਹਨ। ਸੇਵਕ) ਨਾਮ ਰਸ ਵਿਚ ਮਸਤ ਹਨ, (ਇਹੋ ਉਨ੍ਹਾਂ ਦੀ) ਸੁੰਨ ਸਮਾਧੀ ਹੈ। ਸੇਵਕ ਅੱਠੇ ਪਹਿਰ ਹਰਿ ਹਰਿ ਨਾਮ ਜਪਦਾ ਹੈ। ਹਰੀ ਦਾ ਭਗਤ (ਹਰ ਥਾਂ) ਪ੍ਰਗਟ (ਉਘਾ) ਹੋ ਜਾਂਦਾ ਹੈ, ਲੁਕਿਆ ਨਹੀਂ ਰਹਿੰਦਾ। ਹਰੀ ਦੀ ਭਗਤੀ ਨੇ ਬੇਅੰਤ (ਲੋਕਾਂ ਨੂੰ) ਮੁਕਤ ਕੀਤਾ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਗੁਰਮੁਖ ਜਨਾਂ ਦੇ ਨਾਲ ਮਿਲ ਕੇ ਕਿਤਨੇ (ਹੋਰ ਲੋਕ ਸੰਸਾਰ ਸਮੁੰਦਰ ਤੋਂ) ਤਰ ਗਏ ਹਨ।੭।

ਪਦਾਰਥ = ਮਾਲ-ਧਨ ਪਦਾਰਥ। ਖਜੀਨਾ-ਖਜਾਨਾ। ਸਤਾਣੀ-ਤਾਣ ਵਾਲੀ; ਬਲਵਾਨ। ਪ੍ਰਤਾਪਿ-ਤੇਜ ਪ੍ਰਤਾਪ ਨਾਲ। ਅਵਰ-ਹੋਰ। ਓਤਿ ਪੋਤਿ-ਤਾਣੇ ਪੇਟੇ ਵਾਂਗ (ਪੂਰਨ ਮਿਲਾਪ)। ਰਾਤੇ-ਭਿੱਜੇ ਹੋਏ ਹਨ। ਸੁੰਨ ਸਮਾਧਿ-ਨਾਮ ਸਿਮਰਨ ਵਿਚ ਪੂਰਨ ਲੀਨਤਾ; ਫੁਰਨਿਆਂ ਤੋਂ ਰਹਿਤ ਮਾਨਸਕ ਟਿਕਾਉ ਵਾਲੀ ਅਵਸਥਾ। ਮਾਤੇ-ਮਸਤ। ਬਹੁ-ਬਹੁਤਿਆਂ ਨੂੰ। ਕੇਤੇ-ਕਿਤਨੇ (ਬੇਅੰਤ)। ਤਰੇ-ਤਰ ਗਏ।੭।

ਪਾਰਜਾਤੁ ਇਹੁ ਹਰਿ ਕੋ ਨਾਮ ॥ ਕਾਮਧੇਨ ਹਰਿ ਹਰਿ ਗੁਣ ਗਾਮ ॥ ਸਭ ਤੇ ਊਤਮ ਹਰਿ ਕੀ ਕਥਾ ॥ ਨਾਮੁ ਸੁਨਤ ਦਰਦ ਦੁਖ ਲਥਾ ॥ ਨਾਮ ਕੀ ਮਹਿਮਾ ਸੰਤ ਰਿਦ ਵਸੈ ॥ ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥ ਸੰਤ ਕਾ ਸੰਗੁ ਵਡਭਾਗੀ ਪਾਈਐ ॥ ਸੰਤ ਕੀ ਸੇਵਾ ਨਾਮੁ ਧਿਆਈਐ ॥ ਨਾਮ ਤੁਲਿ ਕਛੁ ਅਵਰੁ ਨ ਹੋਇ ॥ ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥ ਹਰੀ ਦਾ ਨਾਮ ਹੀ (ਅਸਲੀ) ਪਾਰਜਾਤ ਦਾ ਦਰੱਖਤ ਹੈ। ਹਰੀ ਦੇ ਗੁਣ ਗਾਉਣੇ (ਹੀ ਅਸਲ) ਕਾਮਧੇਨ ਗਾਂ ਹੈ। (ਪਾਰਜਾਤ ਤੇ ਕਾਮਧੇਨ ਦੀਆਂ ਕਥਾਂ ਨਾਲੋਂ) ਸਭਨਾਂ ਤੋਂ ਉਤਮ ਹਰੀ ਦੀ ਕਥਾ ਹੈ। ਹਰੀ ਦਾ ਨਾਮ ਸੁਣਨ ਨਾਲ ਦੁਖਾਂ ਦਾ ਦਰਦ ਮਿਟ ਜਾਂਦਾ ਹੈ। ਨਾਮ ਦੀ ਮਹਿਮਾਂ ਸੰਤਾਂ ਦੇ ਹਿਰਦੇ ਵਿਚ ਵਸਦੀ ਹੈ। ਸੰਤਾਂ ਦੇ ਪ੍ਰਤਾਪ ਕਰਕੇ ਸਾਰਾ ਪਾਪ ਨੱਸ ਜਾਂਦਾ ਹੈ। (ਇਹੋ ਜਿਹੇ) ਸੰਤਾਂ ਦਾ ਸੰਗ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਸੰਤਾਂ ਦੀ ਸੇਵਾ ਕਰਕੇ ਨਾਮ ਧਿਆਉਣਾ ਚਾਹੀਦਾ ਹੈ। (ਪ੍ਰਭੂ ਦੇ) ਨਾਮ ਦੇ ਬਰਾਬਰ ਕੋਈ ਹੋਰ (ਕਰਮ) ਨਹੀਂ ਹੋ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੁਆਰਾ ਕੋਈ ਵਿਰਲਾ ਪੁਰਖ ਹੀ ਨਾਮ ਪ੍ਰਾਪਤ ਕਰਦਾ ਹੈ।੮।੨।

ਪਦਾਰਥ = ਪਾਰਜਾਤ-ਕਲਪ ਬ੍ਰਿਛ (ਸੁਰਗ ਦੇ ਪੰਜ ਦਰੱਖਤਾਂ ਵਿਚੋਂ ਇਕ ਦਾ ਨਾਂ ਪਾਰਜਾਤ ਹੈ, ਜੋ ਮਨੋ ਕਾਮਨਾ ਪੂਰੀਆਂ ਕਰਨ ਵਾਲਾ ਮੰਨਿਆ ਜਾਂਦਾ ਹੈ)। ਕਾਮਧੇਨ-ਸੁਰਗ ਦੀ ਗਾਂ (ਪਦਾਰਥ ਦੇਣ ਵਾਲੀ ਮੰਨੀ ਗਈ ਹੈ) ਪਾਰਜਾਤ ਤੇ ਕਾਮਧੇਨ ਸਮੁੰਦਰ ਰਿੜਕਣ

All Rights Reserved by Harjinder Singh Gyani | www.GuruGranthVakhyaan.org

ਸਮੇਂ ਸਮੁੰਦਰ ਵਿਚੋਂ ਨਿਕਲੇ ੧੪ ਰਤਨਾਂ ਵਿਚੋਂ ਸਨ। ਗੁਣ ਗਾਮ–ਗੁਣ ਗਾਉਣੇ। ਸਭ ਤੇ–ਸਭ ਤੋਂ। ਲਥਾ–ਲਹਿ (ਮਿਟ) ਗਿਆ। ਰਿਦ–ਹਿਰਦੇ ਵਿਚ। ਪ੍ਰਤਾਪਿ–ਬਲ ਨਾਲ; ਪ੍ਰਭਾਵ ਕਰਕੇ। ਦੁਰਤੁ–ਪਾਪ। ਨਸੈ–ਦੌੜ ਜਾਂਦਾ ਹੈ। ਨਾਮ ਤੁਲਿ–ਨਾਮ ਦੇ ਬਰਾਬਰ।੮।੨।

ਸਲੋਕੁ ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ, ਪੇਖੇ ਸਰਬ ਢਢੋਲਿ ॥ ਪੂਜਸਿ ਨਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥ ਬਹੁਤ ਸਾਰੇ ਸ਼ਾਸਤ੍ਰ ਤੇ ਬਹੁਤ ਸਿਮ੍ਰਿਤੀਆਂ (ਬਹੁਤੇ ਧਾਰਮਕ ਗ੍ਰੰਥ) ਹਨ, (ਉਹ) ਸਾਰੇ ਹੀ ਖੋਜ ਵਿਚਾਰ ਕੇ ਦੇਖ ਲਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਅਮੋਲਕ ਹੈ, (ਕੋਈ ਵੀ ਧਰਮ ਗ੍ਰੰਥ) ਹਰਿ ਹਰਿ ਨਾਮ ਦੇ ਬਰਾਬਰ ਨਹੀਂ ਪੁਜ ਸਕਦਾ।੧।

ਪਦਾਰਥ = ਬਹੁ–ਬਹੁਤ। ਪੇਖੇ–ਦੇਖੇ। ਸਰਬ–ਸਾਰੇ। ਢਢੋਲਿ–ਖੋਜ ਵਿਚਾਰ ਕੇ। ਪੂਜਸਿ ਨਾਹੀ–(ਬਰਾਬਰ) ਨਹੀਂ ਪੁਜ ਸਕਦੇ।੧।

ਅਸਟਪਦੀ ॥ ਜਾਪ ਤਾਪ ਗਿਆਨ ਸਭਿ ਧਿਆਨ ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ ਸਗਲ ਤਿਆਗਿ ਬਨ ਮਧੇ ਫਿਰਿਆ ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ ਪੁੰਨ ਦਾਨ ਹੋਮੇ ਬਹੁ ਰਤਨਾ ॥ ਸਰੀਰੁ ਕਟਾਇ ਹੋਮੈ ਕਰਿ ਰਾਤੀ ॥ ਵਰਤ ਨੇਮ ਕਰੈ ਬਹੁ ਭਾਤੀ ॥ ਨਹੀ ਤੁਲਿ ਰਾਮ ਨਾਮ ਬੀਚਾਰ ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥ (ਜੇ ਕੋਈ ਮਨੁੱਖ ਮੰਤ੍ਰਾਂ ਦਾ) ਜਾਪ, ਤਪ, ਗਿਆਨ ਦੀਆਂ ਸਾਰੀਆਂ ਗੱਲਾਂ ਕਰੇ ਅਤੇ (ਦੇਵਤਿਆਂ ਦੇ) ਧਿਆਨ ਧਰੇ। ਛੇ ਸ਼ਾਸਤ੍ਰਾਂ ਤੇ ਆਦਿ ਕਿਰਿਆ ਕਰਮ ਕਰਦਾ ਹੋਵੇ; ਯੋਗ ਮੱਤ ਦੀਆਂ ਨਿਉਲੀ ਆਦਿ ਕਿਰਿਆਵਾਂ ਕਰਦਾ ਰਹੇ। (ਘਰ ਬਾਰ) ਸਭ ਕੁਛ ਛਡ ਕੇ ਜੰਗਲਾਂ ਵਿਚ ਫਿਰਦਾ ਰਿਹਾ ਹੋਵੇ। ਅਨੇਕਾਂ ਪ੍ਰਕਾਰ ਦੇ ਹੋਰ ਜਤਨ ਕੀਤੇ ਹੋਣ। ਪੁੰਨ ਦਾਨ ਤੇ ਘਿਓ ਪਾ ਕੇ ਬਹੁਤ ਸਾਰੇ ਹਵਨ ਕਰੇ; ਘਿਓ ਵਿਚ ਹੀਰੇ ਮੋਤੀ ਆਦਿ ਰਤਨ ਪਾ ਕੇ ਹਵਨ ਕਰੇ। (ਅਪਣੇ) ਸਰੀਰ ਨੂੰ ਰੱਤੀ ਰੱਤੀ ਕਟਾ ਕੇ (ਅੱਗ ਵਿਚ) ਹਵਨ ਕਰ ਦੇਵੇ। ਬਹੁਤ ਪ੍ਰਕਾਰ ਦੇ ਵਰਤ ਤੇ ਹੋਰ ਨੇਮ ਆਦਿਕ ਕਰਦਾ ਰਹੇ। (ਅਖੀਰਲੀ ਤੁਕ ਦਾ ਅਰਥ ਪਹਿਲਾਂ) ਨਾਨਕ ਗੁਰੂ ਜੀ ਆਖਦੇ ਹਨ, ਜੇ ਇਕ ਬਾਰ ਪ੍ਰਭੂ ਦਾ ਨਾਮ ਜਪਿਆ ਜਾਵੇ। (ਤਾਂ ਉਪਰ ਦੱਸੇ ਸਾਰੇ ਸਾਧਨ) ਪ੍ਰਭੂ ਦੇ ਨਾਮ ਦੀ ਵਿਚਾਰ ਦੇ ਬਰਾਬਰ ਨਹੀਂ ਹਨ।੧।

ਪਦਾਰਥ = ਜਾਪ–(ਵੇਦ ਆਦਿ ਦੇ) ਮੰਤ੍ਰਾਂ ਦਾ ਉਚਾਰਨ। ਤਾਪ–ਤਪੱਸਿਆ (ਜਲ ਧਾਰੇ ਜਾਂ ਧੂਣੀਆਂ ਤਾਪਣੀਆਂ)। ਗਿਆਨ–(ਵੇਦ ਸ਼ਾਸਤ੍ਰਾਂ ਦੇ) ਗਿਆਨ ਦੀਆਂ ਗੱਲਾਂ। ਧਿਆਨ–ਦੇਵੀ ਦੇਵਤਿਆਂ ਦੀਆਂ ਮੂਰਤੀਆਂ ਦਾ ਧਿਆਨ; ਮਨ ਦੇ ਫੁਰਨੇ ਰੋਕਣੇ। ਖਟ ਸਾਸਤ੍ਰ–ਛੇ ਸ਼ਾਸਤ੍ਰ (ਸਾਂਖ ਨਿਆਇ ਯੋਗ ਵੈਸ਼ੇਸ਼ਿਕ ਮੀਮਾਂਸਾ ਤੇ ਵੇਦਾਂਤ)। ਵਖਿਆਨ–ਲੈਕਚਰ। ਧ੍ਰਮ ਕਿਰਿਆ–ਧਾਰਮਿਕ ਕਰਮ। ਮਧੇ–ਵਿਚ। ਹੋਮੈ–ਹਵਨ; ਅੱਗ ਵਿਚ ਸਾੜ ਦੇਵੇ। ਰਤਨਾ–ਘਿਓ; ਕੀਮਤੀ ਪਦਾਰਥ। ਕਰਿ–ਕਰ ਕੇ। ਰਾਤੀ–ਰੱਤੀ ਰੱਤੀ। ਨੇਮ–ਨਿਯਮ।੧।

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ ਮਹਾ ਉਦਾਸੁ ਤਪੀਸਰੁ ਥੀਵੈ ॥ ਅਗਨਿ ਮਾਹਿ ਹੋਮਤ ਪਰਾਨ ॥ ਕਨਿਕ ਅਸ੍ਵ ਹੈਵਰ ਭੂਮਿ ਦਾਨ ॥ ਨਿਉਲੀ ਕਰਮ ਕਰੈ ਬਹੁ ਆਸਨ ॥ ਜੈਨ ਮਾਰਗ ਸੰਜਮ ਅਤਿ ਸਾਧਨ ॥ ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥ ਤਉ ਭੀ ਹਉਮੈ ਮੈਲੁ ਨ ਜਾਵੈ ॥ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥ ਨਾਨਕ ਗੁਰਮੁਖਿ ਨਾਮ ਜਪਤ ਗਤਿ ਪਾਹਿ ॥੨॥ (ਭਾਵੇਂ ਕੋਈ ਮਨੁੱਖ) ਧਰਤੀ ਦੇ ਨੌਂ ਖੰਡਾਂ (ਸਾਰੀ ਧਰਤੀ) ਵਿਚ ਫਿਰਦਾ ਰਹੇ ਤੇ ਚਿਰੰਜੀਵ ਹੋ ਜਾਵੇ। ਵੱਡਾ ਤਿਆਗੀ ਤੇ ਤਪੀਸਰ ਬਣ ਜਾਵੇ। ਅੱਗ ਵਿਚ (ਅਪਣੇ) ਪ੍ਰਾਣਾਂ ਨੂੰ ਹਵਨ ਕਰ ਦੇਵੇ (ਸਰੀਰ ਸਾੜ ਲਵੇ)। ਸੋਨਾ, ਘੋੜੇ, ਵਧੀਆ ਘੋੜੇ ਤੇ ਜਮੀਨ ਦਾਨ ਕਰ ਦੇਵੇ। ਨੇਤੀ ਧੋਤੀ ਆਦਿਕ ਕਰਮ ਕਰਦਾ ਰਹੇ ਤੇ (ਯੋਗ ਦੇ) ਬਹੁਤ ਆਸਨ ਲਾਉਂਦਾ ਰਹੇ। ਜੈਨ ਮੱਤ ਦੇ ਇੰਦ੍ਰੀਆਂ ਨੂੰ ਵਸ ਕਰਨ ਤੇ ਹੋਰ ਬਹੁਤ ਕਰੜੇ ਸਾਧਨ ਕਰ ਲਵੇ। ਰੱਤੀ ਰੱਤੀ ਕਰਕੇ ਸਰੀਰ ਨੂੰ ਕਟਾ ਦੇਵੇ। ਤਾਂ ਵੀ (ਮਨ ਵਿਚੋਂ) ਹਉਮੈ ਦੀ ਮੈਲ ਨਹੀਂ ਜਾਂਦੀ। ਹਰੀ ਦੇ ਨਾਮ ਦੇ ਤੁੱਲ (ਉਪਰ ਬਿਆਨ ਕੀਤਾ) ਕੁਛ ਵੀ ਨਹੀਂ। ਨਾਨਕ ਗੁਰੂ ਜੀ ਆਖਦੇ ਹਨ, ਗੁਰੂ ਰਾਹੀਂ ਨਾਮ ਜਪਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।੨।

ਪਦਾਰਥ = ਨਉ ਖੰਡ–ਨੌਂ ਹਿੱਸੇ। ਫਿਰੈ–ਫਿਰਦਾ ਰਹੇ। ਉਦਾਸੁ–ਉਪਰਾਮ; ਤਿਆਗੀ। ਥੀਵੈ–ਹੋ (ਬਣ) ਜਾਵੇ। ਹੋਮਤ–ਹਵਨ ਕਰੇ। ਪਰਾਨ–ਪ੍ਰਾਣ। ਕਨਿਕ–ਸੋਨਾ। ਅਸ੍ਵ–ਘੋੜੇ। ਨਿਉਲੀ–ਪੇਟ ਨੂੰ ਮਧਾਣੀ ਵਾਂਗ ਹਿਲਾਉਣ ਦਾ ਕਰਮ। ਸੰਜਮ–ਇੰਦ੍ਰੀਆਂ ਨੂੰ ਵਸ ਕਰਨ ਦਾ ਤਰੀਕਾ। ਅਤਿ–ਬਹੁਤ। ਸਾਧਨ–ਜਤਨ। ਨਿਮਖ ਨਿਮਖ–ਥੋੜਾ ਥੋੜਾ। ਤਉ ਭੀ–ਤਦ ਵੀ। ਸਮਸਰਿ–ਬਰਾਬਰ। ਗਤਿ–ਮੁਕਤੀ।੨।

ਮਨ ਕਾਮਨਾ ਤੀਰਥ ਦੇਹ ਛੁਟੈ ॥ ਗਰਬੁ ਗੁਮਾਨੁ ਨ ਮਨ ਤੇ ਹੁਟੈ ॥ ਸੋਚ ਕਰੈ ਦਿਨਸੁ ਅਰੁ ਰਾਤਿ ॥ ਮਨ ਕੀ ਮੈਲੁ ਨ ਤਨ ਤੇ ਜਾਤਿ ॥ ਇਸੁ ਦੇਹੀ ਕਉ ਬਹੁ ਸਾਧਨਾ ਕਰੈ ॥ ਮਨ ਤੇ ਕਬਹੂ ਨ ਬਿਖਿਆ ਟਰੈ ॥ ਜਲਿ ਧੋਵੈ ਬਹੁ ਦੇਹ ਅਨੀਤਿ ॥ ਸੁਧ ਕਹਾ ਹੋਇ ਕਾਚੀ ਭੀਤਿ ॥ ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥ ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥੩॥ (ਜੇ ਕਿਸੇ ਮਨੁੱਖ ਦੇ) ਮਨ ਦੀ ਇੱਛਾ ਹੋਵੇ (ਕਿ ਕਿਸੇ ਮਨ ਚਾਹੇ) ਤੀਰਥ ਤੇ ਸਰੀਰ ਛਡਿਆ ਜਾਵੇ। (ਫਿਰ ਵੀ) ਦੇਹ ਦਾ ਹੰਕਾਰ ਤੇ ਸਾਧਨਾ ਦਾ ਗੁਮਾਨ ਮਨ ਤੋਂ ਨਹੀਂ ਹਟਦਾ। (ਭਾਵੇਂ ਸਰੀਰ ਦੀ) ਸਫਾਈ ਦਿਨ ਤੇ ਰਾਤ ਕਰਦਾ ਰਹੇ। (ਫਿਰ ਵੀ) ਮਨ ਦੀ ਮੈਲ ਸਰੀਰ ਦੇ ਧੋਣ ਨਾਲ ਨਹੀਂ ਜਾਂਦੀ (ਉਤਰਦੀ। ਸ਼ੁੱਧੀ ਤੋਂ ਬਿਨਾ ਭਾਵੇਂ ਨਿਰੇ) ਇਸ ਦੇਹ ਦੇ ਲਈ ਬਹੁਤ ਜਤਨ ਕਰਦਾ ਰਹੇ। (ਫਿਰ ਵੀ) ਮਨ ਤੋਂ ਕਦੇ ਵੀ ਵਿਸ਼ਿਆਂ ਦੀ ਮੈਲ ਨਹੀਂ ਹਟਦੀ। ਚਾਹੇ ਇਸ ਨਾਸ਼ਵੰਤ ਦੇਹ ਨੂੰ ਜਲ ਨਾਲ ਬਹੁਤ ਧੋਂਦਾ ਰਹੇ। ਕੱਚੀ ਕੰਧ (ਵਰਗਾ ਇਹ ਸਰੀਰ) ਕਿਵੇਂ ਸ਼ੁੱਧ ਹੋ ਸਕਦਾ ਹੈ? ਭਾਵ

All Rights Reserved by Harjinder Singh Gyani | www.GuruGranthVakhyaan.org

ਸ਼ੁੱਧ ਨਹੀਂ ਹੁੰਦਾ। ਹੇ (ਮੇਰੇ) ਮਨ! (ਸੋਚ ਵਿਚਾਰ ਕੇ ਦੇਖ) ਹਰੀ ਦੇ ਨਾਮ ਦੀ ਮਹਿਮਾਂ (ਉਪਰ ਕਥਨ ਕੀਤੇ ਸਾਰੇ ਜਤਨਾਂ ਤੋਂ ਬਹੁਤ) ਉਚੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਸਿਮਰਨ ਨਾਲ ਬਹੁਤ ਸਾਰੇ ਪਾਪੀ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ।੩।

ਪਦਾਰਥ = ਮਨ ਕਾਮਨਾ-ਮਨ ਦੀ ਇੱਛਾ। ਛੁਟੈ-(ਦੇਹ) ਛੁਟ ਜਾਵੇ। ਤੇ-ਤੋਂ। ਗਰਬੁ-ਹੰਕਾਰ। ਗੁਮਾਨੁ-ਹੰਕਾਰ। ਨ ਹੁਟੈ-ਨਹੀਂ ਹਟਦਾ। ਸੋਚ-ਸਫਾਈ; ਸੁੱਚਮਤਾ। ਅਰੁ-ਅਤੇ। ਨ ਜਾਤਿ-ਨਹੀਂ ਜਾਂਦੀ। ਦੇਹੀ ਕਉ-ਦੇਹ ਲਈ। ਸਾਧਨਾ-ਜਤਨ; ਕਠਨ ਮੇਹਨਤ। ਕਬਹੂ-ਕਦੇ ਵੀ। ਬਿਖਿਆ-ਵਿਸ਼ੇ ਵਿਕਾਰ। ਨ ਟਰੈ-ਨਹੀਂ ਟਲਦੀ। ਅਨੀਤਿ-ਨਾਸ਼ਵੰਤ। ਸੁਧ-ਸ਼ੁੱਧ (ਪਵਿਤ੍ਰ)। ਕਹਾ-ਕਿਥੇ; ਕਿਵੇਂ। ਭੀਤਿ-ਕੰਧ। ਨਾਮਿ-ਨਾਮ ਦੁਆਰਾ। ਉਧਰੇ-ਤਰ ਗਏ। ਪਤਿਤ-ਮੰਦ ਕਰਮੀ ਜੀਵ। ਬਹੁ ਮੂਚ-ਬਹੁਤ (ਅਣਗਿਣਤ)।੩।

ਅੰਗ ੨੬੬ = ਬਹੁਤੁ ਸਿਆਣਪ ਜਮ ਕਾ ਭਉ ਬਿਆਪੈ ॥ ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ ॥ ਭੇਖ ਅਨੇਕ ਅਗਨਿ ਨਹੀ ਬੁਝੈ ॥ ਕੋਟਿ ਉਪਾਵ ਦਰਗਹ ਨਹੀ ਸਿਝੈ ॥ ਛੂਟਸਿ ਨਾਹੀ ਊਭ ਪਇਆਲਿ ॥ ਮੋਹਿ ਬਿਆਪਹਿ ਮਾਇਆ ਜਾਲਿ ॥ ਅਵਰ ਕਰਤੂਤਿ ਸਗਲੀ ਜਮੁ ਡਾਨੈ ॥ ਗੋਵਿੰਦ ਭਜਨ ਬਿਨੁ ਤਿਲੁ ਨਹੀ ਮਾਨੈ ॥ ਹਰਿ ਕਾ ਨਾਮੁ ਜਪਤ ਦੁਖੁ ਜਾਇ ॥ ਨਾਨਕ ਬੋਲੈ ਸਹਜਿ ਸੁਭਾਇ ॥੪॥ ਬਹੁਤੀਆਂ ਚਤਰਾਈਆਂ ਕਰਨ ਨਾਲ ਵੀ ਜਮਾਂ ਦਾ ਡਰ ਆ ਚਿੰਬੜਦਾ ਹੈ (ਕਿਉਂਕਿ ਚਤਰਾਈਆਂ ਨਾਲ ਨੇਕ ਨੀਅਤ ਨੱਸ ਜਾਂਦੀ ਹੈ)। ਅਨੇਕਾਂ ਜਤਨ ਕਰਨ ਨਾਲ ਵੀ ਤ੍ਰਿਸ਼ਨਾ ਨਹੀਂ ਰੱਜਦੀ ਭਾਵ ਮੁੱਕਦੀ ਨਹੀਂ ; ਤ੍ਰਿਸ਼ਨਾ ਵਲੋਂ ਮਨ ਰੱਜਦਾ ਨਹੀਂ (ਤ੍ਰਿਸ਼ਨਾ ਮੌਤ ਦੇ ਭੈ ਦਾ ਮੂਲ ਹੈ)। ਬਹੁਤੇ ਭੇਖਾਂ ਕਰਕੇ ਵੀ (ਤ੍ਰਿਸ਼ਨਾ ਦੀ) ਅੱਗ ਨਹੀਂ ਬੁਝਦੀ। ਕ੍ਰੋੜਾਂ ਜਤਨਾਂ ਨਾਲ ਵੀ (ਮਨੁੱਖ ਰੱਬੀ) ਦਰਗਾਹ ਵਿਚ ਸਫਲ ਨਹੀਂ ਹੁੰਦਾ। (ਸਿਧੀਆਂ ਦੇ ਬਲ ਨਾਲ ਚਾਹੇ ਮਨੁੱਖ) ਅਕਾਸ਼ ਵਿਚ ਉਡਣ ਲਗ ਜਾਵੇ ਤੇ ਚਾਹੇ ਪਤਾਲ ਵਿਚ ਲੁਕ ਜਾਵੇ (ਮਾਇਆ ਦੇ ਜਾਲ ਵਿਚੋਂ) ਛੁਟ ਨਹੀਂ ਸਕਦਾ। ਮਾਇਆ ਦੇ ਜਾਲ ਕਰਕੇ (ਜੀਵ) ਮੋਹ ਵਿਚ ਲੱਗ (ਫਸ) ਰਹੇ ਹਨ। ਹੋਰ ਸਾਰੇ ਕੰਮਾਂ ਕਰਕੇ ਜਮ ਡੰਨ ਲਾਉਂਦਾ ਹੈ। ਗੋਵਿੰਦ ਦੇ ਭਜਨ ਤੋਂ ਬਿਨਾ (ਹੋਰ ਕਰਮ ਕਾਂਡ ਨੂੰ) ਤਿਲ ਜਿੰਨਾ ਵੀ ਨਹੀਂ ਮੰਨਦਾ (ਨਾਮ ਸਿਮਰਨ ਤੋਂ ਬਿਨਾ ਕਿਸੇ ਕਰਮ ਨੂੰ ਜਮ ਪ੍ਰਵਾਨ ਨਹੀਂ ਕਰਦਾ)। ਹਰੀ ਦਾ ਨਾਮ ਜਪਣ ਨਾਲ ਦੁਖ ਦੂਰ ਚਲਾ ਜਾਂਦਾ ਹੈ। (ਇਹ ਉਪਦੇਸ਼) ਨਾਨਕ ਗੁਰੂ ਜੀ ਸੁਤੇ ਸਿਧ ਬੋਲ ਰਹੇ ਹਨ (ਜਜਬਾਤਾਂ ਵਿਚ ਆ ਕੇ ਵਧਾ ਕੇ ਨਹੀਂ ਆਖ ਰਹੇ); ਨਾਨਕ ਗੁਰੂ ਜੀ ਆਖਦੇ ਹਨ, (ਜੋ ਪੁਰਖ ਵਾਹਿਗੁਰੂ ਦਾ) ਨਾਮ ਸੁਤੇ ਸਿਧ ਉਚਾਰਦਾ ਹੈ। ਵਾਹਿਗੁਰੂ ਦਾ ਨਾਮ ਜਪਦਿਆਂ (ਉਸ ਦਾ) ਦੁਖ ਦੂਰ ਹੋ ਜਾਂਦਾ ਹੈ।੪।

ਪਦਾਰਥ = ਸਿਆਣਪ-ਚਤਰਾਈਆਂ। ਭਉ-ਡਰ। ਬਿਆਪੈ-ਚਿੰਬੜਦਾ ਹੈ। ਨ ਧ੍ਰਾਪੈ-ਨਹੀਂ ਰੱਜਦੀ। ਨਹੀ ਸਿਝੈ-ਸਫਲ ਨਹੀਂ ਹੁੰਦਾ। ਛੂਟਸਿ ਨਾਹੀ-ਨਹੀ ਬਚ ਸਕਦਾ। ਊਭ-ਉਪਰ (ਅਕਾਸ਼ ਵਿਚ)। ਪਇਆਲਿ-ਪਤਾਲ ਵਿਚ। ਬਿਆਪਹਿ-ਫਸਦੇ ਹਨ। ਅਵਰ-ਹੋਰ। ਕਰਤੂਤਿ-ਕੰਮ। ਡਾਨੈ-ਸਜਾ ਦੇਂਦਾ ਹੈ। ਤਿਲੁ-ਰੱਤਾ ਭਰ ਵੀ। ਨਹੀ ਮਾਨੈ-ਨਹੀਂ ਮੰਨਦਾ। ਸਹਜਿ ਸੁਭਾਇ-ਸੁਤੇ ਸਿੱਧ।੪।

ਚਾਰਿ ਪਦਾਰਥ ਜੇ ਕੋ ਮਾਗੈ । ਸਾਧ ਜਨਾ ਕੀ ਸੇਵਾ ਲਾਗੈ ॥ ਜੇ ਕੋ ਆਪੁਨਾ ਦੂਖੁ ਮਿਟਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ ਜੇ ਕੋ ਅਪੁਨੀ ਸੋਭਾ ਲੋਰੈ ॥ ਸਾਧ ਸੰਗਿ ਇਹ ਹਉਮੈ ਛੋਰੈ ॥ ਜੇ ਕੋ ਜਨਮ ਮਰਣ ਤੇ ਡਰੈ ॥ ਸਾਧ ਜਨਾ ਕੀ ਸਰਨੀ ਪਰੈ ॥ ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥ ਨਾਨਕ ਤਾ ਕੈ ਬਲਿ ਬਲਿ ਜਾਸਾ ॥੫॥ (ਹੇ ਭਾਈ! ਪ੍ਰਭੂ ਤੋਂ) ਜੇ ਕੋਈ ਮਨੁੱਖ ਚਾਰ ਪਦਾਰਥ (ਧਰਮ ਅਰਥ ਕਾਮ ਤੇ ਮੋਖਸ਼) ਮੰਗਦਾ ਹੈ। (ਤਾਂ ਉਸ ਨੂੰ ਚਾਹੀਦਾ ਹੈ ਕਿ ਉਹ) ਸਾਧੂ ਜਨਾਂ ਦੀ ਸੇਵਾ ਵਿਚ ਲਗ ਜਾਵੇ। ਜੇ ਕੋਈ (ਮਨੁੱਖ ਚਾਹੁੰਦਾ ਹੈ ਕਿ ਉਸਦਾ) ਦੁਖ ਮਿਟ ਜਾਵੇ। (ਤਾਂ ਉਸ ਨੂੰ ਚਾਹੀਦਾ ਹੈ ਕਿ ਉਹ) ਹਿਰਦੇ ਵਿਚ ਸਦਾ ਹਰਿ ਹਰਿ ਨਾਮ ਗਾਵੇ। ਜੇ ਕੋਈ ਮਨੁੱਖ ਅਪਣੀ ਸੋਭਾ ਚਾਹੁੰਦਾ ਹੈ। (ਤਾਂ ਉਹ) ਸਾਧ ਸੰਗਤ ਵਿਚ (ਮਿਲ ਕੇ) ਇਹ ਹਉਮੈ ਛਡ ਦੇਵੇ। ਜੇ ਕੋਈ ਮਨੁੱਖ ਜਨਮ ਮਰਣ (ਦੇ ਗੇੜ) ਤੋਂ ਡਰਦਾ ਹੈ। (ਤਾਂ ਉਹ) ਸਾਧ ਜਨਾਂ ਦੀ ਸ਼ਰਣ ਵਿਚ ਜਾ ਪਵੇ। ਜਿਸ ਪੁਰਖ ਨੂੰ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਹੈ। ਨਾਨਕ ਉਸ ਪੁਰਖ ਤੋਂ (ਮਨ ਤੇ ਤਨ ਕਰਕੇ) ਕੁਰਬਾਨ ਜਾਂਦਾ ਹੈ।੫।

ਪਦਾਰਥ = ਜੇ ਕੋ-ਜੇ ਕੋਈ ਮਨੁੱਖ। ਰਿਦੈ-ਹਿਰਦੇ ਵਿਚ। ਸਦ-ਸਦਾ। ਸੋਭਾ-ਵਡਿਆਈ। ਲੋਰੈ-ਚਾਹੁੰਦਾ ਹੈ। ਛੋਰੈ-ਛਡ ਦੇਵੇ। ਤੇ-ਤੋਂ। ਪਰੈ-ਜਾ ਪਵੇ। ਜਨ ਕਉ-ਪੁਰਖ ਨੂੰ। ਦਰਸ-ਦਰਸ਼ਨ ਦੀ। ਤਾ ਕੈ-ਉਸ ਦੇ। ਜਾਸਾ-ਜਾਂਦਾ ਹੈ।੫।

ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ ॥ ਸਾਧ ਸੰਗਿ ਜਾ ਕਾ ਮਿਟੈ ਅਭਿਮਾਨੁ ॥ ਆਪਸ ਕਉ ਜੋ ਜਾਣੈ ਨੀਚਾ ॥ ਸੋਊ ਗਨੀਐ ਸਭ ਤੇ ਊਚਾ ॥ ਜਾ ਕਾ ਮਨੁ ਹੋਇ ਸਗਲ ਕੀ ਰੀਨਾ ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ ॥ ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥ ਸੂਖ ਦੂਖ ਜਨ ਸਮ ਦ੍ਰਿਸਟੇਤਾ ॥ ਨਾਨਕ ਪਾਪ ਪੁੰਨ ਨਹੀ ਲੇਪਾ ॥੬॥ ਸਾਰੇ ਪੁਰਖਾਂ ਵਿਚੋਂ ਉਹ ਪੁਰਖ ਮੁਖੀ (ਸ੍ਰੇਸਟ) ਹੈ। ਜਿਸ ਦਾ ਸਾਧ ਸੰਗਤ ਕਰਕੇ ਅਭਿਮਾਨ ਮਿਟ ਜਾਂਦਾ ਹੈ। ਜਿਹੜਾ ਮਨੁੱਖ ਅਪਣੇ ਆਪ ਨੂੰ (ਸਭ ਨਾਲੋਂ) ਨੀਵਾਂ ਸਮਝਦਾ ਹੈ (ਨਿਮਰਤਾ ਰਖਦਾ ਹੈ)। ਉਹ ਹੀ ਸਭ ਤੋਂ ਉਚਾ ਗਿਣਿਆ ਜਾਂਦਾ ਹੈ। ਜਿਸ (ਮਨੁੱਖ) ਦਾ ਮਨ ਸਭ ਦੇ ਚਰਨਾਂ ਦੀ ਧੂੜ ਹੋ ਗਿਆ ਹੈ । ਤਾਂ ਉਸ ਨੇ ਹਰੀ ਨੂੰ ਤੇ ਹਰਿ ਦੇ ਨਾਮ ਨੂੰ ਹਰੇਕ ਪੁਰਖ ਦੇ ਹਿਰਦੇ ਵਿਚ ਵਸਦਾ ਪਛਾਣ ਲਿਆ ਹੈ। (ਜਿਸ ਪੁਰਖ ਨੇ) ਅਪਣੇ ਮਨ

All Rights Reserved by Harjinder Singh Gyani | www.GuruGranthVakhyaan.org

ਤੋਂ ਬੁਰਾ ਸੁਭਾਵ ਮਿਟਾ ਦਿਤਾ ਹੈ। ਸਾਰੀ ਦੁਨੀਆਂ (ਦੇ ਜੀਵਾਂ ਨੂੰ ਉਹ ਅਪਣਾ) ਮਿੱਤ੍ਰ ਦੇਖਦਾ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ, (ਜਿਸ) ਪੁਰਖ ਨੂੰ ਸੁਖ ਤੇ ਦੁਖ ਇਕੋ ਜਿਹਾ ਦਿਖਾਈ ਦਿੰਦਾ ਹੈ, (ਉਸ ਉਪਰ) ਪਾਪ ਤੇ ਪੁੰਨ ਦਾ ਕੋਈ ਅਸਰ ਨਹੀਂ ਲਗਦਾ (ਨਾਮ ਸਿਮਰਨ ਨੇ ਪਾਪਾਂ ਕਰਕੇ ਨਰਕ ਦਾ ਡਰ ਤੇ ਪੁੰਨ ਕਰਕੇ ਸੁਰਗ ਵਿਚ ਜਾਣ ਦਾ ਲਾਲਚ ਮਿਟਾ ਦਿਤਾ)।੬।

ਪਦਾਰਥ = ਪ੍ਰਧਾਨ-ਮੁਖੀ; ਸ੍ਰੇਸਟ। ਜਾ ਕਾ-ਜਿਸ ਦਾ। ਆਪਸ ਕਉ-ਅਪਣੇ ਆਪ ਨੂੰ। ਨੀਚਾ-ਨੀਵਾਂ। ਸੋਊ-ਉਹ ਹੀ। ਗਨੀਐ-ਗਿਣਿਆ ਜਾਂਦਾ ਹੈ। ਸਭ ਤੇ-ਸਭ ਤੋਂ। ਰੀਨਾ-ਚਰਨ ਧੂੜ। ਤਿਨਿ-ਉਸ ਨੇ। ਘਟਿ ਘਟਿ-ਹਰੇਕ ਸਰੀਰ ਦੇ ਹਿਰਦੇ ਵਿਚ। ਚੀਨਾ-ਦੇਖਿਆ; ਪਛਾਣਿਆ। ਪੇਖੈ-ਦੇਖਦਾ ਹੈ। ਸਮ-ਇਕੋ ਜਿਹਾ; ਬਰਾਬਰ। ਦ੍ਰਿਸਟੇਤਾ-ਦਿਖਾਈ ਦਿੰਦਾ ਹੈ। ਲੇਪਾ-ਅਸਰ।੬।

ਨਿਰਧਨ ਕਉ ਧਨੁ ਤੇਰੋ ਨਾਉ ॥ ਨਿਥਾਵੇ ਕਉ ਨਾਉ ਤੇਰਾ ਥਾਉ ॥ ਨਿਮਾਨੇ ਕਉ ਪ੍ਰਭ ਤੇਰੋ ਮਾਨੁ ॥ ਸਗਲ ਘਟਾ ਕਉ ਦੇਵਹੁ ਦਾਨੁ ॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਅਪਨੀ ਗਤਿ ਮਿਤਿ ਜਾਨਹੁ ਆਪੇ ॥ ਆਪਨ ਸੰਗਿ ਆਪਿ ਪ੍ਰਭ ਰਾਤੇ ॥ ਤੁਮਰੀ ਉਸਤਤਿ ਤੁਮ ਤੇ ਹੋਇ ॥ ਨਾਨਕ ਅਵਰੁ ਨ ਜਾਨਸਿ ਕੋਇ ॥੭॥ (ਅਰਦਾਸ-ਹੇ ਪ੍ਰਭੂ!) ਧਨ ਤੋਂ ਹੀਣੇ ਪੁਰਖ ਦੇ ਲਈ ਤੇਰਾ ਨਾਉਂ ਹੀ ਧਨ ਹੈ। ਨਿਥਾਵੇਂ ਪੁਰਖ ਲਈ ਤੇਰਾ ਨਾਮ ਹੀ ਥਾਂ ਹੈ। ਹੇ ਪ੍ਰਭੂ! ਤੇਰਾ ਨਾਮ ਹੀ ਨਿਮਾਣੇ ਪੁਰਖ ਲਈ ਮਾਣ ਹੈ। (ਨਿਰਧਨ, ਨਿਥਾਵੇਂ ਜਾਂ ਨਿਮਾਣੇ ਲਈ ਹੀ ਨਹੀਂ, ਆਪ ਜੀ ਤਾਂ) ਸਾਰੇ ਜੀਵਾਂ ਨੂੰ ਦਾਨ ਦੇਂਦੇ ਹੋ। ਹੇ ਮਾਲਕ! (ਸਾਰੇ ਕੰਮਾਂ ਨੂੰ) ਕਰਨ ਵਾਲੇ ਤੇ ਕਰਾਉਣ ਵਾਲੇ (ਆਪ ਜੀ ਹੀ) ਹੋ। ਸਾਰੇ ਜੀਵਾਂ ਦੇ ਅੰਦਰ ਦੀ ਜਾਨਣ ਵਾਲੇ ਹੋ। ਅਪਣੇ ਗਿਆਨ ਦੀ ਹੱਦ ਆਪ ਹੀ ਜਾਣਦੇ ਹੋ; (ਤੁਸੀਂ) ਅਪਣੀ ਪ੍ਰਾਪਤੀ ਦੀ ਮਰਿਆਦਾ ਆਪ ਹੀ ਜਾਣਦੇ ਹੋ (ਟਕਸਾਲ)। ਹੇ ਪ੍ਰਭੂ! ਤੁਸੀਂ ਅਪਣੇ ਨਾਲ ਆਪ ਹੀ ਜੁੜੇ ਹੋਏ ਹੋ; (ਮਨੁੱਖ ਜੋ ਪ੍ਰਭੂ ਨਾਲ ਪਿਆਰ ਕਰਦਾ ਹੈ, ਉਸ ਵਿਚ ਮਨੁੱਖ ਦਾ ਅਪਣਾ ਕੁਛ ਨਹੀਂ। ਉਹ ਪਿਆਰ ਵੀ ਪ੍ਰਭੂ ਦਾ ਦਿਤਾ ਹੋਇਆ ਹੈ, ਇਸ ਲਈ ਮਨੁੱਖ ਨੇ ਕੀ ਪਿਆਰ ਕਰਨਾ ਹੈ?) ਪ੍ਰਭੂ ਅਪਣੇ ਨਾਲ ਆਪ ਹੀ ਪਿਆਰ ਕਰਦਾ ਹੈ (ਸ਼ਬਦਾਰਥ)। ਤੁਹਾਡੀ ਉਸਤਤੀ ਤੁਹਾਥੋਂ ਹੀ ਹੋ ਸਕਦੀ ਹੈ। ਨਾਨਕ ਗੁਰੂ ਜੀ ਆਖਦੇ ਹਨ, ਹੋਰ ਕੋਈ ਦੂਜਾ (ਆਪ ਜੀ ਦੀ ਉਸਤਤੀ ਕਰਨਾ) ਨਹੀਂ ਜਾਣਦਾ।੭।

ਪਦਾਰਥ = ਨਿਰਧਨ-ਧਨ ਹੀਣ (ਕੰਗਾਲ)। ਕਉ-ਨੂੰ; ਲਈ। ਨਿਥਾਵੇ-ਜਿਸ ਪਾਸ ਥਾਂ ਟਿਕਾਣਾ ਨਹੀਂ। ਥਾਉ-ਥਾਂ ਟਿਕਾਣਾ। ਨਿਮਾਨੇ-ਜਿਸ ਨੂੰ ਕਿਤੇ ਮਾਨ ਇੱਜਤ ਨਾ ਮਿਲੇ। ਮਾਨੁ-ਸਨਮਾਨ। ਘਟਾ ਕਉ-ਜੀਵਾਂ ਨੂੰ। ਦੇਵਹੁ-ਦੇਂਦੇ ਹੋ। ਗਤਿ-ਹਾਲਤ। ਮਿਤਿ-ਮਰਿਆਦਾ। ਗਤਿ ਮਿਤਿ-ਪ੍ਰਾਪਤੀ ਦੀ ਮਰਿਆਦਾ। ਰਾਤੇ-ਜੁੜੇ ਹੋ; ਪ੍ਰੀਤਵਾਨ। ਤੁਮ ਤੇ-ਤੇਰੇ ਤੋਂ। ਅਵਰੁ-ਹੋਰ ਦੂਜਾ।੭।

ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਸਗਲ ਕ੍ਰਿਆ ਮਹਿ ਊਤਮ ਕਿਰਿਆ ॥ ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥ ਸਗਲ ਉਦਮ ਮਹਿ ਉਦਮੁ ਭਲਾ ॥ ਹਰਿ ਕਾ ਨਾਮੁ ਜਪਹੁ ਜੀਅ ਸਦਾ ॥ ਸਗਲ ਬਾਨੀ ਮਹਿ ਅੰਮ੍ਰਿਤ ਬਾਨੀ ॥ ਹਰਿ ਕੋ ਜਸੁ ਸੁਨਿ ਰਸਨ ਬਖਾਨੀ ॥ ਸਗਲ ਥਾਨ ਤੇ ਓਹੁ ਊਤਮ ਥਾਨੁ ॥ ਨਾਨਕ ਜਿਹ ਘਟਿ ਵਸੈ ਹਰਿ ਨਾਮੁ ॥੮॥੩॥ (ਹੇ ਭਾਈ!) ਹਰੀ ਦਾ ਨਾਮ ਜਪਣਾ ਸਾਰੇ ਧਰਮਾਂ ਵਿਚੋਂ ਸ੍ਰੇਸਟ ਧਰਮ ਤੇ (ਸਾਰੇ ਸ਼ੁੱਭ ਕਰਮਾਂ ਵਿਚੋਂ) ਨਿਰਮਲ ਕਰਮ ਹੈ। (ਜਪ ਤਪ ਆਦਿ) ਸਾਰੇ ਕਰਮਾਂ ਵਿਚੋਂ ਉਤਮ ਕਰਮ (ਉਹ) ਹੈ। ਜੋ ਸਾਧ ਸੰਗਤ ਵਿਚ ਮਿਲ ਕੇ ਖੋਟੀ ਮੱਤ ਦੀ ਮੈਲ ਦੂਰ ਕੀਤੀ ਹੈ। (ਹੇ ਭਾਈ!) ਸਾਰੇ ਉਦਮਾਂ ਵਿਚੋਂ ਇਹ ਉਦਮ ਚੰਗਾ ਹੈ। ਕਿ ਹਿਰਦੇ ਵਿਚ ਸਦਾ ਹਰੀ ਦਾ ਨਾਮ ਜਪੋ। (ਉਹ) ਸਾਰੀਆਂ ਬਾਣੀਆਂ ਵਿਚੋਂ ਅੰਮ੍ਰਿਤ ਬਾਣੀ ਹੈ। (ਜੋ ਕੰਨਾਂ ਨਾਲ) ਹਰੀ ਦਾ ਜਸ ਸੁਣ ਕੇ ਰਸਨਾਂ ਨਾਲ ਉਚਾਰਨ ਕਰਨਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਰੇ ਅਸਥਾਨਾਂ ਵਿਚ ਉਹ ਉਤਮ (ਹਿਰਦਾ ਰੂਪ) ਅਸਥਾਨ ਹੈ, ਜਿਸ ਹਿਰਦੇ (ਅਸਥਾਨ) ਵਿਚ ਹਰੀ ਦਾ ਨਾਮ ਵਸਦਾ ਹੈ।੮।੩।

ਪਦਾਰਥ = ਸ੍ਰੇਸਟ-ਸਭ ਤੋਂ ਚੰਗਾ। ਨਿਰਮਲ-ਸ਼ੁੱਧ; ਪਵਿਤ੍ਰ। ਕ੍ਰਿਆ-ਕਰਮ। ਦੁਰਮਤਿ-ਖੋਟੀ ਮੱਤ। ਮਲੁ-ਮੈਲ। ਹਿਰਿਆ-ਦੂਰ ਕੀਤੀ ਹੈ। ਭਲਾ-ਚੰਗਾ। ਜੀਅ-ਹਿਰਦੇ ਵਿਚ। ਅੰਮ੍ਰਿਤ-ਅਮਰ ਕਰਨ ਵਾਲੀ। ਰਸਨ-ਜੀਭ। ਜਿਹ-ਜਿਸ। ਘਟਿ-ਹਿਰਦੇ ਵਿਚ।੮।੩।

ਸਲੋਕੁ ॥ ਨਿਰਗੁਨੀਆਰ ਇਆਨਿਆ, ਸੋ ਪ੍ਰਭੁ ਸਦਾ ਸਮਾਲਿ ॥ ਜਿਨਿ ਕੀਆ ਤਿਸੁ ਚੀਤਿ ਰਖੁ ,ਨਾਨਕ ਨਿਬਹੀ ਨਾਲਿ ॥੧॥ ਹੇ ਗੁਣਹੀਣ ਤੇ ਬੇਸਮਝ ਮਨੁੱਖ! (ਤੂੰ) ਉਸ ਪ੍ਰਭੂ ਨੂੰ ਸਦਾ ਯਾਦ ਕਰ। ਨਾਨਕ ਗੁਰੂ ਜੀ ਉਪਦੇਸ਼ ਦੇਂਦੇ ਹਨ ਕਿ ਜਿਸ ਨੇ (ਤੈਨੂੰ) ਪੈਦਾ ਕੀਤਾ ਹੈ, ਉਸ ਪ੍ਰਭੂ ਨੂੰ ਚਿਤ ਵਿਚ ਯਾਦ ਰੱਖ, (ਉਹ ਅੰਤ ਤਕ ਤੇਰੇ ਨਾਲ) ਨਿਭੇਗਾ ਭਾਵ ਸਹਾਇਤਾ ਕਰੇਗਾ।੧।

ਪਦਾਰਥ = ਨਿਰਗੁਨੀਆਰ-ਗੁਣ ਹੀਣ। ਇਆਨਿਆ-ਬੇ ਸਮਝ; ਅਣਜਾਣ। ਸੁ-ਉਸ ਨੂੰ। ਸਮਾਲਿ-ਯਾਦ ਕਰ। ਜਿਨਿ-ਜਿਸ ਨੇ। ਕੀਆ -ਪੈਦਾ ਕੀਤਾ। ਤਿਸੁ-ਉਸ (ਪ੍ਰਭੂ) ਨੂੰ। ਚੀਤਿ-ਚਿੱਤ ਵਿਚ। ਨਿਬਹੀ-ਨਿਭੇਗਾ (ਸਹਾਈ ਹੋਵੇਗਾ)। ਨਾਲਿ-ਸਾਥ।੧।

ਅਸਟਪਦੀ ॥ ਰਮਈਆ ਕੇ ਗੁਨ ਚੇਤਿ ਪਰਾਨੀ ॥ ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥ ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥ ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥ ਭਰਿ ਜੋਬਨ ਭੋਜਨ ਸੁਖ ਸੂਧ ॥ ਬਿਰਧਿ ਭਇਆ ਊਪਰਿ ਸਾਕ ਸੈਨ ॥ ਹੇ ਪ੍ਰਾਨੀ! (ਤੂੰ) ਵਿਆਪਕ ਪ੍ਰਭੂ ਦੇ ਗੁਣਾਂ ਨੂੰ ਯਾਦ ਕਰ। (ਜਿਸ ਪ੍ਰਭੂ ਨੇ) ਕਿਹੜੇ ਮੂਲ ਤੋਂ ਤੈਨੂੰ ਕੀ ਬਣਾ ਕੇ ਦਿਖਾ

All Rights Reserved by Harjinder Singh Gyani | www.GuruGranthVakhyaan.org

ਦਿਤਾ ਹੈ (ਮਾਂ ਦੀ ਰਕਤ ਤੇ ਪਿਤਾ ਦੇ ਬਿੰਦ ਤੋਂ ਕੈਸੀ ਸੁੰਦਰ ਦੇਹ ਬਣਾ ਦਿਖਾਈ ਹੈ)।ਜਿਸ ਪ੍ਰਭੂ ਨੇ ਤੈਨੂੰ ਸਾਜ ਕੇ (ਸੋਹਣੇ ਅੰਗਾਂ ਨਾਲ) ਸਵਾਰਿਆ ਤੇ ਸ਼ਿੰਗਾਰਿਆ ਹੈ।ਜਿਸ ਪ੍ਰਭੂ ਨੇ (ਤੈਨੂੰ ਮਾਤਾ ਦੇ) ਗਰਭ ਦੀ ਅੱਗ ਵਿਚ ਬਚਾਇਆ ਹੈ।ਬਾਲ ਅਵਸਥਾ ਵਿਚ (ਮਾਤਾ ਦੀ ਛਾਤੀ ਵਿਚੋਂ) ਤੈਨੂੰ ਦੁਧ ਪਿਲਾਉਂਦਾ ਰਿਹਾ ਹੈ।(ਫਿਰ ਤੈਨੂੰ) ਭਰ ਜੁਆਨੀ ਵਿਚ (ਭਾਂਤ ਭਾਂਤ ਦੇ) ਭੋਜਨ ਖਾਣ ਤੇ ਸੁੱਖ ਮਾਨਣ ਦੀ ਸੂਝ ਦਿਤੀ ਹੈ।(ਜਦ ਤੂੰ) ਬੁੱਢਾ ਹੋਇਆ ਤਾਂ ਸਾਕ ਤੇ ਮਿਤ੍ਰ (ਸੇਵਾ ਵਾਸਤੇ ਤੇਰੇ) ਉਪਰ ਖੜ੍ਹੇ ਕਰ ਦਿਤੇ ਹਨ।

ਅੰਗ ੨੬੭ = ਮੁਖਿ ਅਪਿਆਉ ਬੈਠ ਕਉ ਦੈਨ ॥ ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ ॥ ਬਖਸਿ ਲੇਹੁ ਤਉ ਨਾਨਕ ਸੀਝੈ ॥੧॥ (ਜੋ ਤੈਨੂੰ) ਬੈਠੇ ਨੂੰ ਮੂੰਹ ਵਿਚ ਭੋਜਨ ਦੇਂਦੇ ਹਨ (ਮੰਜੇ ਤੇ ਬੈਠੇ ਦੀ ਸੇਵਾ ਕਰਦੇ ਹਨ।ਪਰ) ਇਹ ਗੁਣਹੀਣ ਮਨੁੱਖ ਪ੍ਰਭੂ ਦੇ ਉਪਕਾਰ ਨੂੰ ਕੁਛ ਵੀ ਨਹੀਂ ਸਮਝਦਾ।ਨਾਨਕ ਗੁਰੂ ਜੀ ਆਖਦੇ ਹਨ,(ਹੇ ਪ੍ਰਭੂ ! ਜੇ ਤੁਸੀਂ ਇਸ ਨੂੰ) ਬਖਸ਼ ਲਵੋ, ਤਾਂ ਮੁਕਤ ਹੋ ਜਾਵੇ।੧।

ਪਦਾਰਥ = ਰਮਈਆ–ਸਭ ਜੀਵਾਂ ਵਿਚ ਰਮਿਆ ਪ੍ਰਭੂ।ਚੇਤਿ–ਯਾਦ ਕਰ।ਪਰਾਨੀ–ਹੇ ਪ੍ਰਾਣਧਾਰੀ ਜੀਵ !।ਕਵਨ–ਕਿਹੜਾ; ਕੀ।ਮੂਲ–ਮੁਢ।ਤੇ–ਤੋਂ।ਦ੍ਰਿਸਟਾਨੀ–ਦਿਖਾ ਦਿਤਾ।ਜਿਨਿ–ਜਿਸ ਨੇ।ਸਾਜਿ–ਪੈਦਾ ਕਰਕੇ।ਸਵਾਰਿ–ਸਜਾ ਕੇ।ਸੀਗਾਰਿਆ–ਸ਼ਿੰਗਾਰਿਆ ਹੈ।ਗਰਭ –ਮਾਂ ਦਾ ਪੇਟ।ਜਿਨਹਿ–ਜਿਸ ਨੇ।ਉਬਾਰਿਆ–ਬਚਾਇਆ।ਬਾਰ–ਬਾਲਕ।ਬਿਵਸਥਾ–ਅਵਸਥਾ; ਉਮਰ।ਪਿਆਰੈ–ਪਿਲਾਉਂਦਾ ਹੈ। ਭਰਿ ਜੋਬਨ–ਪੂਰਨ ਜੁਆਨੀ ਵੇਲੇ।ਸੂਧ–ਸੂਝ।ਬਿਰਧ–ਬੁੱਢਾ।ਭਇਆ–ਹੋਇਆ।ਊਪਰਿ–ਉਤੇ (ਸੇਵਾ ਵਾਸਤੇ)।ਸਾਕ–ਰਿਸ਼ਤੇਦਾਰ ਨੇੜੇ ਦੇ।ਸੈਨ–ਮਿੱਤ੍ਰ; ਸਾਥੀ।ਮੁਖਿ–ਮੂੰਹ ਵਿਚ।ਅਪਿਆਉ–ਭੋਜਨ।ਬੈਠ ਕਉ–ਬੈਠੇ ਨੂੰ।ਦੈਨ–ਦੇਂਦੇ ਹਨ।ਗੁਨੁ–ਉਪਕਾਰ।ਬਖਸਿ ਲੇਹੁ –ਔਗੁਣ ਬਖਸ ਲਵੋ।ਤਉ–ਤਾਂ; ਤਦ।ਸੀਝੈ–ਮੁਕਤ ਹੋਵੇ; ਜੀਵਨ ਮਨੋਰਥ ਵਿਚ ਸਫਲ ਹੋਵੇ।੧।

ਵਿਆਖਿਆ = ਪਿਛਲੀਆਂ ਤਿੰਨ ਅਸਟਪਦੀਆਂ ਵਿਚ ਹਰੀ ਨਾਮ ਦੀ ਮਹਿਮਾਂ ਭਿੰਨ ਭਿੰਨ ਪਾਸਿਆਂ ਤੋਂ ਦਸੀ ਸੀ।ਹੁਣ ਨਾਮ ਪ੍ਰਾਪਤੀ ਦੇ ਰਸਤੇ ਵਿਚ ਜੋ ਔਕੜਾਂ ਹਨ, ਉਹ ਦਸਦੇ ਹਨ।ਪਹਿਲਾਂ ਤਾਂ ਮਨੁੱਖ ਅਪਣੇ ਆਪ ਵਿਚ ਕਿਸੇ ਜੋਗਾ ਨਹੀਂ।ਗੁਰੂ ਜੀ ਪ੍ਰਭੂ ਨੂੰ ਅਪਣੀ ਮੇਹਰ ਦੁਆਰਾ ਮਨੁੱਖ ਨੂੰ ਬਚਾ ਲੈਣ ਦੀ ਅਰਦਾਸ ਕਰਦੇ ਹਨ।ਇਸ ਅਸਟਪਦੀ ਵਿਚ ਗੁਰੂ ਜੀ ਵਿਚੋਲੇ ਦੇ ਰੂਪ ਵਿਚ ਧਰਤੀ ਅਸਮਾਨ ਦੇ ਵਿਚਕਾਰ ਖੜੇ ਮਲੂਮ ਹੁੰਦੇ ਹਨ।ਹਰ ਇਕ ਪਉੜੀ ਵਿਚ ਪਹਿਲਾਂ ਮਨੁੱਖ ਨੂੰ ਰੱਬ ਦੀਆਂ ਦਾਤਾਂ ਵਲ ਇਸ਼ਾਰਾ ਕਰਕੇ ਸਮਝਾਉਂਦੇ ਹਨ, ਪਰ ਉਸ ਨੂੰ ਨਕਾਰਾ ਦੇਖ ਕੇ ਵਾਹਿਗੁਰੂ ਅੱਗੇ ਬਖਸ਼ਿਸ਼ ਲਈ ਅਰਦਾਸ ਕਰਦੇ ਹਨ (ਸ਼ਬਦਾਰਥ)।

ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ ॥ ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ ॥ ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ ॥ ਸੁਖਦਾਈ ਪਵਨੁ ਪਾਵਕੁ ਅਮੁਲਾ ॥ ਜਿਹ ਪ੍ਰਸਾਦਿ ਭੋਗਹਿ ਸਭਿ ਰਸਾ ॥ ਸਗਲ ਸਮਗ੍ਰੀ ਸੰਗਿ ਸਾਥਿ ਬਸਾ ॥ ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ ॥ ਐਸੇ ਦੋਖ ਮੂੜ ਅੰਧ ਬਿਆਪੇ ॥ ਨਾਨਕ ਕਾਢਿ ਲੇਹੁ ਪ੍ਰਭ ਆਪੇ ॥੨॥ (ਹੇ ਜੀਵ ! ਤੂੰ) ਜਿਸ (ਪ੍ਰਭੂ) ਦੀ ਕ੍ਰਿਪਾ ਨਾਲ ਧਰਤੀ ਉਪਰ ਸੁਖ ਨਾਲ ਵਸਦਾ ਹੈਂ।ਪੁਤ੍ਰਾਂ ਭਰਾਵਾਂ ਮਿਤ੍ਰਾਂ ਅਤੇ ਇਸਤ੍ਰੀ ਨਾਲ ਹਸਦਾ ਖੇਡਦਾ ਹੈਂ। ਜਿਸ ਪ੍ਰਭੂ ਦੀ ਕ੍ਰਿਪਾ ਨਾਲ ਠੰਢਾ ਜਲ ਪੀਂਦਾ ਹੈਂ।ਅਤੇ ਬਿਨਾ ਮੁੱਲ ਦੇਣ ਤੋਂ ਸੁਖ ਦੇਣ ਵਾਲੀ ਹਵਾ ਤੇ ਅੱਗ ਮਿਲ ਰਹੀ ਹੈ।ਜਿਸ ਪ੍ਰਭੂ ਦੀ ਕ੍ਰਿਪਾ ਨਾਲ (ਤੂੰ) ਸਾਰੇ ਰਸ ਭੋਗਦਾ ਹੈਂ।ਸਾਰੇ ਲੋੜੀਂਦੇ ਪਦਾਰਥਾਂ ਦੇ ਸੰਗ ਨਾਲ ਬਸ ਰਿਹਾ ਹੈਂ।(ਜਿਸ ਪ੍ਰਭੂ ਨੇ ਤੈਨੂੰ) ਹੱਥ ਪੈਰ ਕੰਨ ਅੱਖਾਂ ਤੇ ਜੀਭ ਆਦਿ ਅੰਗ ਦਿਤੇ ਹਨ।ਉਸ ਨੂੰ ਛਡ ਕੇ ਹੋਰਨਾਂ ਨਾਲ ਰਚਿਆ ਹੋਇਆ ਹੈਂ।ਐਸੇ ਦੋਸ਼ ਮੂਰਖ ਅੰਨ੍ਹੇ ਜੀਵਾਂ ਨੂੰ ਲੱਗੇ ਹੋਏ ਹਨ।ਨਾਨਕ ਦੀ ਅਰਦਾਸ ਹੈ, ਹੇ ਪ੍ਰਭੂ ! ਆਪ ਹੀ (ਕ੍ਰਿਪਾ ਕਰ ਕੇ ਇਨ੍ਹਾਂ ਜੀਵਾਂ ਨੂੰ ਔਗੁਣਾਂ ਵਿਚੋਂ) ਕੱਢ ਲਵੋ।੨।

ਪਦਾਰਥ = ਜਿਹ–ਜਿਸ ਦੀ।ਪ੍ਰਸਾਦਿ–ਕ੍ਰਿਪਾ ਨਾਲ।ਧਰ–ਧਰਤੀ।ਸੁਖਿ–ਸੁਖ ਨਾਲ।ਸੁਤ–ਪੁਤ੍ਰ।ਭ੍ਰਾਤ–ਭਰਾ।ਬਨਿਤਾ–ਇਸਤ੍ਰੀ। ਹਸਹਿ–ਹਸਦਾ ਹੈਂ (ਖੁਸ਼ੀਆਂ ਮਾਣਦਾ ਹੈਂ)।ਸੀਤਲ–ਠੰਢਾ।ਪਵਨੁ–ਹਵਾ।ਪਾਵਕੁ–ਅੱਗ।ਅਮੁਲਾ–ਮੁੱਲ ਦਿਤੇ ਬਿਨਾ ਭਾਵ ਮੁਫਤ ਵਿਚ। ਸਮਗ੍ਰੀ–ਲੋੜੀਂਦੇ ਪਦਾਰਥ।ਹਸਤ–ਹੱਥ।ਪਾਵ–ਪੈਰ।ਕਰਨ–ਕੰਨ।ਨੇਤ੍ਰ–ਅੱਖਾਂ।ਰਸਨਾ–ਜੀਭ।ਤਿਸਹਿ–ਉਸ ਨੂੰ।ਤਿਆਗਿ–ਛਡ ਕੇ। ਰਚਨਾ–ਰੁੱਝਿਆ ਹੋਇਆ ਹੈਂ; ਮਗਨ ਹੈਂ।ਦੋਖ–ਦੋਸ਼; ਮੰਦੇ ਕਰਮ।ਮੂੜ–ਮੂਰਖ।ਅੰਧ–ਅੰਨ੍ਹੇ ਜੀਵ।ਬਿਆਪੇ–ਲੱਗੇ ਹਨ।੨।

ਆਦਿ ਅੰਤਿ ਜੋ ਰਾਖਨਹਾਰੁ ॥ ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ ॥ ਜਾ ਕੀ ਸੇਵਾ ਨਵ ਨਿਧਿ ਪਾਵੈ ॥ ਤਾ ਸਿਉ ਮੂੜਾ ਮਨੁ ਨਹੀ ਲਾਵੈ ॥ ਜੋ ਠਾਕੁਰੁ ਸਦ ਸਦਾ ਹਜੂਰੇ ॥ ਤਾ ਕਉ ਅੰਧਾ ਜਾਨਤ ਦੂਰੇ ॥ ਜਾ ਕੀ ਟਹਲ ਪਾਵੈ ਦਰਗਹ ਮਾਨੁ ॥ ਤਿਸਹਿ ਬਿਸਾਰੈ ਮੁਗਧੁ ਅਜਾਨੁ ॥ ਸਦਾ ਸਦਾ ਇਹੁ ਭੂਲਨਹਾਰੁ ॥ ਨਾਨਕ ਰਾਖਨਹਾਰੁ ਅਪਾਰੁ ॥੩॥ ਜੋ (ਪ੍ਰਭੂ ਜੀਵ ਦੇ) ਆਦਿ (ਜਨਮ ਤੋਂ) ਅੰਤ (ਮਰਣ) ਤਕ ਰੱਖਿਆ ਕਰਨ ਵਾਲਾ ਹੈ।ਉਸ ਨਾਲ (ਇਹ) ਮੂਰਖ ਪ੍ਰੇਮ ਨਹੀਂ ਕਰਦਾ।ਜਿਸ (ਪ੍ਰਭੂ) ਦੀ ਸੇਵਾ ਕਰਨ ਨਾਲ ਇਹ ਨੌਂ ਨਿਧੀਆਂ ਪ੍ਰਾਪਤ ਕਰ ਸਕਦਾ ਹੈ।(ਇਹ) ਮੂਰਖ ਮਨੁੱਖ ਉਸ ਨਾਲ ਮਨ ਨਹੀਂ ਜੋੜਦਾ।ਜਿਹੜਾ ਮਾਲਕ ਪ੍ਰਭੂ ਸਦਾ ਹੀ ਹਾਜਰ ਨਾਜਰ (ਅੰਗ ਸੰਗ) ਹੈ।ਉਸ ਨੂੰ (ਇਹ) ਅੰਨ੍ਹਾ ਮਨੁੱਖ ਦੂਰ ਜਾਣਦਾ ਹੈ।ਜਿਸ ਪ੍ਰਭੂ ਦੀ ਸੇਵਾ ਕਰਕੇ (ਇਹ) ਦਰਗਾਹ ਵਿਚ ਸਨਮਾਨ ਪਾ ਸਕਦਾ ਹੈ ।ਉਸ ਨੂੰ ਮੂਰਖ ਤੇ ਅਣਜਾਣ ਮਨੁੱਖ (ਮਨੋਂ) ਭੁਲਾ ਦਿੰਦਾ ਹੈ।ਇਹ ਜੀਵ ਸਦਾ ਸਦਾ ਭੁੱਲਣ ਵਾਲਾ ਹੈ।ਨਾਨਕ ਗੁਰੂ ਜੀ ਆਖਦੇ ਹਨ

All Rights Reserved by Harjinder Singh Gyani | www.GuruGranthVakhyaan.org

ਕਿ ਬੇਅੰਤ ਪ੍ਰਭੂ (ਭੁੱਲਣ ਵਾਲੇ ਜੀਵ ਦੀ) ਰੱਖਿਆ ਕਰਨ ਵਾਲਾ ਹੈ (ਸ਼ਰਣ ਵਿਚ ਆਏ ਮਨੁੱਖ ਦੇ ਔਗੁਣ ਨਹੀਂ ਦੇਖਦਾ)।੩।

ਪਦਾਰਥ = ਆਦਿ–ਮੁੱਢ (ਮਾਂ ਦੇ ਗਰਭ ਵਿਚ ਪੈਣ ਦੇ ਸਮੇਂ) ਤੋਂ।ਅੰਤਿ–ਅਖੀਰ (ਮਰਨ) ਤਕ।ਗਵਾਰੁ–ਮੂਰਖ।ਜਾ ਕੀ–ਜਿਸ ਦੀ।ਨਵ ਨਿਧਿ–ਨੌਂ ਨਿਧੀਆਂ (ਦੁਨੀਆਂ ਦੇ ਸਾਰੇ ਖਜਾਨੇ)।ਤਾ ਸਿਉ–ਉਸ ਨਾਲ।ਮੂੜਾ–ਮੂਰਖ।ਤਾ ਕਉ–ਉਸ ਨੂੰ।ਅੰਧਾ–ਅੰਨ੍ਹਾ (ਅਗਿਆਨੀ)।ਮਾਨੁ–ਇੱਜਤ।ਤਿਸਹਿ–ਉਸ ਨੂੰ।ਮੁਗਧੁ–ਮੂਰਖ।ਅਜਾਨੁ–ਅਣਜਾਣ।ਅਪਾਰੁ–ਬੇਅੰਤ ਪ੍ਰਭੂ।੩।

ਰਤਨੁ ਤਿਆਗਿ ਕਉਡੀ ਸੰਗਿ ਰਚੈ ॥ ਸਾਚੁ ਛੋਡਿ ਝੂਠ ਸੰਗਿ ਮਚੈ ॥ ਜੋ ਛਡਨਾ ਸੋ ਅਸਥਿਰੁ ਕਰਿ ਮਾਨੈ ॥ ਜੋ ਹੋਵਨੁ ਸੋ ਦੂਰਿ ਪਰਾਨੈ ॥ ਛੋਡਿ ਜਾਇ ਤਿਸ ਕਾ ਸ੍ਰਮੁ ਕਰੈ ॥ ਸੰਗਿ ਸਹਾਈ ਤਿਸੁ ਪਰਹਰੈ ॥ ਚੰਦਨ ਲੇਪੁ ਉਤਾਰੈ ਧੋਇ ॥ ਗਰਧਭ ਪ੍ਰੀਤਿ ਭਸਮ ਸੰਗਿ ਹੋਇ ॥ ਅੰਧ ਕੂਪ ਮਹਿ ਪਤਿਤ ਬਿਕਰਾਲ ॥ ਨਾਨਕ ਕਾਢਿ ਲੇਹੁ ਪ੍ਰਭ ਦਇਆਲ ॥੪॥ (ਮੂਰਖ ਮਨੁੱਖ) ਨਾਮ ਰੂਪ ਰਤਨ ਨੂੰ ਛਡ ਕੇ ਕੌਡੀ (ਸਮਾਨ ਤੁੱਛ) ਮਾਇਆ ਨਾਲ ਰਚਿਆ ਹੋਇਆ ਹੈ।ਸੱਚੇ ਨਾਮ ਨੂੰ ਛਡ ਕੇ ਝੂਠੇ ਪਦਾਰਥਾਂ ਨਾਲ (ਮਿਲ ਕੇ) ਖੁਸ਼ ਹੁੰਦਾ ਹੈ।ਜਿਹੜਾ ਸਰੀਰ ਛਡ ਦੇਣਾ ਹੈ, ਉਸ ਨੂੰ ਸਦਾ ਥਿਰ (ਮਰਣ ਰਹਿਤ) ਮੰਨਦਾ ਹੈ; ਜੋ ਮਾਇਆ ਛਡ ਜਾਣੀ ਹੈ, ਉਸ ਨੂੰ ਅਟੱਲ ਮੰਨਦਾ ਹੈ।ਜੋ ਹੋਣਾ ਹੈ (ਹੋਣਹਾਰ ਮੌਤ ਹੈ, ਜਿਸ ਨੇ ਹੋ ਕੇ ਰਹਿਣਾ ਹੈ), ਉਸ ਨੂੰ ਦੂਰ ਦੀ ਗੱਲ ਜਾਣਦਾ ਹੈ।(ਜੋ ਧਨ ਪਦਾਰਥ ਇਥੇ ਹੀ) ਛਡ ਕੇ ਚਲੇ ਜਾਣਾ ਹੈ, ਉਸ ਦੇ ਵਾਸਤੇ ਮੇਹਨਤ ਕਰਦਾ ਹੈ; ਕਸ਼ਟ ਸਹਿੰਦਾ ਹੈ।(ਜੋ ਪ੍ਰਭੂ ਸਦਾ) ਨਾਲ ਹੈ ਤੇ ਸਹਾਇਤਾ ਕਰਨ ਵਾਲਾ ਹੈ, ਉਸ ਨੂੰ ਛਡ ਦਿੰਦਾ ਹੈ।ਗਧੇ ਦੀ ਪ੍ਰੀਤ ਸੁਆਹ ਨਾਲ ਹੁੰਦੀ ਹੈ।(ਜੇ ਉਸ ਉਪਰ) ਚੰਦਨ ਦਾ ਲੇਪ ਕਰ ਦੇਈਏ, (ਤਾਂ ਉਹ ਮਿੱਟੀ ਵਿਚ ਲੇਟ ਕੇ ਚੰਦਨ ਦੇ ਲੇਪ ਨੂੰ) ਧੋ ਉਤਾਰਦਾ ਹੈ ਭਾਵ ਮਨਮੁਖ ਸਤ ਸੰਗ ਜਾਂ ਨਾਮ ਸਿਮਰਨ ਨਾਲੋਂ ਕੁਸੰਗ ਜਾਂ ਵਿਸ਼ਿਆਂ ਵਿਚ ਮਸਤ ਰਹਿੰਦਾ ਹੈ।(ਮਨੁੱਖ ਸੰਸਾਰ ਰੂਪ) ਭਿਆਨਕ ਹਨ੍ਹੇਰੇ ਖੂਹ ਵਿਚ ਡਿਗਿਆ ਪਿਆ ਹੈ।ਨਾਨਕ ਗੁਰੂ ਜੀ ਅਰਦਾਸ ਕਰਦੇ ਹਨ, ਹੇ ਦਇਆ ਕਰਨ ਵਾਲੇ ਪ੍ਰਭੂ ! (ਮਨੁੱਖ ਨੂੰ ਸੰਸਾਰ ਰੂਪ ਹਨ੍ਹੇਰੇ ਖੂਹ ਵਿਚੋਂ) ਕੱਢ ਲਵੋ।੪।

ਪਦਾਰਥ = ਰਤਨੁ–ਨਾਮ ਰੂਪ ਰਤਨ।ਕਉਡੀ–ਮਾਇਆ ਰੂਪ ਕੌਡੀ।ਰਚੈ–ਮਸਤ ਹੈ; ਮਿਲਿਆ ਹੈ।ਮਚੈ–ਖੁਸ਼ ਹੁੰਦਾ ਹੈ।ਅਸਥਿਰੁ–ਸਦਾ ਕਾਇਮ ਰਹਿਣ ਵਾਲਾ।ਮਾਨੈ–ਮੰਨਦਾ (ਜਾਣਦਾ) ਹੈ।ਹੋਵਨੁ–ਹੋਣ ਹਾਰ (ਹੋਣ ਵਾਲਾ) ਹੈ।ਪਰਾਨੈ–ਜਾਣਦਾ ਹੈ।ਤਿਸ ਕਾ–ਉਸ ਦਾ।ਸ੍ਰਮ–ਪ੍ਰੀਸ਼ਰਮ; ਮੇਹਨਤ; ਕਸ਼ਟ।ਸਹਾਈ–ਸਹਾਇਤਾ ਕਰਨ ਵਾਲਾ।ਪਰਹਰੈ–ਛਡ ਦੇਂਦਾ ਹੈ।ਉਤਾਰੈ–ਲਾਹ ਦੇਂਦਾ ਹੈ।ਗਰਧਭ–ਗਧਾ।ਭਸਮ–ਸੁਆਹ।ਅੰਧ ਕੂਪ–ਹਨ੍ਹੇਰਾ ਖੂਹ (ਸੰਸਾਰ)।ਪਤਿਤ–ਡਿਗਿਆ ਹੈ।ਬਿਕਰਾਲ–ਭਿਆਨਕ।੪।

ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥ ਬਾਹਰਿ ਭੇਖ ਅੰਤਰਿ ਮਲੁ ਮਾਇਆ ॥ ਛਪਸਿ ਨਾਹਿ ਕਛੁ ਕਰੈ ਛਪਾਇਆ ॥ ਬਾਹਰਿ ਗਿਆਨ ਧਿਆਨ ਇਸਨਾਨ ॥ ਅੰਤਰਿ ਬਿਆਪੈ ਲੋਭੁ ਸੁਆਨੁ ॥ ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥ ਗਲਿ ਪਾਥਰ ਕੈਸੇ ਤਰੈ ਅਥਾਹ ॥ ਜਾ ਕੈ ਅੰਤਰਿ ਬਸੈ ਪ੍ਰਭੁ ਆਪਿ ॥ ਨਾਨਕ ਤੇ ਜਨ ਸਹਜਿ ਸਮਾਤਿ ॥੫॥ (ਇਸ ਦੀ) ਜਾਤ ਤਾਂ ਮਨੁੱਖ ਹੈ (ਮਨੁੱਖ ਸ਼ਰੇਣੀ ਵਿਚੋਂ ਹੈ, ਪਰ) ਕੰਮ ਪਸ਼ੂਆਂ ਵਾਲੇ ਹਨ।ਦਿਨ ਰਾਤ ਲੋਕਾਂ ਨੂੰ ਪਰਚਾਉਣ ਵਾਲੇ ਕੰਮ ਕਰਦਾ ਹੈ; ਲੋਕਾਂ ਦੀ ਉਤੋਂ ਉਤੋਂ ਤਸੱਲੀ ਕਰਦਾ ਫਿਰਦਾ ਹੈ (ਸ਼ਬਦਾਰਥ)।ਬਾਹਰ ਸਾਧੂਆਂ ਵਾਲਾ ਭੇਖ ਪਹਿਨਿਆ ਹੈ, (ਪਰ ਮਨ ਦੇ) ਅੰਦਰ ਮਾਇਆ ਦੀ ਮੈਲ ਹੈ।(ਭਾਵੇਂ ਕਿਤਨਾ ਵੀ ਛੁਪਾਉ ਕਰੇ, ਪਰ ਰੱਬ ਜਾਂ ਲੋਕਾਂ ਤੋਂ) ਛੁਪਾਇਆ ਹੋਇਆ ਕੁਛ ਵੀ ਛੁਪ ਨਹੀਂ ਸਕਦਾ (ਅੰਤ ਸਭ ਕੁਛ ਪ੍ਰਗਟ ਹੋ ਹੀ ਜਾਂਦਾ ਹੈ।ਦਿਖਾਵੇ ਮਾਤ੍ਰ) ਬਾਹਰੋਂ ਤਾਂ ਗਿਆਨ ਦੀਆਂ ਗੱਲਾਂ ਕਰਦਾ ਹੈ, ਧਿਆਨ ਲਾਉਂਦਾ ਹੈ ਤੇ ਤੀਰਥ ਇਸ਼ਨਾਨ ਕਰਦਾ ਹੈ।(ਪਰ ਮਨ ਦੇ) ਅੰਦਰ ਲੋਭ ਰੂਪ ਕੁੱਤਾ ਬਿਆਪ ਰਿਹਾ (ਚਿੰਬੜਿਆ) ਹੈ।(ਮਨ ਦੇ) ਅੰਦਰ ਤ੍ਰਿਸ਼ਨਾ ਦੀ ਅੱਗ ਹੈ ਤੇ ਬਾਹਰ ਸਰੀਰ ਨੂੰ ਸੁਆਹ (ਮਲੀ ਹੋਈ) ਹੈ।(ਲੋਕ ਦਿਖਾਵਾ, ਮਾਇਆ ਦਾ ਲੋਭ ਤੇ ਤ੍ਰਿਸ਼ਨਾ ਰੂਪ) ਪੱਥਰ ਮਨ ਰੂਪ ਗਲ ਨਾਲ ਬੰਨ੍ਹ ਕੇ (ਇਹ ਮਨੁੱਖ) ਅਥਾਹ ਸੰਸਾਰ ਰੂਪ ਸਮੁੰਦਰ ਨੂੰ ਕਿਸ ਤਰ੍ਹਾਂ ਤਰ ਸਕਦਾ ਹੈ? ਭਾਵ ਨਹੀਂ ਤਰ ਸਕਦਾ।ਨਾਨਕ ਗੁਰੂ ਜੀ ਆਖਦੇ ਹਨ, ਜਿਸ ਪੁਰਖ ਦੇ ਹਿਰਦੇ ਅੰਦਰ ਪ੍ਰਭੂ ਆਪ ਵਸਦਾ ਹੈ, (ਇਹੋ ਜਿਹੇ) ਉਹ ਪੁਰਖ ਸਹਿਜੇ ਹੀ (ਪ੍ਰਭੂ ਵਿਚ) ਸਮਾ ਜਾਂਦੇ ਹਨ।੫।

ਪਦਾਰਥ = ਕਰਤੂਤਿ–ਕੰਮ।ਮਾਨਸ–ਮਨੁੱਖ।ਜਾਤਿ–ਜਾਤ; ਸ਼੍ਰੇਣੀ।ਲੋਕ ਪਚਾਰਾ–ਲੋਕ ਪਰਚਾਵਾ; ਲੋਕ ਦਿਖਾਵਾ।ਅੰਤਰਿ–ਮਨ ਵਿਚ।ਸੁਆਨੁ–ਕੁੱਤਾ।ਅਥਾਹ–ਬੇਅੰਤ ਡੂੰਘਾ।ਜਾ ਕੈ–ਜਿਸ ਦੇ।ਤੇ ਜਨ–ਉਹ ਪੁਰਖ।ਸਹਜਿ–ਸੌਖੇ ਹੀ।ਸਮਾਤਿ–ਸਮਾ ਜਾਂਦਾ ਹੈ।੫।

ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥ ਕਰੁ ਗਹਿ ਲੇਹੁ ਓੜਿ ਨਿਬਹਾਵੈ ॥ ਕਹਾ ਬੁਝਾਰਤਿ ਬੂਝੈ ਡੋਰਾ ॥ ਨਿਸਿ ਕਹੀਐ ਤਉ ਸਮਝੈ ਭੋਰਾ ॥ ਕਹਾ ਬਿਸਨਪਦ ਗਾਵੈ ਗੁੰਗ ॥ ਜਤਨ ਕਰੈ ਤਉ ਭੀ ਸੁਰ ਭੰਗ ॥ ਕਹ ਪਿੰਗੁਲ ਪਰਬਤ ਪਰ ਭਵਨ ॥ ਨਹੀ ਹੋਤ ਊਹਾ ਉਸੁ ਗਵਨ ॥ ਕਰਤਾਰ ਕਰੁਣਾਮੈ ਦੀਨੁ ਬੇਨਤੀ ਕਰੈ ॥ ਨਾਨਕ ਤੁਮਰੀ ਕਿਰਪਾ ਤਰੈ ॥੬॥ (ਅੱਖਾਂ ਤੋਂ) ਅੰਨ੍ਹਾ ਪੁਰਖ (ਦੂਜੇ ਮਨੁੱਖ ਤੋਂ ਪੁਛਿਆ ਰਸਤਾ) ਸੁਣ ਕੇ ਕਿਸ ਤਰ੍ਹਾਂ ਰਸਤਾ ਪਾ (ਲੱਭ) ਸਕਦਾ ਹੈ? (ਜੇ ਅੰਨ੍ਹੇ ਦਾ) ਹੱਥ ਫੜ ਲਵੋ, ਤਾਂ ਅੰਤ (ਅਪਣੀ ਜਗ੍ਹਾ ਤੇ) ਪੁਜ ਜਾਵੇਗਾ।(ਕੰਨਾਂ ਤੋਂ) ਬੋਲਾ ਮਨੁੱਖ ਬੁਝਾਰਤ ਕਿਵੇਂ ਬੁਝ ਸਕਦਾ ਹੈ? (ਜੇ ਉਸ ਨੂੰ) ਕਹੀਏ ਕਿ ਰਾਤ ਹੈ ਤਾਂ (ਉਹ) ਦਿਨ ਸਮਝਦਾ ਹੈ (ਕਿਉਂਕਿ

ਉਹ ਸੁਣ ਨਹੀਂ ਸਕਦਾ)।ਗੂੰਗਾ ਮਨੁੱਖ ਬਿਸ਼ਨਪਦੇ ਕਿਵੇਂ ਗਾ ਸਕਦਾ ਹੈ? (ਜੇ ਉਹ ਗਾਉਣ ਦਾ) ਜਤਨ ਕਰੇ ਵੀ, ਤਾਂ ਵੀ ਸੁਰ ਟੁੱਟ ਜਾਵੇਗੀ (ਚੀਕ ਜਿਹੀ ਹੀ ਮਾਰੇਗਾ)।ਪਿੰਗਲਾ ਮਨੁੱਖ ਪਹਾੜ ਉਪਰ ਕਿਵੇਂ ਘਰ ਬਣਾ ਸਕਦਾ ਹੈ; ਪਹਾੜ ਉਤੇ ਕਿਵੇਂ ਘੁੰਮ ਫਿਰ ਸਕਦਾ ਹੈ? ਉਸ ਦਾ ਉਥੇ ਜਾਣਾ ਨਹੀਂ ਹੋ ਸਕਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਕਿਰਪਾ ਸਰੂਪ ਕਰਤਾਰ! ਇਹ ਨਿਮਾਣਾ (ਮਨੁੱਖ ਆਪ ਜੀ ਅੱਗੇ) ਬੇਨਤੀ ਕਰਦਾ ਹੈ, ਕਿ ਤੁਹਾਡੀ ਕਿਰਪਾ ਨਾਲ ਹੀ (ਇਹ ਮਨੁੱਖ ਸੰਸਾਰ ਸਮੁੰਦਰ ਤੋਂ) ਤਰ ਸਕਦਾ ਹੈ।੬।

ਅੰਤ੍ਰੀਵ ਭਾਵ = ਗਿਆਨ ਬਿਬੇਕ ਦੀਆਂ ਅੱਖਾਂ ਤੋਂ ਅੰਨ੍ਹਾ ਪੁਰਖ ਨਿਰਾ ਧਰਮ ਗ੍ਰੰਥਾਂ ਦਾ ਉਪਦੇਸ਼ ਸੁਣ ਕੇ ਪ੍ਰਮਾਰਥ ਦੇ ਰਸਤੇ ਤੇ ਕਿਵੇਂ ਚਲ ਸਕਦਾ ਹੈ? {ਅੰਧਾ ਸੋਇ ਜਿ ਅੰਧੁ ਕਮਾਵੈ, ਤਿਸੁ ਰਿਦੈ ਸਿ ਲੋਚਨ ਨਾਹੀ ੧੨੮੯} ਗੁਰੂ ਜੀ ਇਸ ਦਾ ਮਨ ਰੂਪ ਹੱਥ ਫੜ ਲੈਣ ਤਾਂ ਪ੍ਰਭੂ ਦੇ ਚਰਨਾਂ ਤਕ ਅੱਪੜ ਸਕਦਾ ਹੈ।ਸ਼ਰਧਾ ਤੇ ਵਿਚਾਰ ਰੂਪ ਕੰਨਾਂ ਤੋਂ ਬੋਲਾ ਮਨੁੱਖ, ਗੁਰੂ ਦੀ ਸਿਖਿਆ ਕਿਥੇ ਸਮਝਦਾ ਹੈ? ਜੇ ਕਹੀਏ ਅਵਿਦਿਆ ਰੂਪ ਰਾਤ ਹੈ, ਤਾਂ ਉਹ ਸਮਝਦਾ ਹੈ ਗਿਆਨ ਰੂਪ ਦਿਨ ਚੜ੍ਹਿਆ ਹੈ (ਉਲਟ ਸਮਝਦਾ ਹੈ) {ਬੇਦ ਸਾਸਤ੍ਰ ਜਨ ਪੁਕਾਰਹਿ, ਸੁਨੈ ਨਾਹੀ ਡੋਰਾ ੪੦੮}।ਪ੍ਰੇਮ ਰੂਪ ਜੀਭ ਤੋਂ ਬਿਨਾ ਗੂੰਗਾ ਹਰੀ ਦਾ ਜਸ ਕਿਵੇਂ ਗਾ ਸਕਦਾ ਹੈ? {ਗੂੰਗਾ ਗਾਵਿ ਨ ਜਾਣਈ, ਬੋਲਾ ਸੁਣੈ ਨ ਅੰਦਰਿ ਆਣੈ ੨੮-੨੧}।ਜਤਨ ਕਰਨ ਤੇ ਵੀ ਬਿਰਤੀ ਭੰਗ ਹੁੰਦੀ ਹੈ (ਚਸਕਿਆਂ ਵਾਲੀ ਜੀਭ ਨੂੰ ਹਰੀ ਜਸ ਦਾ ਅਨੰਦ ਨਹੀਂ ਆਉਂਦਾ।ਭੈ ਰੂਪ ਪੈਰਾਂ ਤੋਂ ਬਿਨਾ ਪ੍ਰਭੂ ਦੇ ਉਚੇ ਮਹਿਲਾਂ ਤਕ ਨਹੀਂ ਪਹੁੰਚ ਸਕਦਾ {ਚਲਿ ਨ ਸਕੈ ਪਿੰਗੁਲਾ, ਲੂਲ੍ਹਾ ਗਲਿ ਮਿਲਿ ਹੇਤੁ ਨ ਜਾਣੈ ੨੮-੨੧}।ਦਿਸੈ ਸੁਣੀਐ ਜਾਣੀਐ, ਸਾਉ ਨ ਪਾਇਆ ਜਾਇ।ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ।(੧੩੯)

ਪਦਾਰਥ = ਪਾਵੈ-ਪਾ (ਲੱਭ) ਸਕਦਾ ਹੈ।ਕਰੁ-ਹੱਥ।ਗਹਿ-ਫੜ ਕੇ।ਲੇਹੁ-ਲਵੋ।ਓੜਿ-ਅਖੀਰ ਤਕ।ਨਿਬਹਾਵੈ-ਲੈ ਜਾਵੇਗਾ; ਪਹੁੰਚ ਜਾਵੇਗਾ।ਕਹਾ-ਕਿਵੇਂ; ਕਿਥੇ।ਬੁਝਾਰਤਿ-ਸਮਝਣ ਵਾਲੀ ਗੱਲ।ਡੋਰਾ-ਬੋਲਾ।ਨਿਸਿ-ਰਾਤ।ਤਉ-ਤਾਂ; ਤਦ।ਭੋਰਾ-ਦਿਨ।ਬਿਸਨਪਦ-ਵਿਸ਼ਨੂੰ ਦਾ ਜਸ।ਗੁੰਗ-ਗੂੰਗਾ।ਭੰਗ-ਟੁੱਟ ਜਾਏਗੀ।ਕਹ-ਕਿਵੇਂ।ਪਿੰਗੁਲ-ਲੂਲਾ।ਪਰ-ਉਪਰ।ਭਵਨ-ਘਰ (ਪਰਭਵਨ-ਘੁੰਮਣਾ)।ਹੋਤ -ਹੁੰਦਾ ਹੈ।ਊਹਾ-ਉਥੇ।ਉਸੁ-ਉਸ ਦਾ।ਗਵਨ-ਜਾਣਾ; ਪਹੁੰਚਣਾ।ਕਰੁਣਾਮੈ-ਕ੍ਰਿਪਾ ਸਰੂਪ; ਮੇਹਰਬਾਨ।ਦੀਨੁ-ਨਿਮਾਣਾ; ਗਰੀਬ।੬।

ਸੰਗਿ ਸਹਾਈ ਸੁ ਆਵੈ ਨ ਚੀਤਿ ॥ ਜੋ ਬੈਰਾਈ ਤਾ ਸਿਉ ਪ੍ਰੀਤਿ ॥ ਬਲੂਆ ਕੇ ਗ੍ਰਿਹ ਭੀਤਰਿ ਬਸੈ ॥ ਅਨਦ ਕੇਲ ਮਾਇਆ ਰੰਗਿ ਰਸੈ ॥ ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥ ਕਾਲੁ ਨ ਆਵੈ ਮੂੜੇ ਚੀਤਿ ॥ ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ ॥ (ਜੋ ਪ੍ਰਭੂ ਜੀਵ ਦੇ ਸਦਾ) ਨਾਲ ਰਹਿੰਦਾ ਹੈ ਤੇ ਸਹਾਇਤਾ ਕਰਨ ਵਾਲਾ ਹੈ, ਉਹ (ਇਸ ਦੇ) ਚਿੱਤ ਵਿਚ ਨਹੀਂ ਆਉਂਦਾ।ਜੋ (ਕਾਮਾਦਿਕ ਜਾਂ ਸਬੰਧੀ ਇਸ ਦੇ) ਵੈਰੀ ਹਨ, ਉਨ੍ਹਾਂ ਨਾਲ (ਇਸ ਦੀ) ਪ੍ਰੀਤ ਹੈ।(ਇਹ ਜੀਵ) ਰੇਤ ਦੇ ਘਰ (ਨਾਸ਼ਵੰਤ ਸਰੀਰ) ਵਿਚ ਵਸਦਾ ਹੈ (ਰੇਤ ਦੇ ਕਿਣਕਿਆਂ ਵਾਂਗ ਛਿਨ ਛਿਨ ਕਰਕੇ ਉਮਰ ਕਿਰ ਰਹੀ ਹੈ)।ਖੁਸ਼ੀਆਂ ਦੀਆਂ ਖੇਡਾਂ ਕਰਦਾ ਹੋਇਆ ਮਾਇਆ ਦੇ ਰੰਗ ਰਸ ਮਾਣਦਾ ਹੈ।(ਉਹ ਰੇਤ ਦੇ ਘਰ ਨੂੰ ਅਪਣੇ) ਮਨ ਦੇ ਯਕੀਨ ਨਾਲ ਪੱਕਾ ਮੰਨਦਾ ਹੈ (ਸਦਾ ਰਹਿਣ ਵਾਲਾ ਮੰਨੀ ਬੈਠਾ ਹੈ।ਇਸ) ਮੂਰਖ ਨੂੰ ਮੌਤ ਚੇਤੇ ਨਹੀਂ ਆਉਂਦੀ।ਵੈਰ, ਵਿਰੋਧ, ਕਾਮ ਕ੍ਰੋਧ, ਮੋਹ।ਝੂਠ, ਵਿਕਾਰ, ਬਹੁਤ ਲੋਭ ਤੇ ਧੋਖਾ ਆਦਿ ਵਿਚ ਫਸਿਆ ਹੈ।

ਅੰਗ ੨੬੮ = ਇਆਹੂ ਜੁਗਤਿ ਬਿਹਾਨੇ ਕਈ ਜਨਮ ॥ ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥ ਇਸ ਤਰੀਕੇ ਨਾਲ (ਜੀਵ ਦੇ) ਕਈ ਜਨਮ ਬੀਤ ਗਏ ਹਨ।ਨਾਨਕ ਗੁਰੂ ਜੀ ਅਰਦਾਸ ਕਰਦੇ ਹਨ, (ਹੇ ਪ੍ਰਭੂ! ਇਸ ਨੂੰ) ਅਪਣੀ ਮੇਹਰ ਕਰਕੇ ਰੱਖ ਲਵੋ।੭।

ਪਦਾਰਥ = ਸਹਾਈ-ਸਹਾਇਤਾ ਕਰਨ ਵਾਲਾ।ਚੀਤਿ-ਚਿੱਤ ਵਿਚ।ਬੈਰਾਈ-ਵੈਰੀ।ਤਾ ਸਿਉ-ਉਸ ਨਾਲ।ਬਲੂਆ-ਰੇਤ ਦਾ।ਗ੍ਰਿਹ-ਘਰ।ਭੀਤਰਿ-ਵਿਚ।ਕੇਲ-ਖੇਡਾਂ; ਮੌਜਾਂ।ਰੰਗਿ-ਮਸਤੀ; ਪ੍ਰੇਮ ਵਿਚ।ਰਸੈ-ਸੁਆਦ ਲੈਂਦਾ ਹੈ।ਦ੍ਰਿੜੁ-ਪੱਕਾ।ਮਾਨੈ-ਮੰਨਦਾ ਹੈ।ਮਨਹਿ -ਮਨ ਵਿਚ।ਪ੍ਰਤੀਤਿ-ਯਕੀਨ।ਕਾਲੁ-ਮੌਤ।ਮੂੜੇ-ਮੂਰਖ ਦੇ।ਧ੍ਰੋਹ-ਧੋਖਾ; ਵਲ ਛਲ।ਇਆਹੂ ਜੁਗਤਿ-ਇਸ ਤਰੀਕੇ ਨਾਲ; ਇਨ੍ਹਾਂ ਨਾਲ ਜੁੜਿਆਂ।ਬਿਹਾਨੇ-ਬੀਤ ਗਏ।ਰਾਖਿ ਲੇਹੁ-ਰੱਖ ਲਵੋਂ; ਬਚਾ ਲਵੋ।ਕਰਿ ਕਰਮ-ਬਖਸ਼ਿਸ਼ ਕਰਕੇ।੭।

ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥ ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥ (ਹੇ ਪ੍ਰਭੂ!) ਤੂੰ ਮਾਲਕ ਹੈਂ, ਤੇਰੇ ਪਾਸ ਅਰਦਾਸ ਹੈ ।ਸਾਡੀ ਜਿੰਦ ਤੇ ਸਰੀਰ ਸਭ ਤੇਰੀ (ਬਖਸ਼ੀ ਹੋਈ) ਪੂੰਜੀ ਹੈ।ਤੁਸੀਂ (ਸਾਡੇ) ਮਾਤਾ ਤੇ ਪਿਤਾ ਹੋ ਅਤੇ ਅਸੀਂ ਤੁਹਾਡੇ ਬੱਚੇ ਹਾਂ।ਤੁਹਾਡੀ ਕ੍ਰਿਪਾ ਵਿਚ (ਰਹਿ ਕੇ ਸਾਨੂੰ) ਬਹੁਤ ਸੁਖ (ਮਿਲ ਰਹੇ) ਹਨ।ਹੇ ਭਗਵੰਤ! (ਤੁਸੀਂ ਪਰਕ੍ਰਿਤੀ ਤੇ ਬ੍ਰਹਮਾ ਆਦਿਕ ਦੇਵਤਿਆਂ ਤੋਂ) ਉਚੇ ਤੋਂ ਉਚੇ ਹੋ ਅਤੇ ਤੁਹਾਡਾ ਅੰਤ ਕੋਈ ਨਹੀਂ ਜਾਣਦਾ।(ਸੰਸਾਰ ਦੀ) ਸਾਰੀ ਸਮੱਗਰੀ ਤੁਹਾਡੇ ਹੁਕਮ ਰੂਪ ਧਾਗੇ ਵਿਚ ਟਿਕੀ ਹੋਈ ਹੈ।(ਸ੍ਰਿਸ਼ਟੀ) ਤੁਹਾਡੇ ਤੋਂ ਹੀ ਪੈਦਾ ਹੋਈ ਹੈ ਤੇ ਉਹ (ਤੁਹਾਡੀ) ਆਗਿਆ ਵਿਚ ਚਲਣ ਵਾਲੀ ਹੈ।ਤੁਹਾਡੀ ਲੀਲਾ ਦਾ ਅੰਤ ਤੁਸੀਂ ਹੀ ਜਾਣਦੇ ਹੋ।(ਤੁਹਾਡਾ ਇਹ) ਦਾਸ ਨਾਨਕ (ਤੁਹਾਥੋਂ) ਸਦਾ ਕੁਰਬਾਨ ਜਾਂਦਾ ਹੈ।੮।੪।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਤੁਮ ਪਹਿ–ਤੇਰੇ ਪਾਸ।ਜੀਉ–ਜਿੰਦ।ਪਿੰਡੁ–ਸਰੀਰ।ਰਾਸਿ–ਪੂੰਜੀ।ਹਮ–ਅਸੀਂ।ਬਾਰਿਕ–ਬੱਚੇ।ਘਨੇਰੇ–ਬਹੁਤ।ਭਗਵੰਤ–ਪ੍ਰਭੂ।ਸਗਲ–ਸਾਰੀ।ਸਮਗ੍ਰੀ–ਪਦਾਰਥ; ਸਮਾਨ।ਸੂਤ੍ਰਿ–ਹੁਕਮ ਵਿਚ; ਮਰਿਆਦਾ ਵਿਚ।ਧਾਰੀ–ਟਿਕੀ ਹੋਈ ਹੈ।ਹੋਇ–ਪੈਦਾ ਹੋਈ ਹੈ।ਸੁ–ਉਹ।ਗਤਿ ਮਿਤਿ–ਲੀਲਾ ਦਾ ਅੰਤ (ਮ.ਕੋ.); ਪਹੁੰਚ ਤੇ ਅੰਦਾਜਾ (ਸ਼ਬਦਾਰਥ); ਗਿਆਨ ਤੇ ਮਰਿਆਦਾ।੮।੪।

ਸਲੋਕੁ ॥ ਦੇਨਹਾਰੁ ਪ੍ਰਭ ਛੋਡਿ ਕੈ, ਲਾਗਹਿ ਆਨ ਸੁਆਇ ॥ ਨਾਨਕ ਕਹੂ ਨ ਸੀਝਈ, ਬਿਨੁ ਨਾਵੈ ਪਤਿ ਜਾਇ ॥੧॥ (ਹੇ ਭਾਈ! ਜਿਹੜੇ ਮਨੁੱਖ ਸਭ ਦਾਤਾਂ) ਦੇਣ ਵਾਲੇ ਪ੍ਰਭੂ ਨੂੰ ਛਡ ਕੇ ਹੋਰਨਾਂ ਪ੍ਰਯੋਜਨਾਂ; ਸੁਆਦਾਂ ਵਿਚ ਲਗੇ ਰਹਿੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ, (ਉਹ) ਕਿਸੇ ਜਗ੍ਹਾ ਵੀ ਸਫਲ ਨਹੀਂ ਹੁੰਦੇ ਅਤੇ ਨਾਮ ਸਿਮਰੇ ਤੋਂ ਬਿਨਾ (ਉਨ੍ਹਾਂ ਦੀ) ਇੱਜਤ ਚਲੇ ਜਾਂਦੀ ਹੈ।੧।

ਪਦਾਰਥ = ਦੇਨਹਾਰੁ–ਦੇਣ ਵਾਲਾ।ਲਾਗਹਿ–ਲਗਦੇ ਹਨ।ਆਨ–ਹੋਰ।ਸੁਆਇ–ਪ੍ਰਯੋਜਨ; ਸੁਆਰਥ; ਸੁਆਦਾਂ ਵਿਚ।ਕਹੂ–ਕਿਸੇ ਥਾਂ; ਕਦੇ ਵੀ।ਨ ਸੀਝਈ–ਸਫਲ ਨਹੀਂ ਹੁੰਦੇ; ਮੁਕਤ ਨਹੀਂ ਹੁੰਦੇ।ਬਿਨੁ ਨਾਵੈ–ਨਾਮ ਤੋਂ ਬਿਨਾ।ਪਤਿ–ਇੱਜਤ।੧।

ਅਸਟਪਦੀ ॥ ਦਸ ਬਸਤੂ ਲੇ ਪਾਛੈ ਪਾਵੈ ॥ ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥ ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥ ਤਉ ਮੂੜਾ ਕਹੁ ਕਹਾ ਕਰੇਇ ॥ ਜਿਸੁ ਠਾਕੁਰ ਸਿਉ ਨਾਹੀ ਚਾਰਾ ॥ ਤਾ ਕਉ ਕੀਜੈ ਸਦ ਨਮਸਕਾਰਾ ॥ ਜਾ ਕੈ ਮਨਿ ਲਾਗਾ ਪ੍ਰਭੁ ਮੀਠਾ ॥ ਸਰਬ ਸੂਖ ਤਾਹੂ ਮਨਿ ਵੂਠਾ ॥ ਜਿਸੁ ਜਨ ਅਪਨਾ ਹੁਕਮੁ ਮਨਾਇਆ ॥ ਸਰਬ ਥੋਕ ਨਾਨਕ ਤਿਨਿ ਪਾਇਆ ॥੧॥ (ਮਨੁੱਖ ਪ੍ਰਭੂ ਤੋਂ) ਦਸ ਵਸਤੂਆਂ (ਕਈ ਤਰ੍ਹਾਂ ਦੀਆਂ ਦਾਤਾਂ) ਲੈ ਕੇ ਪਿਛੇ ਪਾ ਦੇਂਦਾ ਹੈ (ਭੁਲਾ ਦੇਂਦਾ ਹੈ, ਮੈਨੂੰ ਰੱਬ ਨੇ ਕੀ ਦਿਤਾ ਹੈ? ਪ੍ਰਭੂ ਤੋਂ) ਇਕ ਹੋਰ ਵਸਤੂ (ਨਾ ਮਿਲਣ ਦੇ ਰੋਸ) ਕਾਰਨ ਅਪਣਾ ਭਰੋਸਾ ਗੁਆ ਲੈਂਦਾ ਹੈ।ਜੇ (ਪ੍ਰਭੂ) ਇਕ ਚੀਜ ਵੀ ਨਾ ਦੇਵੇ ਤੇ (ਇਸ ਤੋਂ ਇਲਾਵਾ ਦੂਜੀਆਂ ਦਿਤੀਆਂ ਹੋਈਆਂ) ਦਸ ਵੀ ਖੋਹ ਲਵੇ।ਤਾਂ ਦੱਸੋ ਇਹ ਮੂਰਖ ਕੀ ਕਰ ਸਕਦਾ ਹੈ? (ਸਬਰ ਵਿਚ ਰਹਿ ਕੇ ਸ਼ੁਕਰ ਕਰਨਾ ਚਾਹੀਦਾ ਹੈ।ਇਸ ਲਈ) ਜਿਸ ਮਾਲਕ ਨਾਲ ਕੋਈ ਵਸ ਨਹੀਂ ਚਲ ਸਕਦਾ।ਉਸ ਨੂੰ ਸਦਾ ਸਿਰ ਨਿਵਾਉਣਾ ਚਾਹੀਦਾ ਹੈ (ਸ਼ੁਕਰਾਨਾ ਕੀਤਾ ਜਾਵੇ)।ਜਿਸ (ਮਨੁੱਖ) ਦੇ ਮਨ ਵਿਚ ਪ੍ਰਭੂ ਪਿਆਰਾ ਲਗ ਜਾਵੇ।ਸਾਰੇ ਸੁਖ ਉਸ ਦੇ ਮਨ ਵਿਚ ਆ ਵਸਦੇ ਹਨ।ਜਿਸ ਪੁਰਖ ਤੋਂ ਪ੍ਰਭੂ ਨੇ ਅਪਣਾ ਹੁਕਮ ਮਨਵਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਨੇ ਸਾਰੇ ਪਦਾਰਥ ਪ੍ਰਾਪਤ ਕਰ ਲਏ ਹਨ।੧।

ਨੋਟ = ਇਸ ਪਉੜੀ ਵਿਚ ਭਗਤੀ ਦੇ ਤਿੰਨ ਨੁਕਤੇ ਦਸੇ ਹਨ।ਵਾਹਿਗੁਰੂ ਨੂੰ ਸਰਬ ਸ਼ਕਤੀਮਾਨ ਜਾਣ ਕੇ ਦਾਸ ਵਾਂਗ ਝੁਕੇ ਰਹਿਣਾ, ਪ੍ਰਭੂ ਨੂੰ ਮਾਤਾ ਪਿਤਾ ਵਾਂਗ ਪਿਆਰ ਕਰਨਾ ਤੇ ਪ੍ਰਭੂ ਵੱਲੋਂ ਮੇਹਰ ਕਰਕੇ ਭਗਤ ਨੂੰ ਅਪਣੇ ਹੁਕਮ ਵਿਚ ਇਕ ਸੁਰ ਕਰ ਲੈਣਾ।

ਪਦਾਰਥ = ਦਸ–ਅਨੇਕਾਂ।ਬਸਤੂ–ਚੀਜਾਂ (ਪਦਾਰਥ)।ਪਾਛੈ ਪਾਵੈ–ਪਿੱਛੇ ਪਾ ਦੇਂਦਾ ਹੈ (ਨਜਰੋਂ ਓਹਲਾ ਕਰਦਾ ਹੈ; ਭੁਲਾ ਦੇਂਦਾ ਹੈ)। ਬਿਖੋਟਿ–ਵਿਸ਼ਵਾਸ; ਖਾਣ ਪੀਣ ਤਕ ਹੀ ਜਿਸਦਾ ਮਤਲਬ ਹੈ; ਖੋਟ ਹੀਨਤਾ।ਗਵਾਵੈ–ਗੁਆ ਲੈਂਦਾ ਹੈ।ਹਿਰਿ ਲੇਇ–ਖੋਹ ਲਵੇ।ਮੂੜਾ–ਮੂਰਖ।ਕਹੁ–ਦੱਸੋ।ਕਹਾ ਕਰੇਇ–ਕੀ ਕਰ ਸਕਦਾ ਹੈ।ਸਿਉ–ਨਾਲ।ਚਾਰਾ–ਵਸ; ਜੋਰ।ਤਾ ਕਉ–ਉਸ ਨੂੰ।ਸਦ–ਸਦਾ।ਜਾ ਕੈ–ਜਿਸ ਦੇ।ਮੀਠਾ–ਪਿਆਰਾ।ਸਰਬ–ਸਾਰੇ।ਤਾਹੂ–ਉਸ ਦੇ।ਵੂਠਾ–ਆ ਵਸਦੇ ਹਨ।ਥੋਕ–ਪਦਾਰਥ।੧।

ਬਿਖੋਟਿ ਗਵਾਵੈ = ਵਿਸ਼ੇਸ਼ ਤੌਰ ਤੇ ਖੋਟ ਨਾਲ ਹਰੀ ਨਾਲੋਂ ਰਸ ਗੁਆ ਲੈਂਦਾ ਹੈ; (ਮਨ ਦੀ) ਸਫਾਈ ਗਵਾ ਲੈਂਦਾ ਹੈ (ਟਕਸਾਲ)।

ਅਗਨਤ ਸਾਹੁ ਅਪਨੀ ਦੇ ਰਾਸਿ ॥ ਖਾਤ ਪੀਤ ਬਰਤੈ ਅਨਦ ਉਲਾਸਿ ॥ ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ ॥ ਅਗਿਆਨੀ ਮਨਿ ਰੋਸੁ ਕਰੇਇ ॥ ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥ ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ ਮਾਥੈ ॥ ਉਸ ਤੇ ਚਉਗੁਨ ਕਰੈ ਨਿਹਾਲੁ ॥ ਨਾਨਕ ਸਾਹਿਬੁ ਸਦਾ ਦਇਆਲੁ ॥੨॥ ਪ੍ਰਭੂ ਪਾਤਸ਼ਾਹ ਅਣਗਿਣਤ ਪਦਾਰਥਾਂ ਦੀ ਪੂੰਜੀ ਅਪਣੇ ਵੱਲੋਂ (ਜੀਵ ਨੂੰ) ਦੇਂਦਾ ਹੈ।(ਰੱਬ ਦੀਆਂ ਦਾਤਾਂ ਨੂੰ ਜੀਵ) ਅਨੰਦ ਨਾਲ ਖਾਦਾ ਤੇ ਪੀਂਦਾ ਹੈ ਤੇ ਖੁਸ਼ੀਆਂ ਨਾਲ ਵਰਤਦਾ ਹੈ।(ਜੇ ਪ੍ਰਭੂ ਦਾਤਾਂ ਦੀ) ਅਪਣੀ ਅਮਾਨਤ ਵਿਚੋਂ ਕੁਛ ਮੋੜ ਕੇ ਲੈ ਲਵੇ।ਤਾਂ ਅਗਿਆਨੀ ਪੁਰਸ਼ ਗੁੱਸਾ ਕਰਦਾ ਹੈ।(ਇਸ ਤਰ੍ਹਾਂ ਕਰਨ ਨਾਲ) ਅਪਣੀ ਪਰਤੀਤ ਆਪ ਹੀ ਗੁਆ ਲੈਂਦਾ ਹੈ।ਮੁੜ ਉਸ ਦਾ ਵਿਸ਼ਵਾਸ਼ ਨਹੀਂ ਹੁੰਦਾ।(ਜੀਵ ਕੋਲ ਦਿਤੀ ਹੋਈ) ਜਿਸ ਮਾਲਕ ਦੀ ਵਸਤੂ ਹੈ, (ਜੇ ਮੋੜ ਲੈਣ ਵੇਲੇ ਖੁਸ਼ੀ ਨਾਲ) ਉਸ ਮਾਲਕ ਅੱਗੇ ਰੱਖ ਦੇਵੇ।ਅਤੇ ਪ੍ਰਭੂ ਦੀ ਆਗਿਆ ਸਿਰ ਮੱਥੇ ਮੰਨ ਲਵੇ ਭਾਵ ਭਾਣਾ ਮੰਨੇ।ਤਾਂ ਪ੍ਰਭੂ ਸ਼ਾਹ ਵਾਪਸ ਲਈ) ਉਸ ਵਸਤੂ ਨਾਲੋਂ ਚਾਰ ਗੁਣਾਂ ਜਿਆਦਾ ਦੇ ਕੇ ਨਿਹਾਲ ਕਰ ਦਿੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, (ਜੀਵਾਂ ਉਪਰ ਉਹ) ਮਾਲਕ ਪ੍ਰਭੂ ਸਦਾ ਦਇਆ ਕਰਨ ਵਾਲਾ ਹੈ।੨।

ਪਦਾਰਥ = ਅਗਨਤ–ਅਣ ਗਿਣਤ।ਸਾਹੁ–ਪ੍ਰਭੂ ਪਾਤਸ਼ਾਹ।ਰਾਸਿ–ਪੂੰਜੀ।ਖਾਤ ਪੀਤ–ਖਾਂਦਾ ਪੀਂਦਾ।ਉਲਾਸਿ–ਖੁਸ਼ੀਆਂ ਨਾਲ॥ਅਮਾਨ–ਅਮਾਨਤ।ਬਹੁਰਿ–ਮੁੜ ਵਾਪਸ।ਰੋਸੁ–ਗੁੱਸਾ।ਪਰਤੀਤਿ–ਵਿਸ਼ਵਾਸ।ਖੋਵੈ–ਗਵਾ ਲੈਂਦਾ ਹੈ।ਬਿਸ੍ਵਾਸ–ਵਿਸ਼ਵਾਸ।ਨਿਹਾਲੁ–ਪ੍ਰਸੰਨ।੨।

ਅਨਿਕ ਭਾਤਿ ਮਾਇਆ ਕੇ ਹੇਤ ॥ ਸਰਪਰ ਹੋਵਤ ਜਾਨੁ ਅਨੇਤ ॥ ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥ ਓਹ ਬਿਨਸੈ ਉਹੁ ਮਨਿ ਪਛੁਤਾਵੈ ॥ ਜੋ ਦੀਸੈ ਸੋ ਚਾਲਨਹਾਰੁ ॥ ਲਪਟਿ ਰਹਿਓ ਤਹ ਅੰਧ ਅੰਧਾਰੁ ॥ ਬਟਾਊ ਸਿਉ ਜੋ ਲਾਵੈ ਨੇਹ ॥ ਤਾ ਕਉ ਹਾਥਿ ਨ ਆਵੈ

All Rights Reserved by Harjinder Singh Gyani | www.GuruGranthVakhyaan.org

ਕੇਹ ॥ ਮਨ ਹਰਿ ਕੇ ਨਾਮ ਕੀ ਪ੍ਰੀਤਿ ਸੁਖਦਾਈ ॥ ਕਰਿ ਕਿਰਪਾ ਨਾਨਕ ਆਪਿ ਲਏ ਲਾਈ ॥੩॥ ਮਾਇਆ ਦੇ ਅਨੇਕਾਂ ਪ੍ਰਕਾਰ ਦੇ ਪਿਆਰ ਹਨ (ਜੋ ਮਨੁੱਖ ਨੂੰ ਮੋਹ ਲੈਂਦੇ ਹਨ।ਪਰ ਇਹ ਸਾਰੇ ਅੰਤ ਨੂੰ) ਅਵੱਸ਼ ਨਾਸ਼ ਹੋਣ ਵਾਲੇ ਜਾਣ ਲੈ।(ਮਿਸਾਲ ਦੇਂਦੇ ਹਨ, ਜੋ ਪੁਰਖ) ਬ੍ਰਿਛ ਦੀ ਛਾਂ (ਨੂੰ ਅਚੱਲ ਜਾਣ ਕੇ ਉਸ) ਨਾਲ ਪਿਆਰ ਲਾਉਂਦਾ ਹੈ।ਉਹ ਛਾਂ (ਦੂਜੇ ਪਾਸੇ ਜਾਣ ਤੇ) ਨਾਸ਼ ਹੋ ਜਾਂਦੀ ਹੈ ਤੇ ਉਹ ਪੁਰਖ ਮਨ ਵਿਚ ਪਛਤਾਉਂਦਾ ਹੈ (ਪ੍ਰਭੂ ਦੀ ਮਾਇਆ ਬ੍ਰਿਛ ਦੀ ਛਾਂ ਵਾਂਗ ਹੈ, ਮਾਇਆ ਚਲੇ ਜਾਣ ਤੇ ਮਨੁੱਖ ਪਛਤਾਉਂਦਾ ਹੈ)।ਜੋ ਕੁਝ ਦਿਸਦਾ ਹੈ, ਉਹ ਸਭ ਚਲੇ ਜਾਣ ਵਾਲਾ ਹੈ (ਸਦਾ ਥਿਰ ਰਹਿਣ ਵਾਲਾ ਨਹੀਂ।ਪਰ) ਅੰਨ੍ਹਿਆਂ ਦਾ ਅੰਨ੍ਹਾਂ ਮਨੁੱਖ ਉਸੇ ਨੂੰ (ਨਾਸ਼ਵੰਤ ਚੀਜਾਂ ਨਾਲ) ਚਿੰਬੜ ਰਿਹਾ ਹੈ।ਜੋ ਪੁਰਖ ਰਾਹੀ ਨਾਲ ਪ੍ਰੇਮ ਲਾਉਂਦਾ ਹੈ।ਉਸ ਦੇ ਹੱਥ ਵਿਚ ਕੁਝ ਵੀ ਨਹੀਂ ਆਉਂਦਾ (ਵਿਛੜ ਜਾਣ ਵਾਲੇ ਸਬੰਧੀਆਂ ਦੇ ਪ੍ਰੇਮ ਤੋਂ ਕੋਈ ਲਾਭ ਨਹੀਂ ਹੁੰਦਾ)।ਹੇ ਮਨ! ਹਰੀ ਦੇ ਨਾਮ ਦੀ ਪ੍ਰੀਤ ਸੁਖ ਦੇਣ ਵਾਲੀ ਹੈ (ਇਹ ਪ੍ਰੀਤ ਸਦਾ ਥਿਰ ਹੈ)।ਨਾਨਕ ਗੁਰੂ ਜੀ ਆਖਦੇ ਹਨ, ਜੇ ਪ੍ਰਭੂ ਆਪ (ਜਿਸ ਪੁਰਖ ਉਪਰ) ਕ੍ਰਿਪਾ ਕਰਕੇ (ਪ੍ਰੀਤ) ਲਾਵੇ ਤਾਂ ਲਗਦੀ ਹੈ।੩।

ਪਦਾਰਥ = ਭਾਤਿ–ਪ੍ਰਕਾਰ; ਕਿਸਮਾਂ ਦੇ।ਹੇਤ–ਪਿਆਰ।ਸਰਪਰ–ਜਰੂਰ; ਅੰਤ ਨੂੰ।ਹੋਵਤ–ਹੋਣੇ ਹਨ।ਅਨੇਤ–ਨਿੱਤ ਨਾ ਰਹਿਣ ਵਾਲੇ; ਨਾਸ਼ਵੰਤ।ਬਿਰਖ–ਬ੍ਰਿਛ।ਸਿਉ–ਨਾਲ।ਰੰਗੁ–ਪਿਆਰ।ਓਹ–ਉਹ (ਛਾਂ)।ਉਹੁ–ਉਹ (ਮਨੁੱਖ)।ਦੀਸੈ–ਦਿਸਦਾ ਹੈ।ਚਾਲਨਹਾਰ–ਚਲੇ ਜਾਣ ਵਾਲਾ ਹੈ; ਨਾਸ਼ਵੰਤ।ਲਪਟਿ ਰਹਿਓ–ਚਿੰਬੜ ਰਿਹਾ ਹੈ।ਤਹ–ਉਸੇ ਨੂੰ।ਅੰਧ ਅੰਧਾਰੁ–ਅੰਨ੍ਹਿਆਂ ਦਾ ਅੰਨ੍ਹਾ (ਮਹਾਂ ਮੂਰਖ)।ਬਟਾਊ –ਰਾਹੀ; ਮੁਸਾਫਰ।ਨੇਹ–ਪਿਆਰ।ਤਾ ਕਉ–ਉਸ ਨੂੰ।ਨ ਕੇਹ–ਕੁਛ ਨਹੀਂ।੩।

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ ਮਿਥਿਆ ਹਉਮੈ ਮਮਤਾ ਮਾਇਆ ॥ ਮਿਥਿਆ ਰਾਜ ਜੋਬਨ ਧਨ ਮਾਲ ॥ ਮਿਥਿਆ ਕਾਮ ਕ੍ਰੋਧ ਬਿਕਰਾਲ ॥ ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ ॥ ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ ॥ ਮਿਥਿਆ ਧ੍ਰੋਹ ਮੋਹ ਅਭਿਮਾਨੁ ॥ ਮਿਥਿਆ ਆਪਸ ਊਪਰਿ ਕਰਤ ਗੁਮਾਨੁ ॥ ਅਸਥਿਰੁ ਭਗਤਿ ਸਾਧ ਕੀ ਸਰਨ ॥ ਨਾਨਕ ਜਪਿ ਜਪਿ ਜੀਵੈ ਹਰਿ ਕੇ ਚਰਨ ॥੪॥ (ਹੇ ਜੀਵ! ਤੇਰਾ) ਸਰੀਰ, ਧਨ ਤੇ ਪ੍ਰਵਾਰ ਆਦਿ ਸਭ ਨਾਸ਼ਵੰਤ ਹਨ।ਦੇਹ ਦੀ ਹਉਮੈ, ਮਾਇਆ ਦੀ ਮਮਤਾ ਝੂਠੀ ਹੈ।ਰਾਜ, ਜੁਆਨੀ, ਧਨ ਮਾਲ ਸਭ ਨਾਸ਼ਵੰਤ ਹਨ।ਕਾਮ ਵਾਸ਼ਨਾ ਤੇ ਭਿਆਨਕ ਕ੍ਰੋਧ (ਆਦਿ ਵਿਕਾਰ) ਝੂਠੇ ਹਨ।ਰਥ, ਹਾਥੀ, ਘੋੜੇ ਤੇ ਬਸਤ੍ਰ ਸਦਾ ਰਹਿਣ ਵਾਲੇ ਨਹੀਂ ਹਨ।ਮਾਇਆ ਨੂੰ ਪਿਆਰ ਨਾਲ ਦੇਖ ਕੇ (ਮਨੁੱਖ) ਹਸਦਾ ਹੈ, (ਇਹ ਸਭ) ਝੂਠਾ ਹੈ।ਧੋਖਾ, ਮੋਹ ਤੇ ਅਭਿਮਾਨ ਨਿਸਫਲ ਹਨ।ਅਪਣੇ ਉਪਰ ਗੁਮਾਨ ਕਰਨਾ ਝੂਠਾ ਹੈ।ਸਾਧੂਆਂ ਦੀ ਸ਼ਰਨ ਵਿਚ ਪੈ ਕੇ ਪ੍ਰਭੂ ਦੀ ਭਗਤੀ ਕਰਨੀ ਸਦਾ ਕਾਇਮ ਰਹਿਣ ਵਾਲੀ ਹੈ।ਨਾਨਕ ਗੁਰੂ ਜੀ ਆਖਦੇ ਹਨ, (ਅਸੀਂ ਤਾਂ) ਹਰੀ ਦੇ ਚਰਨਾਂ ਦਾ ਧਿਆਨ ਕਰਕੇ (ਨਾਮ) ਜਪ ਜਪ ਕੇ ਹੀ ਜਿਉਂਦੇ ਹਾਂ।੪।

ਪਦਾਰਥ = ਮਿਥਿਆ–ਜੋ ਸਦਾ ਨਾ ਰਹੇ; ਨਿਸਫਲ; ਨਾਸ਼ਵੰਤ।ਕੁਟੰਬੁ–ਪ੍ਰਵਾਰ।ਸਬਾਇਆ–ਸਭ।ਮਮਤਾ–ਅਪਣੱਤ; ਮੇਰਾਪਣ।ਜੋਬਨ –ਜਵਾਨੀ।ਬਿਕਰਾਲ–ਭਿਆਨਕ।ਹਸਤੀ–ਹਾਥੀ।ਅਸ੍ਵ–ਘੋੜੇ।ਬਸਤ੍ਰਾ–ਕਪੜੇ।ਰੰਗ ਸੰਗਿ–ਪਿਆਰ ਨਾਲ।ਪੇਖਿ–ਦੇਖ ਕੇ।ਹਸਤਾ–ਹਸਦਾ ਹੈ।ਧ੍ਰੋਹ–ਧੋਖਾ।ਆਪਸ ਊਪਰਿ–ਅਪਣੇ ਉਤੇ।ਅਸਥਿਰੁ–ਸਦਾ ਕਾਇਮ ਰਹਿਣ ਵਾਲੀ।ਭਗਤਿ–ਭਗਤੀ।੪

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥ (ਉਹ) ਕੰਨ ਨਿਸਫਲ ਹਨ, ਜੋ ਪਰਾਈ ਨਿੰਦਿਆ ਸੁਣਦੇ ਹਨ।(ਉਹ) ਹੱਥ ਨਿਸਫਲ ਹਨ, ਜੋ ਪਰਾਏ ਧਨ ਨੂੰ ਚੁਰਾਉਂਦੇ ਹਨ।

ਅੰਗ ੨੬੯ = ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ ॥ ਮਿਥਿਆ ਰਸਨਾ ਭੋਜਨ ਅਨ ਸ੍ਵਾਦ ॥ ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥ ਮਿਥਿਆ ਮਨ ਪਰ ਲੋਭ ਲੁਭਾਵਹਿ ॥ ਮਿਥਿਆ ਤਨ ਨਹੀ ਪਰਉਪਕਾਰਾ ॥ ਮਿਥਿਆ ਬਾਸੁ ਲੇਤ ਬਿਕਾਰਾ ॥ ਬਿਨੁ ਬੂਝੇ ਮਿਥਿਆ ਸਭ ਭਏ ॥ ਸਫਲ ਦੇਹ ਨਾਨਕ ਹਰਿ ਹਰਿ ਨਾਮ ਲਏ ॥੫॥ (ਉਹ) ਅੱਖਾਂ ਨਿਸਫਲ ਹਨ, ਜੋ ਪਰਾਈ ਇਸਤ੍ਰੀਆਂ ਦੇ ਰੂਪ ਆਦਿ (ਬੁਰੀ ਨਜਰ ਨਾਲ) ਦੇਖਦੇ ਹਨ।(ਉਹ) ਜੀਭ ਵੀ ਨਿਸਫਲ ਹੈ, (ਜੋ) ਭੋਜਨ ਤੇ (ਹਰੀ ਦਾ ਨਾਮ ਰਸ ਛਡ ਕੇ) ਹੋਰ ਦੂਜੇ ਸੁਆਦਾਂ ਵਿਚ ਲਗੀ ਹੋਈ ਹੈ।(ਉਹ) ਪੈਰ ਨਿਸਫਲ ਹਨ, ਜੋ ਪਰਾਏ ਦਾ ਬੁਰਾ ਕਰਨ ਲਈ ਦੌੜਦੇ ਹਨ; ਦੂਜੇ ਪਾਸੇ ਪਾਪ ਕਰਨ ਲਈ ਦੌੜਦੇ ਹਨ।(ਉਹ) ਮਨ ਨਿਸਫਲ ਹੈ, ਜੋ ਪਰਾਏ (ਧਨ ਦੇ) ਲੋਭ ਵਿਚ ਲਲਚਾਉਂਦਾ ਹੈ।ਉਹ ਸਰੀਰ ਨਿਸਫਲ ਹੈ, ਜੋ ਪਰਾਇਆਂ ਦਾ ਭਲਾ ਨਹੀਂ ਕਰਦਾ।(ਉਹ ਨੱਕ) ਨਿਸਫਲ ਹੈ, ਜੋ ਬਿਕਾਰਾਂ ਵਾਸਤੇ ਵਾਸ਼ਨਾ ਲੈਂਦਾ ਹੈ।ਬਿਨਾ ਬੂਝੇ (ਸਾਰੇ ਅੰਗ ਭਾਵ ਇੰਦ੍ਰੇ) ਮਿਥਿਆ ਹੋ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ, (ਉਹ) ਸਰੀਰ ਸਫਲ ਹੈ, ਜੋ ਹਰਿ ਹਰਿ ਨਾਮ ਲੈਂਦਾ (ਜਪਦਾ) ਹੈ।੫।

ਪਦਾਰਥ = ਸ੍ਰਵਨ–ਕੰਨ।ਪਰ–ਪਰਾਈ।ਸੁਨਹਿ–ਸੁਣਦੇ ਹਨ।ਹਸਤ–ਹੱਥ।ਦਰਬ–ਧਨ।ਹਿਰਹਿ–ਚੁਰਾਉਂਦੇ ਹਨ।ਨੇਤ੍ਰ–ਅੱਖਾਂ।ਪੇਖਤ –ਦੇਖਦੇ ਹਨ।ਤ੍ਰਿਅ–ਇਸਤ੍ਰੀਆਂ ਦਾ।ਰੂਪਾਦ–ਰੰਗ ਰੂਪ ਆਦਿ।ਰਸਨਾ–ਜੀਭ।ਅਨ–ਹੋਰ ਦੂਜੇ।ਪਰ ਬਿਕਾਰ–ਦੂਜਿਆਂ ਦਾ ਬੁਰਾ; ਪਰਾਏ ਪਾਸੇ ਪਾਪ ਕਰਨ ਨੂੰ।ਧਾਵਹਿ–ਦੌੜਦੇ ਹਨ।ਲੁਭਾਵਹਿ–ਲਲਚਾਉਂਦਾ ਹੈ।ਪਰਉਪਕਾਰ–ਦੂਜਿਆਂ ਦਾ ਭਲਾ।ਬਾਸੁ–ਮਹਿਕ।੫।

ਬਿਰਥੀ ਸਾਕਤ ਕੀ ਆਰਜਾ ॥ ਸਾਚ ਬਿਨਾ ਕਹ ਹੋਵਤ ਸੂਚਾ ॥ ਬਿਰਥਾ ਨਾਮ ਬਿਨਾ ਤਨੁ ਅੰਧ ॥ ਮੁਖਿ ਆਵਤ ਤਾ ਕੈ ਦੁਰਗੰਧ ॥

All Rights Reserved by Harjinder Singh Gyani | www.GuruGranthVakhyaan.org

ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥ ਮੇਘ ਬਿਨਾ ਜਿਉ ਖੇਤੀ ਜਾਇ ॥ ਗੋਬਿਦ ਭਜਨ ਬਿਨੁ ਬ੍ਰਿਥੇ ਸਭ ਕਾਮ ॥ ਜਿਉ ਕਿਰਪਨ ਕੇ ਨਿਰਾਰਥ ਦਾਮ ॥ ਧੰਨਿ ਧੰਨਿ ਤੇ ਜਨ, ਜਿਹ ਘਟਿ ਬਸਿਓ ਹਰਿ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥੬॥ (ਪ੍ਰਭੂ ਤੋਂ) ਟੁੱਟੇ ਹੋਏ ਮਨੁੱਖ ਦੀ ਉਮਰ ਬਿਅਰਥ ਹੈ। ਸੱਚਾ ਨਾਮ ਜਪੇ ਬਿਨਾ ਕਿਵੇਂ ਸੁੱਚਾ ਹੋ ਸਕਦਾ ਹੈ? ਨਾਮ ਤੋਂ ਬਿਨਾ ਮਨੁੱਖ ਅਗਿਆਨੀ ਹੈ ਤੇ (ਉਸ ਦਾ) ਸਰੀਰ ਬਿਅਰਥ ਹੈ। ਉਸ ਦੇ ਮੂੰਹ ਵਿਚੋਂ ਬਦਬੋ ਆਉਂਦੀ ਹੈ (ਕੌੜੇ ਬੋਲ ਬੋਲਦਾ ਹੈ) {ਦੁਰਮਤਿ ਮੁਖਿ ਦੁਰਬਚਨ ਦੁਰਗੰਧ ਹੈ। ਕਬਿਤ ੧੭੬ ਭਾ.ਗੁ.}। ਨਾਮ ਸਿਮਰਨ ਤੋਂ ਬਿਨਾ ਦਿਨ ਰਾਤ ਬਿਅਰਥ ਬੀਤਦੇ ਹਨ। ਜਿਵੇਂ ਮੀਂਹ ਪਏ ਬਿਨਾ ਖੇਤੀ ਖਰਾਬ ਹੋ ਜਾਂਦੀ ਹੈ। ਪ੍ਰਭੂ ਦਾ ਭਜਨ ਕੀਤੇ ਬਿਨਾ (ਮਨੁੱਖ ਦੇ) ਸਾਰੇ ਕੰਮ ਬਿਰਥੇ ਹਨ। ਜਿਵੇਂ ਕੰਜੂਸ ਬੰਦੇ ਦਾ ਧਨ (ਬਿਨਾ ਵਰਤੇ) ਬਿਰਥਾ ਚਲਾ ਜਾਂਦਾ ਹੈ। ਉਹ ਪੁਰਖ ਧੰਨ ਧੰਨ ਹਨ, ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦਾ ਨਾਮ ਵਸਿਆ ਹੈ। ਨਾਨਕ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ।੬।

ਪਦਾਰਥ = ਬਿਰਥੀ-ਬਿਅਰਥ। ਸਾਕਤ-ਪ੍ਰਭੂ ਤੋਂ ਟੁੱਟਿਆ ਮਨੁੱਖ। ਆਰਜਾ-ਉਮਰ। ਕਹ-ਕਿਵੇਂ। ਹੋਵਤ-ਹੁੰਦਾ ਹੈ। ਸੂਚਾ-ਸੁੱਚਾ। ਤਨੁ ਅੰਧੁ-ਅਗਿਆਨੀ ਦਾ ਸਰੀਰ। ਆਵਤ-ਆਉਂਦੀ ਹੈ। ਤਾ ਕੈ-ਉਸ ਦੇ। ਦੁਰਗੰਧ-ਬਦਬੋ। ਰੈਨਿ-ਰਾਤ। ਬਿਹਾਇ-ਬੀਤਦੇ ਹਨ। ਮੇਘ-ਮੀਂਹ; ਬਦਲ। ਕਾਮ-ਕੰਮ। ਕਿਰਪਨ-ਕੰਜੂਸ। ਨਿਰਾਰਥ-ਬਿਅਰਥ। ਦਾਮ-ਧਨ। ਤੇ-ਉਹ। ਜਿਹ-ਜਿਨ੍ਹਾਂ ਦੇ। ਘਟਿ-ਹਿਰਦੇ ਵਿਚ।੬।

ਰਹਤ ਅਵਰ ਕਛੁ ਅਵਰ ਕਮਾਵਤ ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥ ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥ ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥ ਤਿਸ ਕੀ ਸੀਖ ਤਰੈ ਸੰਸਾਰੁ ॥ ਜੋ ਤੁਮ ਭਾਨੇ ਤਿਨ ਪ੍ਰਭੁ ਜਾਤਾ ॥ ਨਾਨਕ ਉਨ ਜਨ ਚਰਨ ਪਰਾਤਾ ॥੭॥ (ਮਨੁੱਖ ਦੀ ਬਾਹਰੋਂ) ਰਹਿਣੀ ਤਾਂ ਕੁਝ ਹੋਰ ਹੈ, (ਪਰ ਅੰਦਰੋਂ ਕਰਮ ਕੁਝ) ਹੋਰ ਕਮਾਉਂਦਾ ਹੈ। ਮਨ ਵਿਚ ਤਾਂ ਪ੍ਰੀਤ ਨਹੀਂ, (ਪਰ) ਮੂੰਹ ਨਾਲ ਪ੍ਰੀਤੀ ਦੇ ਗੰਢ ਲਾਉਂਦਾ ਹੈ (ਉਤੋਂ ਉਤੋਂ ਗੱਲੀਂ ਬਾਤੀਂ ਪ੍ਰੇਮ ਕਰਦਾ ਹੈ। ਸਭ ਦੇ ਅੰਦਰ ਦੀ) ਜਾਨਣਵਾਲਾ ਪ੍ਰਭੂ ਬਹੁਤ ਸਿਆਣਾ ਹੈ। (ਉਹ) ਕਿਸੇ ਦੇ ਬਾਹਰਲੇ ਭੇਖ ਨਾਲ ਭਿਜਦਾ ਨਹੀਂ (ਪ੍ਰਸੰਨ ਨਹੀਂ ਹੁੰਦਾ। ਜੋ ਮਨੁੱਖ) ਦੂਜਿਆਂ ਨੂੰ ਉਪਦੇਸ਼ ਕਰਦਾ ਹੈ, (ਪਰ) ਆਪ (ਉਸ ਤੇ ਅਮਲ) ਨਹੀਂ ਕਰਦਾ। (ਉਹ) ਆਉਂਦਾ ਜਾਂਦਾ ਭਾਵ ਜੰਮਦਾ ਮਰਦਾ ਰਹਿੰਦਾ ਹੈ। ਜਿਸ ਮਨੁੱਖ ਦੇ ਅੰਦਰ ਨਿਰੰਕਾਰ ਵਸਦਾ ਹੈ। ਉਸ ਦੀ ਸਿਖਿਆ ਨਾਲ ਸਾਰਾ ਸੰਸਾਰ ਤਰ ਜਾਂਦਾ ਹੈ। ਹੇ ਪ੍ਰਭੂ! ਜਿਹੜੇ (ਪੁਰਖ) ਆਪ ਜੀ ਨੂੰ ਚੰਗੇ ਲੱਗੇ ਹਨ, ਉਨ੍ਹਾਂ ਨੇ ਹੀ (ਆਪ ਜੀ ਨੂੰ) ਜਾਣਿਆ ਹੈ। ਨਾਨਕ ਉਨ੍ਹਾਂ ਪੁਰਖਾਂ ਦੇ ਚਰਨੀਂ ਪੈਂਦਾ ਹੈ।੭।

ਪਦਾਰਥ = ਰਹਤ-ਧਰਮ ਦੇ ਚਿੰਨ੍ਹ; ਰਹਿਣੀ। ਅਵਰ-ਹੋਰ। ਕਮਾਵਤ-ਕਮਾਉਂਦਾ ਹੈ। ਮੁਖਹੁ-ਮੂੰਹ ਤੋਂ। ਗੰਢ ਲਾਵਤ-ਮਿਤ੍ਰਤਾ ਲਾਉਂਦਾ ਹੈ। ਪਰਬੀਨ-ਸਿਆਣਾ। ਕਾਹੂ-ਕਿਸੇ ਦੇ। ਭੀਨ-ਭਿਜਦਾ ਹੈ; ਪ੍ਰਸੰਨ ਹੁੰਦਾ ਹੈ। ਸੀਖ-ਸਿੱਖਿਆ। ਭਾਨੇ-ਭਾਉਂਦਾ ਹੈ। ਤਿਨ-ਉਨ੍ਹਾਂ ਨੇ। ਜਾਤਾ-ਜਾਣਿਆ ਹੈ। ਉਨ-ਉਨ੍ਹਾਂ ਦੇ। ਪਰਾਤਾ-ਪੈਂਦਾ ਹੈ।੭।

ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ ॥ ਅਪਨਾ ਕੀਆ ਆਪਹਿ ਮਾਨੈ ॥ ਆਪਹਿ ਆਪ ਆਪਿ ਕਰਤ ਨਿਬੇਰਾ ॥ ਕਿਸੈ ਦੂਰਿ ਜਨਾਵਤ ,ਕਿਸੈ ਬੁਝਾਵਤ ਨੇਰਾ ॥ ਉਪਾਵ ਸਿਆਨਪ ਸਗਲ ਤੇ ਰਹਤ ॥ ਸਭੁ ਕਛੁ ਜਾਨੈ ਆਤਮ ਕੀ ਰਹਤ ॥ ਜਿਸੁ ਭਾਵੈ ਤਿਸੁ ਲਏ ਲੜਿ ਲਾਇ ॥ ਥਾਨ ਥਨੰਤਰਿ ਰਹਿਆ ਸਮਾਇ ॥ ਸੋ ਸੇਵਕੁ ਜਿਸੁ ਕਿਰਪਾ ਕਰੀ ॥ ਨਿਮਖ ਨਿਮਖ ਜਪਿ ਨਾਨਕ ਹਰੀ ॥੮॥੫॥ ਪ੍ਰਭੂ ਸਭ ਕੁਛ ਜਾਣਦਾ ਹੈ, (ਹੇ ਭਾਈ! ਮੈਂ ਉਸ) ਅੱਗੇ ਬੇਨਤੀ ਕਰਦਾ ਹਾਂ। (ਉਹ ਪ੍ਰਭੂ) ਅਪਣੇ ਪੈਦਾ ਕੀਤੇ (ਜੀਵ) ਨੂੰ ਆਪ ਹੀ ਮਾਣ ਬਖਸ਼ਦਾ ਹੈ (ਵਡਿਆਈ ਦੇਂਦਾ ਹੈ; ਜਗਤ ਉਸ ਪ੍ਰਭੂ ਦਾ) ਪੈਦਾ ਕੀਤਾ ਹੋਇਆ ਹੈ, (ਇਸਦਾ ਅਨੰਦ ਉਹ) ਆਪ ਹੀ ਮਾਣਦਾ ਹੈ (ਫ.ਸ.; ਸੰ. ਸ.)। ਉਹ ਪ੍ਰਭੂ ਸਭ ਕੁਛ) ਆਪ ਹੀ ਆਪ ਹੈ ਤੇ ਆਪ ਹੀ (ਜੀਵਾਂ ਦੇ ਕਰਮਾਂ ਅਨੁਸਾਰ) ਨਿਆਉਂ ਕਰਦਾ ਹੈ। (ਅਪਣੇ ਨਿਆਂ ਅਨੁਸਾਰ) ਕਿਸੇ ਜੀਵ ਨੂੰ ਜਣਾਉਂਦਾ ਹੈ ਕਿ ਪ੍ਰਭੂ ਦੂਰ ਹੈ ਤੇ ਕਿਸੇ (ਗੁਰਮੁਖ) ਨੂੰ (ਬੁੱਧੀ ਬਖਸ਼ ਕੇ) ਸਮਝਾ ਦੇਂਦਾ ਹੈ ਕਿ ਪ੍ਰਭੂ ਨੇੜੇ ਹੈ। (ਮਨੁੱਖ ਦੇ ਕੀਤੇ ਤੇ ਚਿਤਵੇ ਸਾਰੇ) ਜਤਨਾਂ ਤੇ ਸਿਆਣਪਾਂ (ਨਾਲ ਪ੍ਰਭੂ ਪ੍ਰਾਪਤ ਹੋਣ) ਤੋਂ ਰਹਿਤ ਹੈ। (ਉਹ ਮਨੁੱਖ ਦੇ) ਮਨ ਦੀ ਹਾਲਤ ਸਭ ਕੁਛ ਜਾਣਦਾ ਹੈ; ਆਤਮਾ ਦੀ ਰਹਿਤ (ਅੰਦਰੂਨੀ ਜੀਵਨ) ਨੂੰ ਸਭ ਕੁਛ ਜਾਣਦਾ ਹੈ। ਜਿਸ (ਮਨੁੱਖ) ਨੂੰ ਚਾਹੇ, ਉਸ ਨੂੰ ਅਪਣੇ ਲੜ ਲਾ ਲੈਂਦਾ ਹੈ। (ਸਭ) ਥਾਵਾਂ ਤੇ ਥਾਵਾਂ ਦੇ ਅੰਦਰ ਸਮਾ ਰਿਹਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਪ੍ਰਭੂ ਦਾ) ਸੇਵਕ ਉਹ ਹੈ, ਜਿਸ ਉਪਰ (ਉਸ ਨੇ) ਕਿਰਪਾ ਕੀਤੀ ਹੈ, (ਉਹ ਸੇਵਕ) ਹਰ ਪਲ ਪ੍ਰਭੂ ਨੂੰ ਜਪਦਾ ਹੈ।੮।੫।

ਪਦਾਰਥ = ਕਰਉ-ਮੈਂ ਕਰਦਾ ਹਾਂ। ਕੀਆ-ਪੈਦਾ ਕੀਤਾ ਹੋਇਆ (ਜੀਵ)। ਆਪਹਿ-ਆਪ ਹੀ। ਮਾਨੈ-ਮਾਣ ਦੇਂਦਾ ਹੈ। ਨਿਬੇਰਾ-ਨਿਆਂ; ਫੈਸਲਾ। ਨੇਰਾ-ਨੇੜੇ। ਸਗਲ-ਸਭ ਤੋਂ। ਰਹਤ-ਪਰੇ ਹੈ। ਉਪਾਵ-ਜਤਨ। ਆਤਮ ਕੀ ਰਹਤ-ਮਨ ਦੀ ਹਾਲਤ। ਭਾਵੈ-ਚਾਹੁੰਦਾ ਹੈ। ਤਿਸੁ -ਉਸ ਨੂੰ। ਥਾਨ ਥਨੰਤਰਿ-ਥਾਵਾਂ ਤੇ ਥਾਵਾਂ ਦੇ ਅੰਦਰ। ਰਹਿਆ ਸਮਾਇ-ਸਮਾ ਰਿਹਾ ਹੈ। ਨਿਮਖ-ਅੱਖ ਝਮਕਣ ਦੇ ਸਮੇਂ ਵਿਚ।੮।੫।

ਸਲੋਕੁ ॥ ਕਾਮ ਕ੍ਰੋਧ ਅਰੁ ਲੋਭ ਮੋਹ, ਬਿਨਸਿ ਜਾਇ ਅਹੰਮੇਵ ॥ ਨਾਨਕ ਪ੍ਰਭ ਸਰਣਾਗਤੀ, ਕਰਿ ਪ੍ਰਸਾਦੁ ਗੁਰਦੇਵ ॥੧॥ ਨਾਨਕ ਗੁਰੂ

All Rights Reserved by Harjinder Singh Gyani | www.GuruGranthVakhyaan.org

ਜੀ ਆਖਦੇ ਹਨ, (ਹੇ ਜੀਵ! ਪ੍ਰਭੂ ਅੱਗੇ ਇਸ ਤਰਾਂ ਅਰਦਾਸ ਕਰ) ਹੇ ਪ੍ਰਭੂ! (ਮੈਂ ਤੁਹਾਡੀ) ਸ਼ਰਣ ਵਿਚ ਆਇਆ ਹਾਂ, ਹੇ ਗੁਰਦੇਵ! (ਮੇਰੇ ਉਪਰ) ਕ੍ਰਿਪਾ ਕਰ। (ਤਾਂ ਕਿ ਮੇਰੇ ਅੰਦਰੋਂ) ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ (ਆਦਿ ਵਿਕਾਰ) ਨਾਸ਼ ਹੋ ਜਾਣ।੧।

ਪਦਾਰਥ = ਅਰੁ–ਅਤੇ। ਬਿਨਸਿ ਜਾਇ–ਨਾਸ਼ ਹੋ ਜਾਵੇ। ਅਹੰਮੇਵ–ਹੰਕਾਰ। ਸਰਣਾਗਤੀ–ਸ਼ਰਣ ਆਇਆ ਹਾਂ। ਪ੍ਰਸਾਦੁ–ਕ੍ਰਿਪਾ।੧।

ਅਸਟਪਦੀ ॥ ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥ ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥ ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥ ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥ ਤਿਸਹਿ ਧਿਆਇ ਸਦਾ ਮਨ ਅੰਦਰਿ ॥ ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥ ਆਠ ਪਹਰ ਸਿਮਰਹੁ ਤਿਸੁ ਰਸਨਾ ॥ ਜਿਹ ਪ੍ਰਸਾਦਿ ਰੰਗ ਰਸ ਭੋਗ ॥ ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥ (ਹੇ ਭਾਈ!) ਜਿਸ ਦੀ ਕ੍ਰਿਪਾ ਨਾਲ ਛੱਤੀ ਪ੍ਰਕਾਰ ਦੇ ਸੁਆਦਲੇ ਭੋਜਨ ਖਾਂਦਾ ਹੈਂ। ਉਸ ਪ੍ਰਭੂ ਨੂੰ ਮਨ ਵਿਚ ਯਾਦ ਰੱਖ। ਜਿਸ (ਪ੍ਰਭੂ) ਦੀ ਕ੍ਰਿਪਾ ਨਾਲ (ਤੂੰ ਅਪਣੇ) ਸਰੀਰ ਉਤੇ ਸੁਗੰਧੀਆਂ ਲਾਉਂਦਾ ਹੈਂ। ਉਸ ਨੂੰ ਸਿਮਰਦਿਆਂ ਪਰਮ ਗਤੀ ਪਾ ਲਵੇਂਗਾ। ਜਿਸ (ਪ੍ਰਭੂ) ਦੀ ਕ੍ਰਿਪਾ ਨਾਲ (ਤੂੰ) ਸੁਖਦਾਈ ਘਰ ਵਿਚ ਬਸਦਾ ਹੈਂ। ਉਸ ਨੂੰ ਸਦਾ ਮਨ ਦੇ ਅੰਦਰ ਧਿਆਉਂਦਾ ਰਹਿ। ਜਿਸ ਦੀ ਕ੍ਰਿਪਾ ਨਾਲ (ਤੂੰ) ਘਰ ਪ੍ਰਵਾਰ ਵਿਚ ਸੁੱਖਾਂ ਨਾਲ ਬਸਦਾ ਹੈਂ। ਉਸ ਨੂੰ ਅੱਠੇ ਪਹਿਰ ਰਸਨਾ ਨਾਲ ਸਿਮਰਦਾ ਰਹੁ। ਜਿਸਦੀ ਕ੍ਰਿਪਾ ਨਾਲ ਅਨੰਦ ਤੇ (ਪਦਾਰਥਾਂ ਦੇ) ਰਸ ਭੋਗਦਾ ਹੈਂ। ਨਾਨਕ ਗੁਰੂ ਜੀ ਆਖਦੇ ਹਨ, ਧਿਆਉਣ ਯੋਗ ਪ੍ਰਭੂ ਨੂੰ ਸਦਾ ਧਿਆਉਣਾ ਚਾਹੀਦਾ ਹੈ।੧।

ਪਦਾਰਥ = ਜਿਹ–ਜਿਸ ਪ੍ਰਭੂ ਦੀ। ਪ੍ਰਸਾਦਿ–ਕ੍ਰਿਪਾ ਨਾਲ। ਛਤੀਹ ਅੰਮ੍ਰਿਤ–ਅਨੇਕਾਂ ਪ੍ਰਕਾਰ ਦੇ ਅੰਮ੍ਰਿਤ ਤੁੱਲ ਸੁਆਦਲੇ ਭੋਜਨ {ਖਟੁ ਰਸ ਮਿਠ ਰਸ ਮੇਲਿ ਕੈ, ਛਤੀਹ ਭੋਜਨ ਹੋਨਿ ਰਸੋਈ (ਭਾ.ਗੁ. ਵਾਰ ੧੭–੮)}। ਖਾਹਿ–ਖਾਂਦਾ ਹੈਂ। ਤਿਸੁ–ਉਸ। ਠਾਕੁਰ–ਮਾਲਕ ਪ੍ਰਭੂ। ਸੁਗੰਧਤ–ਮਹਿਕ ਵਾਲੇ ਅਤਰ ਆਦਿਕ। ਤਨਿ–ਸਰੀਰ ਉਤੇ। ਪਰਮ ਗਤਿ–ਮੁਕਤੀ। ਮੰਦਰਿ–ਘਰ ਵਿਚ। ਤਿਸਹਿ–ਉਸ ਨੂੰ। ਰੰਗ–ਅਨੰਦ। ਰਸ ਭੋਗ–ਰਸ ਭੋਗਦਾ ਹੈਂ।੧।

ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥ ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥ ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥ ਮਨ ਆਠ ਪਹਰ ਹਰਿ ਕਾ ਜਸੁ ਗਾਵੀਜੈ ॥ (ਹੇ ਮੇਰੇ ਮਨ!) ਜਿਸ ਪ੍ਰਭੂ ਦੀ ਕ੍ਰਿਪਾ ਨਾਲ (ਤੂੰ) ਸੂਤ ਦੇ ਬਸਤ੍ਰ ਤੇ ਰੇਸ਼ਮ ਦੇ ਬਸਤ੍ਰ (ਸਰੀਰ ਤੇ ਪਹਿਨ ਕੇ) ਹਢਾਉਂਦਾ ਹੈਂ। ਉਸ ਨੂੰ ਛਡ ਕੇ ਹੋਰ ਪਦਾਰਥਾਂ ਵਿਚ ਕਿਉਂ ਲਲਚਾਉਂਦਾ ਹੈਂ। ਜਿਸ ਦੀ ਕ੍ਰਿਪਾ ਨਾਲ ਆਰਾਮ ਨਾਲ ਸੇਜ ਉਤੇ ਸੌਂ ਜਾਈਦਾ ਹੈਂ। ਹੇ ਮਨ! (ਤੈਨੂੰ) ਅੱਠੇ ਪਹਿਰ ਉਸ (ਪ੍ਰਭੂ) ਦਾ ਜਸ ਗਾਉਣਾ ਚਾਹੀਦਾ ਹੈ।

ਅੰਗ ੨੭੦ = ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ ॥ ਮੁਖਿ ਤਾ ਕੋ ਜਸੁ ਰਸਨ ਬਖਾਨੈ ॥ ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ ॥ ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ ॥ ਪ੍ਰਭ ਜੀ ਜਪਤ ਦਰਗਹ ਮਾਨੁ ਪਾਵਹਿ ॥ ਨਾਨਕ ਪਤਿ ਸੇਤੀ ਘਰਿ ਜਾਵਹਿ ॥੨॥ ਜਿਸ ਦੀ ਕ੍ਰਿਪਾ ਨਾਲ ਸਭ ਕੋਈ ਤੈਨੂੰ ਮਾਣ ਦੇਂਦਾ ਹੈ। (ਤੂੰ ਅਪਣੇ) ਮੂੰਹ ਤੇ ਰਸਨਾ ਨਾਲ ਉਸਦਾ ਜਸ ਉਚਾਰਨ ਕਰ। ਜਿਸ ਦੀ ਕ੍ਰਿਪਾ ਨਾਲ ਤੇਰਾ ਧਰਮ ਕਾਇਮ ਰਹਿੰਦਾ ਹੈ। ਹੇ ਮਨ! ਕੇਵਲ ਪ੍ਰਭੂ ਨੂੰ ਹੀ ਸਦਾ ਸਿਮਰ। (ਉਸ) ਪ੍ਰਭ ਜੀ ਨੂੰ ਜਪਦਿਆਂ (ਤੂੰ) ਦਰਗਾਹ ਵਿਚ ਆਦਰ ਪਾ ਲਵੇਂਗਾ। ਨਾਨਕ ਗੁਰੂ ਜੀ ਆਖਦੇ ਹਨ, (ਰੱਬ ਨੂੰ ਸਿਮਰ ਕੇ ਤੂੰ) ਇੱਜਤ ਨਾਲ ਪ੍ਰਲੋਕ ਘਰ ਵਿਚ ਜਾਵੇਂਗਾ।੨।

ਪਦਾਰਥ = ਪਾਟ–ਸੂਤੀ ਕਪੜੇ। ਪਟੰਬਰ–ਰੇਸ਼ਮੀ ਕਪੜੇ। ਕਤ–ਕਿਉਂ। ਅਵਰ–ਹੋਰ। ਲੁਭਾਵਹਿ–ਲਲਚਾਉਂਦਾ ਹੈਂ। ਸੋਈਜੈ–ਸੌਂਈਦਾ ਹੈ। ਗਾਵੀਜੈ–ਗਾਉਣਾ ਚਾਹੀਦਾ ਹੈ। ਸਭੁ ਕੋਊ–ਸਭ ਕੋਈ। ਮਾਨੈ–ਆਦਰ ਮਾਣ ਦੇਂਦਾ ਹੈ। ਮੁਖਿ–ਮੂੰਹ ਨਾਲ। ਰਸਨ–ਜੀਭ ਨਾਲ। ਬਖਾਨੈ–ਉਚਾਰਨ ਕਰ; ਬੋਲ। ਕੇਵਲ–ਸਿਰਫ। ਪਤਿ ਸੇਤੀ–ਇਜਤ ਨਾਲ। ਘਰਿ–ਨਿਜ ਸਰੂਪ ਵਿਚ; ਪ੍ਰਲੋਕ ਘਰ ਵਿਚ।੨।

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾਵਹੁ ਤਿਸੁ ਰਾਮ ਸਨੇਹੀ ॥ ਜਿਹ ਪ੍ਰਸਾਦਿ ਤੇਰਾ ਓਲਾ ਰਹਤ ॥ ਮਨ ਸੁਖੁ ਪਾਵਹਿ ਹਰਿ ਹਰਿ ਜਸੁ ਕਹਤ ॥ ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥ ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥ ਜਿਹ ਪ੍ਰਸਾਦਿ ਤੁਝ ਕੋ ਨ ਪਹੂਚੈ ॥ ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥ ਜਿਹ ਪ੍ਰਸਾਦਿ ਪਾਈ ਦ੍ਰੁਲਭ ਦੇਹ ॥ ਨਾਨਕ ਤਾ ਕੀ ਭਗਤਿ ਕਰੇਹ ॥੩॥ (ਹੇ ਮੇਰੇ ਮਨ!) ਜਿਸ ਦੀ ਕ੍ਰਿਪਾ ਨਾਲ ਸੋਨੇ ਵਰਗੀ ਸੁੰਦਰ (ਸੁਨਹਿਰੀ ਭਾਵ ਗੋਰੇ ਰੰਗ ਵਾਲੀ ਤੈਨੂੰ) ਅਰੋਗ ਦੇਹ ਮਿਲੀ ਹੈ; ਦੇਹ ਅਰੋਗ ਰਹਿੰਦੀ ਹੈ। ਉਸ ਪਿਆਰ ਕਰਨ ਵਾਲੇ ਪ੍ਰਭੂ ਨਾਲ (ਤੂੰ) ਲਿਵ ਲਾ ਲੈ। ਜਿਸ ਦੀ ਕ੍ਰਿਪਾ ਨਾਲ (ਅਨੇਕਾਂ ਔਗੁਣ ਕਰਨ ਤੇ ਵੀ) ਤੇਰਾ ਪੜਦਾ ਢਕਿਆ ਰਹਿੰਦਾ ਹੈ। ਹੇ ਮਨ! ਹਰਿ ਹਰਿ ਜਸ ਉਚਾਰਨ ਕਰਨ ਨਾਲ ਸੁਖ ਪਾਵੇਂਗਾ। ਜਿਸ ਦੀ ਕ੍ਰਿਪਾ ਨਾਲ ਤੇਰੇ ਸਾਰੇ ਐਬ ਢਕੇ ਹੋਏ ਹਨ। ਹੇ ਮਨ! ਉਸ ਪ੍ਰਭੂ ਦੇ ਸ਼ਰਨੀ ਪੈ ਜਾ। ਜਿਸ ਦੀ ਕ੍ਰਿਪਾ ਨਾਲ ਤੇਰੇ ਤਕ (ਦੁਖ ਦੇਣ ਵਾਲਾ) ਕੋਈ ਨਹੀਂ ਪਹੁੰਚ ਸਕਦਾ; ਕੋਈ ਤੇਰੇ ਬਰਾਬਰ ਨਹੀਂ ਪਹੁੰਚ ਸਕਦਾ। ਹੇ ਮਨ! ਉਸ ਉਚੇ ਪ੍ਰਭੂ ਨੂੰ ਸੁਆਸ ਸੁਆਸ ਸਿਮਰ। ਜਿਸ ਦੀ ਕ੍ਰਿਪਾ ਨਾਮ (ਤੈਂ) ਦੁਰਲੱਭ ਦੇਹ ਪਾਈ ਹੈ। ਨਾਨਕ ਗੁਰੂ ਜੀ ਸਿੱਖਿਆ ਦੇਂਦੇ ਹਨ, (ਹੇ ਮਨ! ਤੂੰ) ਉਸ ਪ੍ਰਭੂ ਦੀ ਭਗਤੀ ਕਰ।੩।

ਪਦਾਰਥ = ਅਰੋਗ–ਰੋਗ ਰਹਿਤ। ਕੰਚਨ–ਸੋਨੇ (ਵਰਗੀ ਸੁੰਦਰ)। ਸਨੇਹੀ–ਪਿਆਰ ਕਰਨ ਵਾਲਾ। ਓਲਾ–ਪੜਦਾ। ਛਿਦ੍ਰ–ਐਬ।੩।

All Rights Reserved by Harjinder Singh Gyani | www.GuruGranthVakhyaan.org

ਜਿਹ ਪ੍ਰਸਾਦਿ ਆਭੂਖਨ ਪਹਿਰੀਜੈ ॥ ਮਨ ਤਿਸੁ ਸਿਮਰਤ ਕਿਉ ਆਲਸੁ ਕੀਜੈ ॥ ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ ॥ ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ ॥ ਜਿਹ ਪ੍ਰਸਾਦਿ ਬਾਗ ਮਿਲਖ ਧਨਾ ॥ ਰਾਖੁ ਪਰੋਇ ਪ੍ਰਭੁ ਅਪੁਨੇ ਮਨਾ ॥ ਜਿਨਿ ਤੇਰੀ ਮਨ ਬਨਤ ਬਨਾਈ ॥ ਊਠਤ ਬੈਠਤ ਸਦ ਤਿਸਹਿ ਧਿਆਈ ॥ ਤਿਸਹਿ ਧਿਆਇ ਜੋ ਏਕ ਅਲਖੈ ॥ ਈਹਾ ਊਹਾ ਨਾਨਕ ਤੇਰੀ ਰਖੈ ॥੪॥ ਜਿਸ ਪ੍ਰਭੂ ਦੀ ਕ੍ਰਿਪਾ ਨਾਲ (ਹੇ ਮਨ!) ਗਹਿਣੇ ਪਹਿਨੀਦੇ ਹਨ। ਹੇ ਮਨ! ਉਸ (ਪ੍ਰਭੂ) ਨੂੰ ਸਿਮਰਦਿਆਂ ਆਲਸ ਕਿਉਂ ਕੀਤਾ ਜਾਵੇ। ਜਿਸ ਦੀ ਕ੍ਰਿਪਾ ਨਾਲ ਘੋੜਿਆਂ ਤੇ ਹਾਥੀਆਂ ਦੀ ਸਵਾਰੀ ਕਰਦਾ ਹੈਂ। ਹੇ ਮਨ! ਉਸ ਪ੍ਰਭੂ ਨੂੰ ਕਦੇ ਨਾ ਭੁਲਾਈਂ। ਜਿਸ ਦੀ ਕ੍ਰਿਪਾ ਨਾਲ (ਤੈਨੂੰ) ਬਾਗ ਬਗੀਚੇ, ਜਗੀਰਾਂ ਤੇ ਧਨ ਆਦਿ ਪ੍ਰਾਪਤ ਹੈ। ਉਸ ਪ੍ਰਭੂ ਨੂੰ ਅਪਣੇ ਮਨ ਵਿਚ ਪਰੋ ਕੇ ਰੱਖ। ਹੇ ਮਨ! ਜਿਸ ਪ੍ਰਭੂ ਨੇ ਤੇਰੀ ਬਣਤ ਬਣਾਈ ਹੈ (ਮਨ ਇੰਦ੍ਰੇ ਬੁਧੀ ਸਮੇਤ ਸਰੀਰ ਰਚਿਆ ਹੈ)। ਉਠਦਿਆਂ ਬੈਠਦਿਆਂ ਉਸ ਨੂੰ ਸਦਾ ਸਿਮਰਦਾ ਰਹਿ। ਨਾਨਕ ਗੁਰੂ ਜੀ ਆਖ ਰਹੇ ਹਨ, ਉਸ ਪ੍ਰਭੂ ਨੂੰ ਧਿਆ, ਜੋ ਇਕ ਹੈ ਤੇ ਅਲੱਖ ਹੈ ਅਤੇ (ਜਿਹੜਾ) ਲੋਕ ਪ੍ਰਲੋਕ ਵਿਚ ਵੀ ਤੇਰੀ ਰੱਖਿਆ ਕਰੇਗਾ।੪।

ਪਦਾਰਥ = ਆਭੂਖਨ–ਗਹਿਣੇ। ਪਹਿਰੀਜੈ–ਪਹਿਨੀਦੇ ਹਨ। ਅਸ੍ਵ–ਘੋੜੇ। ਹਸਤਿ–ਹਾਥੀ। ਕਬਹੂ ਨ–ਕਦੇ ਨਹੀਂ। ਮਿਲਖ–ਜਗੀਰਾਂ। ਧਨਾ–ਧਨ। ਜਿਨਿ–ਜਿਸ ਪ੍ਰਭੂ ਨੇ। ਬਨਤ–ਰਚਨਾ। ਬਨਾਈ–ਰਚੀ ਹੈ। ਸਦ–ਸਦਾ। ਤਿਸਹਿ–ਉਸ ਨੂੰ। ਅਲਖ–ਮਨ ਦੀ ਸਮਝ ਤੋਂ ਪਰੇ; ਜੋ ਕਥਿਆ ਨਾ ਜਾ ਸਕੇ। ਈਹਾ–ਇਥੇ (ਇਸ ਲੋਕ ਵਿਚ)। ਊਹਾ–ਉਥੇ (ਉਸ ਲੋਕ ਵਿਚ)। ਰਖੈ–ਰੱਖਿਆ ਕਰੇਗਾ।੪।

ਜਿਹ ਪ੍ਰਸਾਦਿ ਕਰਹਿ ਪੁੰਨ ਬਹੁ ਦਾਨ ॥ ਮਨ ਆਠ ਪਹਰ ਕਰਿ ਤਿਸ ਕਾ ਧਿਆਨ ॥ ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ ॥ ਤਿਸੁ ਪ੍ਰਭ ਕਉ ਸਾਸਿ ਸਾਸਿ ਚਿਤਾਰੀ ॥ ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥ ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥ ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥ ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥ ਜਿਹ ਪ੍ਰਸਾਦਿ ਤੇਰੀ ਪਤਿ ਰਹੈ ॥ ਗੁਰ ਪ੍ਰਸਾਦਿ ਨਾਨਕ ਜਸੁ ਕਹੈ ॥੫॥ ਜਿਸ (ਪ੍ਰਭੂ) ਦੀ ਕਿਰਪਾ ਨਾਲ (ਤੂੰ) ਬਹੁਤ ਪੁੰਨ ਦਾਨ ਕਰਦਾ ਹੈਂ। ਹੇ ਮਨ! ਅੱਠੇ ਪਹਿਰ (ਤੂੰ) ਉਸੇ ਦਾ ਹੀ ਧਿਆਨ ਕਰ। ਜਿਸ ਦੀ ਕ੍ਰਿਪਾ ਨਾਲ (ਤੂੰ) ਰਸਮ ਰਿਵਾਜ ਕਰਨ ਵਾਲਾ ਹੈਂ; ਧਰਮ ਕਰਮ ਕਰਨ ਵਾਲਾ ਹੈਂ। (ਇਕੱਲੇ ਧਰਮ ਕਰਮ ਤੇ ਹੀ ਨਾ ਰਹੁ) ਉਸ ਪ੍ਰਭੂ ਨੂੰ ਸੁਆਸ ਸੁਆਸ ਯਾਦ ਕਰ। ਜਿਸ ਦੀ ਕ੍ਰਿਪਾ ਨਾਲ ਤੇਰਾ ਰੂਪ (ਰੰਗ ਬੜਾ) ਸੁੰਦਰ ਹੈ। ਉਸ ਸੁੰਦਰ ਪ੍ਰਭੂ ਨੂੰ ਸਦਾ ਸਿਮਰਦਾ ਰਹੁ। ਜਿਸ ਦੀ ਕ੍ਰਿਪਾ ਕਰਕੇ ਤੇਰੀ ਉਤਮ ਜਾਤ ਹੈ। ਉਸ ਪ੍ਰਭੂ ਨੂੰ ਦਿਨ ਰਾਤ ਸਿਮਰ। ਜਿਸ ਦੀ ਕ੍ਰਿਪਾ ਨਾਲ (ਸੰਸਾਰ ਵਿਚ) ਤੇਰੀ ਇੱਜਤ ਰਹਿ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ, (ਤੈਨੂੰ ਚਾਹੀਦਾ ਹੈ ਕਿ) ਗੁਰੂ ਦੀ ਕ੍ਰਿਪਾ ਨਾਲ (ਪ੍ਰਭੂ ਦਾ) ਜਸ ਉਚਾਰਨ ਕਰਦਾ ਰਹੇਂ।੫।

ਪਦਾਰਥ = ਕਰਹਿ–ਕਰਦਾ ਹੈਂ। ਬਹੁ–ਬਹੁਤ। ਆਚਾਰ–ਰਸਮ ਰਿਵਾਜ; ਧਰਮ ਕਰਮ; ਰਹਿਣੀ ਬਹਿਣੀ। ਚਿਤਾਰੀ–ਯਾਦ ਕਰ। ਬਿਉਹਾਰੀ–ਵਿਹਾਰ ਕਰਨ ਵਾਲਾ। ਰੂਪੁ–ਸ਼ਕਲ। ਅਨੂਪ–ਉਪਮਾ ਰਹਿਤ; ਸੁੰਦਰ। ਨੀਕੀ–ਚੰਗੀ। ਪਤਿ–ਇੱਜਤ।੫।

ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥ ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥ ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥ ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥ ਜਿਹ ਪ੍ਰਸਾਦਿ ਹਸਤ ਕਰ ਚਲਹਿ ॥ ਜਿਹ ਪ੍ਰਸਾਦਿ ਸੰਪੂਰਨ ਫਲਹਿ ॥ ਜਿਹ ਪ੍ਰਸਾਦਿ ਪਰਮ ਗਤਿ ਪਾਵਹਿ ॥ ਜਿਹ ਪ੍ਰਸਾਦਿ ਸੁਖਿ ਸਹਜਿ ਸਮਾਵਹਿ ॥ ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ ॥ ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ ॥੬॥ ਜਿਸ ਦੀ ਕ੍ਰਿਪਾ ਕਰਕੇ ਕੰਨਾਂ ਨਾਲ ਰਾਗ (ਸੰਗੀਤ) ਸੁਣਦਾ ਹੈਂ। ਜਿਸ ਦੀ ਕ੍ਰਿਪਾ ਨਾਲ ਅਸਚਰਜ ਕੌਤਕ ਤੇ ਦ੍ਰਿਸ਼ ਦੇਖਦਾ ਹੈਂ। ਜਿਸਦੀ ਕ੍ਰਿਪਾ ਕਰਕੇ (ਤੂੰ) ਜੀਭ ਨਾਲ ਅੰਮ੍ਰਿਤ ਮਈ ਮਿੱਠੇ ਬੋਲ ਬੋਲਦਾ ਹੈਂ। ਜਿਸ ਦੀ ਕ੍ਰਿਪਾ ਨਾਲ (ਤੂੰ) ਅਸਾਨੀ ਨਾਲ ਸੁੱਖਾਂ ਵਿਚ ਵਸਦਾ ਹੈਂ। ਜਿਸ ਦੀ ਕ੍ਰਿਪਾ ਕਰਕੇ ਹੱਥਾਂ ਨਾਲ ਕੰਮ ਕਰਦਾ ਹੈਂ ਤੇ (ਪੈਰਾਂ ਨਾਲ) ਚਲਦਾ ਹੈਂ। ਜਿਸ ਦੀ ਕ੍ਰਿਪਾ ਨਾਲ (ਤੂੰ) ਚੰਗੀ ਤਰ੍ਹਾਂ ਫਲਦਾ ਫੁਲਦਾ ਹੈਂ। ਜਿਸ ਦੀ ਕ੍ਰਿਪਾ ਨਾਲ (ਤੂੰ) ਪਰਮ ਗਤੀ ਪਾ ਸਕਦਾ ਹੈਂ। ਜਿਸ ਦੀ ਕ੍ਰਿਪਾ ਨਾਲ ਕੁਦਰਤੀ ਸੁਖ ਵਿਚ ਸਮਾ ਸਕਦਾ ਹੈਂ। ਐਸੇ ਪ੍ਰਭੂ ਨੂੰ ਛਡ ਕੇ ਹੋਰ ਕਿਸ ਵੱਲ ਲਗ ਰਿਹਾ ਹੈਂ? ਨਾਨਕ ਗੁਰੂ ਜੀ ਸਿਖਿਆ ਦੇਂਦੇ ਹਨ, ਗੁਰੂ ਦੀ ਕ੍ਰਿਪਾ ਨਾਲ ਮਨ ਕਰਕੇ ਜਾਗਦਾ ਰਹੁ।੬।

ਪਦਾਰਥ = ਸੁਨਹਿ–ਸੁਣਦਾ ਹੈਂ। ਕਰਨ–ਕੰਨਾਂ ਨਾਲ। ਨਾਦ–ਰਾਗ; ਸੰਗੀਤ। ਪੇਖਹਿ–ਦੇਖਦਾ ਹੈਂ। ਬਿਸਮਾਦ–ਅਸਚਰਜ ਕੌਤਕ। ਅੰਮ੍ਰਿਤ –ਅੰਮ੍ਰਿਤ ਵਰਗੇ ਮਿੱਠੇ। ਰਸਨਾ–ਜੀਭ ਨਾਲ। ਸਹਜੇ–ਆਸਾਨੀ ਨਾਲ। ਬਸਨਾ–ਵਸਦਾ ਹੈਂ। ਹਸਤ–ਹੱਥ। ਕਰ–ਕਰਦਾ ਹੈਂ। ਚਲਹਿ–ਚਲਦੇ ਹਨ। ਸੰਪੂਰਨ–ਚੰਗੀ ਤਰ੍ਹਾਂ। ਫਲਹਿ–ਫਲਦਾ ਹੈਂ। ਪਰਮ ਗਤਿ–ਮੁਕਤੀ। ਸੁਖਿ ਸਹਜਿ–ਕੁਦਰਤੀ ਸੁਖ ਵਿਚ। ਕਤ–ਕਿਥੇ।੬।

ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ ॥ ਤਿਸੁ ਪ੍ਰਭ ਕਉ ਮੂਲਿ ਨ ਮਨਹੁ ਬਿਸਾਰਿ ॥ ਜਿਹ ਪ੍ਰਸਾਦਿ ਤੇਰਾ ਪਰਤਾਪੁ ॥ ਰੇ ਮਨ ਮੂੜ ਤੂ ਤਾ ਕਉ ਜਾਪੁ ॥ ਜਿਹ ਪ੍ਰਸਾਦਿ ਤੇਰੇ ਕਾਰਜ ਪੂਰੇ ॥ ਤਿਸਹਿ ਜਾਨੁ ਮਨ ਸਦਾ ਹਜੂਰੇ ॥ ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥ ਰੇ ਮਨ ਮੇਰੇ, ਤੂੰ ਤਾ ਸਿਉ ਰਾਚੁ ॥ ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥ ਨਾਨਕ ਜਾਪੁ ਜਪੈ ਜਪੁ ਸੋਇ ॥੭॥ ਜਿਸ ਦੀ ਕ੍ਰਿਪਾ ਨਾਲ (ਤੂੰ) ਜਗਤ ਵਿਚ ਪ੍ਰਸਿੱਧ ਹੈਂ। ਉਸ ਪ੍ਰਭੂ ਨੂੰ ਮਨ ਵਿਚੋਂ ਉਕਾ ਹੀ ਨ ਭੁਲਾ। ਜਿਸ ਦੀ ਕ੍ਰਿਪਾ ਨਾਲ ਤੇਰਾ ਤਪ ਤੇਜ ਬਣਿਆ ਹੋਇਆ ਹੈ। ਹੇ ਮੂਰਖ ਮਨ! ਤੂੰ ਉਸ (ਪ੍ਰਭੂ) ਨੂੰ ਜਪ। ਜਿਸ ਦੀ ਕ੍ਰਿਪਾ ਨਾਲ ਤੇਰੇ ਕਾਰਜ ਪੂਰੇ ਹੁੰਦੇ ਹਨ। ਹੇ ਮਨ! ਉਸ (ਪ੍ਰਭੂ) ਨੂੰ ਹਾਜਰ ਨਾਜਰ ਸਮਝ। ਜਿਸ

All Rights Reserved by Harjinder Singh Gyani | www.GuruGranthVakhyaan.org

ਦੀ ਕ੍ਰਿਪਾ ਨਾਲ ਤੂੰ ਸੱਚ ਨੂੰ ਪ੍ਰਾਪਤ ਕਰ ਸਕਦਾ ਹੈਂ। ਹੇ ਮੇਰੇ ਮਨ! ਤੂੰ ਉਸ ਨਾਲ ਲੀਨ ਹੋ ਜਾ। ਜਿਸ ਦੀ ਕ੍ਰਿਪਾ ਨਾਲ ਸਭ ਦੀ ਕਲਿਆਣ ਹੁੰਦੀ ਹੈ। ਨਾਨਕ ਉਸ ਜਪਣ ਯੋਗ ਪ੍ਰਭੂ ਨੂੰ ਜਪਦਾ ਹੈ, (ਹੇ ਭਾਈ! ਤੂੰ ਵੀ) ਜਪ।੭।

ਪਦਾਰਥ = ਪਰਗਟ-ਪ੍ਰਸਿੱਧ। ਮੂਲ ਨ-ਉਕਾ ਹੀ ਨਹੀਂ; ਕਦੇ ਨਹੀਂ। ਪਰਤਾਪੁ-ਤਪ ਤੇਜ। ਮੂੜ-ਮੂਰਖ। ਤਾ ਕਉ-ਉਸ ਨੂੰ। ਤਿਸਹਿ -ਉਸ ਨੂੰ। ਰਾਚੁ-ਜੁੜ ਜਾ; ਲੀਨ ਹੋ ਜਾ। ਗਤਿ-ਮੁਕਤੀ। ਸੋਇ-ਉਹ; ਉਸ ਦਾ।੭।

ਆਪਿ ਜਪਾਏ ਜਪੈ ਸੋ ਨਾਉ ॥ ਆਪਿ ਗਾਵਾਏ ਸੁ ਹਰਿ ਗੁਨ ਗਾਉ ॥ (ਜਿਸ ਮਨੁੱਖ ਨੂੰ ਪ੍ਰਭੂ) ਆਪ ਜਪਾਵੇ, ਉਹ ਹੀ ਨਾਮ ਜਪਦਾ ਹੈ। ਉਹ ਪੁਰਖ ਹੀ ਹਰੀ ਦੇ ਗੁਣ ਗਾਉਂਦਾ ਹੈ, (ਜਿਸ ਤੋਂ ਉਹ) ਆਪ ਗਾਇਨ ਕਰਵਾਵੇ।

ਅੰਗ ੨੭੧ = ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥ ਪ੍ਰਭੂ ਦਇਆ ਤੇ ਕਮਲ ਬਿਗਾਸੁ ॥ ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥ ਪ੍ਰਭ ਦਇਆ ਤੇ ਮਤਿ ਊਤਮ ਹੋਇ ॥ ਸਰਬ ਨਿਧਾਨ ਪ੍ਰਭ ਤੇਰੀ ਮਇਆ ॥ ਆਪਹੁ ਕਛੂ ਨ ਕਿਨਹੂ ਲਇਆ ॥ ਜਿਤੁ ਜਿਤੁ ਲਾਵਹੁ ,ਤਿਤੁ ਲਗਹਿ ਹਰਿ ਨਾਥ ॥ ਨਾਨਕ ਇਨ ਕੈ ਕਛੂ ਨ ਹਾਥ ॥੮॥੬॥ ਪ੍ਰਭੂ ਦੀ ਕ੍ਰਿਪਾ ਨਾਲ (ਮਨੁੱਖ ਨੂੰ ਗਿਆਨ ਦਾ) ਪ੍ਰਕਾਸ਼ ਹੁੰਦਾ ਹੈ। ਪ੍ਰਭੂ ਦੀ ਦਇਆ ਤੇ ਹੀ ਹਿਰਦਾ ਕਮਲ ਖਿੜਦਾ ਹੈ। (ਜਿਸ ਮਨੁੱਖ ਉਤੇ) ਪ੍ਰਭੂ ਅਤੀ ਪ੍ਰਸੰਨ ਹੁੰਦਾ ਹੈ, (ਉਸ ਦੇ) ਮਨ ਵਿਚ ਉਹ ਵਸਦਾ ਹੈ। ਪ੍ਰਭੂ ਦੀ ਦਇਆ ਤੇ (ਮਨੁੱਖ ਦੀ) ਮੱਤ ਉਤਮ ਹੁੰਦੀ ਹੈ। ਹੇ ਪ੍ਰਭੂ! ਸਾਰੇ ਖਜਾਨੇ ਤੇਰੀ ਕ੍ਰਿਪਾ ਦ੍ਰਿਸਟੀ ਵਿਚ ਹੀ ਹਨ। (ਤੇਰੀ ਕ੍ਰਿਪਾ ਤੋਂ ਬਿਨਾ) ਆਪਣੇ ਆਪ ਕਿਸੇ ਨੇ ਕੁਛ ਨਹੀਂ ਲਿਆ। ਹੇ ਹਰੀ! ਹੇ ਮਾਲਕ! ਜਿਸ ਜਿਸ ਪਾਸੇ (ਤੁਸੀਂ ਜੀਵਾਂ ਨੂੰ) ਲਾਉਂਦੇ ਹੋ, (ਜੀਵ) ਉਧਰ ਹੀ ਲਗਦੇ ਹਨ। ਨਾਨਕ ਗੁਰੂ ਜੀ ਆਖਦੇ ਹਨ, ਇਨ੍ਹਾਂ (ਜੀਵਾਂ) ਦੇ ਹੱਥ ਵਸ ਕੁਛ ਵੀ ਨਹੀਂ (ਤੇਰੇ ਹੁਕਮ ਵਿਚ ਹਨ)।੮।੬।

ਪਦਾਰਥ = ਸੋ-ਉਹ। ਤੇ-ਤੋਂ; ਨਾਲ। ਪ੍ਰਗਾਸੁ-(ਗਿਆਨ ਦਾ) ਚਾਨਣਾ। ਕਮਲ-ਹਿਰਦਾ। ਬਿਗਾਸੁ-ਖਿੜਦਾ ਹੈ। ਸੋਇ-ਉਹ। ਮਤਿ-ਬੁੱਧੀ। ਨਿਧਾਨ-ਖਜਾਨੇ। ਮਇਆ-ਕ੍ਰਿਪਾ ਨਾਲ। ਕਿਨਹੂ-ਕਿਸੇ ਨੇ ਵੀ। ਇਨ ਕੈ-ਇਨ੍ਹਾਂ ਦੇ।੮।੬।

ਸਲੋਕੁ ॥ ਅਗਮ ਅਗਾਧਿ ਪਾਰਬ੍ਰਹਮੁ ਸੋਇ ॥ ਜੋ ਜੋ ਕਹੈ ਸੁ ਮੁਕਤਾ ਹੋਇ ॥ ਸੁਨਿ ਮੀਤਾ ਨਾਨਕੁ ਬਿਨਵੰਤਾ ॥ ਸਾਧ ਜਨਾ ਕੀ ਅਚਰਜ ਕਥਾ ॥੧॥ (ਹੇ ਭਾਈ!) ਉਹ ਪ੍ਰਮਾਤਮਾ (ਮਨੁੱਖ ਦੇ ਮਨ ਤੇ ਬੁੱਧੀ ਦੀ) ਪਹੁੰਚ ਤੋਂ ਪਰੇ ਹੈ ਅਤੇ ਅਥਾਹ ਹੈ। ਜਿਹੜਾ ਜਿਹੜਾ ਮਨੁੱਖ (ਪ੍ਰਭੂ ਦਾ) ਨਾਮ ਉਚਾਰਦਾ ਹੈ, ਉਹ ਉਹ ਮੁਕਤ ਹੋ ਜਾਂਦਾ ਹੈ। ਨਾਨਕ ਬੇਨਤੀ ਕਰਦਾ ਹੈ, ਹੇ ਮਿਤ੍ਰ! (ਤੂੰ) ਸਾਧੂ ਜਨਾਂ ਦੀ ਅਸਚਰਜ ਕਥਾ (ਗੁਣਾਂ ਦਾ ਜਸ) ਸੁਣ (ਸਿਮਰਨ ਦੀ ਬਰਕਤ ਨਾਲ ਸਧੂਆਂ ਅੰਦਰ ਬੇਅੰਤ ਗੁਣ ਪੈਦਾ ਹੋ ਜਾਂਦੇ ਹਨ)।੧।

ਪਦਾਰਥ = ਅਗਮ-ਅਪਹੁੰਚ। ਅਗਾਧਿ-ਅਥਾਹ। ਸੋਇ-ਉਹ। ਮੀਤਾ-ਹੇ ਮਿਤ੍ਰ!। ਬਿਨਵੰਤਾ-ਬੇਨਤੀ ਕਰਦਾ ਹੈ।੧।

ਨੋਟ = ਅੱਗੇ ਦਸਿਆ ਸੀ ਕਿ ਮਨੁੱਖ ਨਾਮ ਸਿਮਰਨ ਵਿਚ ਆਪ ਨਹੀਂ ਲਗ ਸਕਦਾ। ਵਾਹਿਗੁਰੂ ਦੀ ਕ੍ਰਿਪਾ ਹੋਵੇ ਤਾਂ ਹੀ ਇਹ ਨਾਮ ਜਪ ਸਕਦਾ ਹੈ। ਹੁਣ ਦਸਦੇ ਹਨ ਕਿ ਇਹ ਕਿਰਪਾ ਹੁੰਦੀ ਕਿਵੇਂ ਹੈ? ਇਸਦਾ ਰੂਪ ਕੀ ਹੈ? ਉਹ ਇਹ ਹੈ ਕਿ ਜਿਨ੍ਹਾਂ ਮਹਾਂ ਪੁਰਖਾਂ ਨੇ ਨਾਮ ਦੀ ਕਮਾਈ ਕੀਤੀ ਹੈ, ਉਨ੍ਹਾਂ ਦੀ ਸੰਗਤ ਕਰਨ ਨਾਲ ਮਨੁੱਖ ਨੂੰ ਲਾਗ ਲਗਦੀ ਹੈ ਤੇ ਨਾਮ ਜਪ ਕੇ ਜੀਵਨ ਸਫਲਾ ਕਰਦਾ ਹੈ।

ਅਸਟਪਦੀ = ਸਾਧ ਕੈ ਸੰਗਿ ਮੁਖ ਊਜਲ ਹੋਤ ॥ ਸਾਧ ਸੰਗਿ ਮਲੁ ਸਗਲੀ ਖੋਤ ॥ ਸਾਧ ਕੈ ਸੰਗਿ ਮਿਟੈ ਅਭਿਮਾਨੁ ॥ ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ ॥ ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ ॥ ਸਾਧ ਸੰਗਿ ਸਭੁ ਹੋਤ ਨਿਬੇਰਾ ॥ ਸਾਧ ਕੈ ਸੰਗਿ ਪਾਏ ਨਾਮ ਰਤਨੁ ॥ ਸਾਧ ਕੈ ਸੰਗਿ ਏਕ ਊਪਰਿ ਜਤਨੁ ॥ ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥੧॥ ਸਾਧੂ ਦਾ ਸੰਗ ਕਰਕੇ ਮੂੰਹ ਉਜਲਾ ਹੁੰਦਾ ਹੈ। ਸਾਧੂ ਦਾ ਸੰਗ ਕਰਕੇ (ਮਨ ਦੀ) ਸਾਰੀ ਮੈਲ ਦੂਰ ਹੋ ਜਾਂਦੀ ਹੈ। ਸਾਧੂ ਦਾ ਸੰਗ ਕਰਕੇ ਅਭਿਮਾਨ ਮਿਟ ਜਾਂਦਾ ਹੈ। ਸਾਧ ਦਾ ਸੰਗ ਕਰਕੇ ਸ੍ਰੇਸਟ ਗਿਆਨ ਪ੍ਰਗਟ ਹੋ ਜਾਂਦਾ ਹੈ। ਸਾਧੂ ਦਾ ਸੰਗ ਕਰਕੇ ਪ੍ਰਭੂ ਨੂੰ (ਮਨੁੱਖ ਅਪਣੇ) ਨੇੜੇ ਸਮਝਦਾ ਹੈ। ਸਾਧੂ ਦਾ ਸੰਗ ਕਰਕੇ ਸਭ ਝਗੜੇ ਨਿਬੜ (ਮੁੱਕ) ਜਾਂਦੇ ਹਨ (ਸ਼ਬਦਾਰਥ); ਮਨ ਦੇ ਜਾਂ ਲੋਕਾਂ ਨਾਲ ਝਗੜੇ ਜਾਂ ਧਾਰਮਕ ਬਹਿਸਾਂ ਆਦਿ ਦੇ ਫੈਸਲੇ ਹੋ ਜਾਂਦੇ ਹਨ (ਜਦ ਵਾਹਿਗੁਰੂ ਅਨੁਭਵ ਵਿਚ ਆ ਗਿਆ ਤਾਂ ਸਾਰੇ ਝਗੜੇ ਮੁੱਕ ਗਏ, ਇਹ ਸਭ ਕੁਛ ਨਾਮ ਜਪ ਕੇ ਹੁੰਦਾ ਹੈ, ਪਰ)। ਨਾਮ ਰਤਨ ਸਾਧ ਦਾ ਸੰਗ ਕਰਕੇ ਪ੍ਰਾਪਤ ਹੁੰਦਾ ਹੈ। ਸਾਧੂ ਦਾ ਸੰਗ ਕਰਕੇ (ਮਨੁੱਖ) ਇਕ ਪ੍ਰਭੂ ਦੀ ਪ੍ਰਾਪਤੀ ਲਈ ਜਤਨ ਕਰਦਾ ਹੈ। (ਇਸ ਕਰਕੇ) ਸਾਧੂ ਦੀ ਵਡਿਆਈ ਕੌਣ ਬਿਆਨ ਕਰ ਸਕਦਾ ਹੈ? ਨਾਨਕ ਗੁਰੂ ਜੀ ਆਖ ਰਹੇ ਹਨ ਕਿ ਸਾਧੂ ਦੀ ਸੋਭਾ ਪ੍ਰਭੂ ਵਿਚ ਸਮਾਈ ਹੋਈ ਹੁੰਦੀ ਹੈ (ਸਾਧੂ ਦੀ ਵਡਿਆਈ ਪ੍ਰਭੂ ਦੀ ਵਡਿਆਈ ਹੈ)।੧।

ਪਦਾਰਥ = ਊਜਲ-ਸਾਫ। ਹੋਤ-ਹੁੰਦਾ ਹੈ। ਸਗਲੀ-ਸਾਰੀ। ਖੋਤ-ਦੂਰ ਹੁੰਦੀ ਹੈ। ਸੁਗਿਆਨੁ-ਸ੍ਰੇਸਟ ਗਿਆਨ। ਨੇਰਾ-ਨੇੜੇ। ਨਿਬੇਰਾ-ਫੈਸਲਾ; ਮੁੱਕਦਾ ਹੈ। ਏਕ ਊਪਰਿ-ਇਕ ਪ੍ਰਭੂ ਲਈ। ਬਰਨੈ-ਬਿਆਨ ਕਰਦਾ ਹੈ। ਸਮਾਨੀ-ਮਿਲੀ ਹੋਈ ਹੈ।੧।

ਸਾਧ ਕੈ ਸੰਗਿ ਅਗੋਚਰੁ ਮਿਲੈ ॥ ਸਾਧ ਕੈ ਸੰਗਿ ਸਦਾ ਪਰਫੁਲੈ ॥ ਸਾਧ ਕੈ ਸੰਗਿ ਆਵਹਿ ਬਸਿ ਪੰਚਾ ॥ ਸਾਧ ਕੈ ਸੰਗਿ ਅੰਮ੍ਰਿਤ ਰਸੁ ਭੁੰਚਾ ॥ ਸਾਧ ਸੰਗਿ ਹੋਇ ਸਭ ਕੀ ਰੇਨ ॥ ਸਾਧ ਕੈ ਸੰਗਿ ਮਨੋਹਰ ਬੈਨ ॥ ਸਾਧ ਕੈ ਸੰਗਿ ਨ ਕਤਹੂੰ ਧਾਵੈ ॥ ਸਾਧ ਸੰਗਿ ਅਸਥਿਤਿ

ਮਨੁ ਪਾਵੈ ॥ ਸਾਧ ਕੈ ਸੰਗਿ ਮਾਇਆ ਤੇ ਭਿੰਨ ॥ ਸਾਧ ਸੰਗਿ ਨਾਨਕ ਪ੍ਰਭ ਸੁਪ੍ਰਸੰਨ ॥੨॥ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਜੋ ਪ੍ਰਭੂ ਹੈ, ਉਹ ਸਾਧੂ ਦਾ ਸੰਗ ਕਰਕੇ ਮਿਲ ਜਾਂਦਾ ਹੈ। ਸਾਧੂ ਦਾ ਸੰਗ ਕਰਕੇ (ਮਨੁੱਖ) ਸਦਾ ਪ੍ਰਸੰਨ ਚਿਤ ਰਹਿੰਦਾ ਹੈ। ਸਾਧੂ ਦਾ ਸੰਗ ਕਰਕੇ ਪੰਜ ਕਾਮਾਦਿਕ ਵਸ ਵਿਚ ਆ ਜਾਂਦੇ ਹਨ। ਸਾਧੂ ਦਾ ਸੰਗ ਕਰਕੇ (ਮਨੁੱਖ) ਅੰਮ੍ਰਿਤ ਰਸ ਭੋਗਦਾ ਹੈ। ਸਾਧੂ ਦਾ ਸੰਗ ਕਰਕੇ (ਮਨੁੱਖ) ਸਭ ਦੇ ਚਰਨਾਂ ਦੀ ਧੂੜ ਹੋ ਜਾਂਦਾ ਹੈ। ਸਾਧੂ ਦਾ ਸੰਗ ਕਰਕੇ (ਮਨੁੱਖ) ਮਨ ਨੂੰ ਮੋਹ ਲੈਣ ਵਾਲੇ ਬੋਲ ਬੋਲਦਾ ਹੈ। ਸਾਧ ਦਾ ਸੰਗ ਕਰਕੇ (ਮਨ) ਕਿਸੇ ਪਾਸੇ ਦੌੜਦਾ ਨਹੀਂ। ਸਾਧੂ ਦਾ ਸੰਗ ਕਰਕੇ ਮਨ ਟਿਕਾਉ ਪਾ ਲੈਂਦਾ ਹੈ। ਸਾਧ ਦਾ ਸੰਗ ਕਰਕੇ (ਮਨੁੱਖ) ਮਾਇਆ ਤੋਂ ਵੱਖ (ਅਜਾਦ) ਹੋ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧੂ ਦਾ ਸੰਗ ਕਰਕੇ ਪ੍ਰਭੂ (ਮਨੁੱਖ ਉਪਰ) ਬਹੁਤ ਪ੍ਰਸੰਨ ਹੁੰਦਾ ਹੈ।੨।

ਪਦਾਰਥ = ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ। ਪਰਫੁਲੈ–ਖਿੜਦਾ ਹੈ। ਬਸਿ–ਕਾਬੂ ਵਿਚ। ਪੰਚ–ਪੰਜ (ਕਾਮਾਦਿਕ)। ਭੁੰਚਾ–ਭੋਗਦਾ (ਖਾਂਦਾ) ਹੈ। ਰੇਨ–ਚਰਨ ਧੂੜ। ਮਨੋਹਰ–ਮਨ ਨੂੰ ਮੋਹ ਲੈਣ ਵਾਲੇ। ਬੈਨ–ਬਚਨ। ਕਤਹੂੰ–ਕਿਸੇ ਪਾਸੇ। ਧਾਵੈ–ਦੌੜਦਾ। ਅਸਥਿਤਿ–ਟਿਕਾਉ। ਭਿੰਨ–ਵੱਖ (ਨਿਰਲੇਪ)। ਸੁਪ੍ਰਸੰਨ–ਬਹੁਤ ਖੁਸ਼; ਮੇਹਰਬਾਨ।੨।

ਸਾਧ ਸੰਗਿ ਦੁਸਮਨ ਸਭਿ ਮੀਤ ॥ ਸਾਧੂ ਕੈ ਸੰਗਿ ਮਹਾ ਪੁਨੀਤ ॥ ਸਾਧ ਸੰਗਿ ਕਿਸ ਸਿਉ ਨਹੀ ਬੈਰੁ ॥ ਸਾਧ ਕੈ ਸੰਗਿ ਨ ਬੀਗਾ ਪੈਰੁ ॥ ਸਾਧ ਕੈ ਸੰਗਿ ਨਾਹੀ ਕੋ ਮੰਦਾ ॥ ਸਾਧ ਸੰਗਿ ਜਾਨੇ ਪਰਮਾਨੰਦਾ ॥ ਸਾਧ ਕੈ ਸੰਗਿ ਨਾਹੀ ਹਉ ਤਾਪੁ ॥ ਸਾਧ ਕੈ ਸੰਗਿ ਤਜੈ ਸਭੁ ਆਪੁ ॥ ਆਪੇ ਜਾਨੈ ਸਾਧ ਬਡਾਈ ॥ ਨਾਨਕ ਸਾਧ ਪ੍ਰਭੂ ਬਨਿ ਆਈ ॥੩॥ ਸਾਧੂ ਦਾ ਸੰਗ ਕਰਕੇ ਸਾਰੇ ਦੁਸ਼ਮਨ ਮਿਤ੍ਰ ਬਣ ਜਾਂਦੇ ਹਨ। ਸਾਧੂ ਦਾ ਸੰਗ ਕਰਕੇ (ਪਾਪੀ ਮਨੁੱਖ ਵੀ) ਬਹੁਤ ਪਵਿਤ੍ਰ ਹੋ ਜਾਂਦਾ ਹੈ। ਸਾਧੂ ਦਾ ਸੰਗ ਕਰਕੇ ਕਿਸੇ ਨਾਲ ਵੈਰ ਭਾਵ ਨਹੀਂ ਰਹਿੰਦਾ। ਸਾਧੂ ਦਾ ਸੰਗ ਕਰਕੇ (ਮਨੁੱਖ ਅਪਣਾ) ਪੈਰ ਕੁਰਾਹੇ ਨਹੀ ਧਰਦਾ। ਸਾਧ ਦਾ ਸੰਗ ਕਰਕੇ ਕੋਈ ਵੀ ਬੁਰਾ ਨਜਰ ਨਹੀਂ ਆਉਂਦਾ; ਕੋਈ ਮੰਦਾ ਕਰਮ ਨਹੀਂ ਕਰਦਾ। ਸਾਧ ਦਾ ਸੰਗ ਕਰਕੇ ਪਰਮ ਅਨੰਦ ਸਰੂਪ ਪ੍ਰਭੂ ਨੂੰ ਜਾਣ ਲੈਂਦਾ ਹੈ। ਸਾਧ ਦਾ ਸੰਗ ਕਰਕੇ ਹਉਮੈ ਦਾ ਤਾਪ ਨਹੀਂ ਚੜ੍ਹਦਾ (ਮੈਂ ਮੇਰੀ ਮਿਟ ਜਾਂਦੀ ਹੈ)। ਸਾਧ ਦਾ ਸੰਗ ਕਰਕੇ (ਮਨੁੱਖ) ਆਪਾ ਭਾਵ ਸਾਰਾ ਛਡ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, ਪ੍ਰਭੂ ਆਪ ਹੀ ਸਾਧੂਆਂ ਦੀ ਵਡਿਆਈ ਜਾਣਦਾ ਹੈ, (ਕਿਉਂਕਿ) ਸਾਧੂਆਂ ਦੀ (ਮਿਤ੍ਰਤਾ) ਪ੍ਰਭੂ ਨਾਲ ਬਣ ਆਈ ਹੈ।੩।

ਪਦਾਰਥ = ਮੀਤ–ਮਿਤ੍ਰ। ਮਹਾ ਪੁਨੀਤ–ਬਹੁਤ ਪਵਿਤ੍ਰ। ਸਿਉ–ਨਾਲ। ਬੀਗਾ ਪੈਰੁ–ਕਦਮ ਕੁਰਾਹੇ ਨਹੀਂ ਰਖਦਾ। ਕੋ–ਕੋਈ। ਪਰਮਾਨੰਦਾ –ਪਰਮ ਅਨੰਦ ਦਾ ਮਾਲਕ ਪ੍ਰਭੂ। ਹਉ–ਹਉਮੈ। ਤਾਪੁ–ਬੁਖਾਰ। ਆਪੁ–ਅਪਣੱਤ। ਬਨਿ ਆਈ–ਪੱਕੀ ਮਿਤ੍ਰਤਾ ਬਣ ਗਈ ਹੈ।੩।

ਸਾਧ ਕੈ ਸੰਗਿ ਨ ਕਬਹੂ ਧਾਵੈ ॥ ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥ ਸਾਧ ਸੰਗਿ ਬਸਤੁ ਅਗੋਚਰ ਲਹੈ ॥ ਸਾਧੂ ਕੈ ਸੰਗਿ ਅਜਰੁ ਸਹੈ ॥ ਸਾਧ ਕੈ ਸੰਗਿ ਬਸੈ ਥਾਨਿ ਊਚੈ ॥ ਸਾਧੂ ਕੈ ਸੰਗਿ ਮਹਲਿ ਪਹੂਚੈ ॥ ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥ ਸਾਧ ਕੈ ਸੰਗਿ ਕੇਵਲ ਪਾਰਬ੍ਰਹਮ ॥ ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥ ਨਾਨਕ ਸਾਧੂ ਕੈ ਕੁਰਬਾਨ ॥੪॥ ਸਾਧ ਦਾ ਸੰਗ ਕਰਕੇ (ਮਨ) ਕਦੇ ਦੌੜਦਾ ਨਹੀਂ (ਨਾਮ ਵਿਚ ਟਿਕਿਆ ਰਹਿੰਦਾ ਹੈ; ਇਧਰ ਉਧਰ ਭਟਕਦਾ ਨਹੀਂ)। ਸਾਧ ਦਾ ਸੰਗ ਕਰਕੇ (ਮਨੁੱਖ) ਸਦਾ ਸੁਖ ਪਾਉਂਦਾ ਹੈ। ਸਾਧ ਦਾ ਸੰਗ ਕਰਕੇ (ਇੰਦ੍ਰੀਆਂ ਦੀ) ਪਹੁੰਚ ਤੋਂ ਪਰੇ ਆਤਮ ਵਸਤੂ ਨੂੰ ਲੱਭ ਲੈਂਦਾ ਹੈ। ਸਾਧ ਦਾ ਸੰਗ ਕਰਕੇ ਨਾ ਜਰੇ ਜਾਣ ਵਾਲੀ ਵਸਤੂ ਨੂੰ ਜਰ ਲੈਂਦਾ ਹੈ। ਸਾਧ ਦਾ ਸੰਗ ਕਰਕੇ ਮਨੁੱਖ ਉਚੀ ਥਾਂ (ਸੱਚਖੰਡ ਜਾਂ ਤੁਰੀਆ ਪਦ ਵਿਚ) ਵਸਦਾ ਹੈ। ਸਾਧ ਦਾ ਸੰਗ ਕਰਕੇ (ਮਨੁੱਖ ਰੱਬ ਦੇ) ਮਹਿਲ ਵਿਚ ਜਾ ਪਹੁੰਚਦਾ ਹੈ। ਸਾਧ ਦਾ ਸੰਗ ਕਰਕੇ ਸਾਰੇ ਧਰਮਾਂ (ਦੀ ਸੱਚਾਈ) ਨੂੰ ਦ੍ਰਿੜ ਕਰਦਾ ਹੈ (ਸਾਰੇ ਧਰਮਾਂ ਵਿਚ ਪ੍ਰਭੂ ਨੂੰ ਨਿਸਚੇ ਕਰਦਾ ਹੈ ਅਤੇ ਨਾ ਕਿਸੇ ਧਰਮ ਨੂੰ ਨਿੰਦਦਾ ਹੈ)। ਸਾਧ ਦਾ ਸੰਗ ਕਰਕੇ (ਮਨੁੱਖ) ਕੇਵਲ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ। ਸਾਧ ਦਾ ਸੰਗ ਕਰਕੇ (ਮਨੁੱਖ) ਨਾਮ ਦਾ ਖਜਾਨਾ ਪਾ ਲੈਂਦਾ ਹੈ। ਨਾਨਕ (ਗੁਰੂ ਜੀ) ਸਾਧੂਆਂ ਤੋਂ ਕੁਰਬਾਨ ਜਾਂਦੇ ਹਨ।੪।

ਪਦਾਰਥ = ਕਬਹੂ–ਕਦੇ ਵੀ। ਧਾਵੈ–ਦੌੜਦਾ; ਭਟਕਦਾ। ਬਸਤੁ–ਵਸਤੂ। ਅਗੋਚਰ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਲਹੈ–ਲੱਭ ਲੈਂਦਾ ਹੈ। ਅਜਰੁ–ਨਾ ਸਹਾਰੀ ਜਾਣ ਵਾਲੀ। ਸਹੈ–ਸਹਿੰਦਾ ਹੈ। ਦ੍ਰਿੜੈ–ਸਮਝ ਲੈਂਦਾ ਹੈ; ਨਿਸਚੇ ਕਰਦਾ ਹੈ। ਨਿਧਾਨ–ਖਜਾਨਾ।੪।

ਅਜਰੁ = ਚੰਗਿਆਈ ਬੜੀ ਅਜਰ ਵਸਤੂ ਹੈ। ਸ਼ੁਰੂ ਵਿਚ ਕੁਛ ਹੰਕਾਰ ਹੋਣ ਲਗਦਾ ਹੈ ਤੇ ਮਨੁੱਖ ਚੜ੍ਹਦਾ ਚੜ੍ਹਦਾ ਡਿਗ ਪੈਂਦਾ ਹੈ, ਪਰ ਸਾਧ ਸੰਗਤ ਵਿਚ ਇਹ ਅਜਰ ਵੀ ਜਰ ਲੈਂਦਾ ਹੈ (ਸ਼ਬਦਾਰਥ)। ਨਾ ਸਹੇ ਜਾਣ ਵਾਲਾ ਆਤਮ ਅਨੰਦ, ਜਿਸ ਵਾਰੇ ਲੋਕਾਂ ਨੂੰ ਦੱਸਣ ਲਗ ਜਾਂਦਾ ਹੈ, ਉਸ ਨੂੰ ਜਰ ਲੈਂਦਾ ਹੈ, ਫਿਰ ਕਿਸੇ ਨੂੰ ਦਸਦਾ ਨਹੀਂ (ਟਕਸਾਲ)। ਨਾ ਜਰੇ ਜਾਣ ਵਾਲੇ ਕਾਮਾਦਿਕ।

ਸਾਧ ਕੈ ਸੰਗਿ ਸਭ ਕੁਲ ਉਧਾਰੈ ॥ ਸਾਧ ਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ ॥ ਸਾਧੂ ਕੈ ਸੰਗਿ ਸੋ ਧਨੁ ਪਾਵੈ ॥ ਜਿਸੁ ਧਨ ਤੇ ਸਭੁ ਕੋ ਵਰਸਾਵੈ ॥ ਸਾਧ ਸੰਗਿ ਧਰਮਰਾਇ ਕਰੇ ਸੇਵਾ ॥ ਸਾਧ ਕੈ ਸੰਗਿ ਸੋਭਾ ਸੁਰਦੇਵਾ ॥ ਸਾਧੂ ਕੈ ਸੰਗਿ ਪਾਪ ਪਲਾਇਨ ॥ ਸਾਧ ਸੰਗਿ ਅੰਮ੍ਰਿਤ ਗੁਨ ਗਾਇਨ ॥ ਸਾਧ ਕੈ ਸੰਗਿ ਸ੍ਰਬ ਥਾਨ ਗੰਮਿ ॥ ਨਾਨਕ ਸਾਧ ਕੈ ਸੰਗਿ ਸਫਲ ਜਨੰਮ ॥੫॥ ਸਾਧ ਦਾ ਸੰਗ ਕਰਕੇ (ਮਨੁਖ ਅਪਣਾ) ਸਾਰਾ ਖਾਨਦਾਨ ਉਧਾਰ ਲੈਂਦਾ ਹੈ। ਸਾਧ ਦਾ ਸੰਗ ਕਰਕੇ ਸੱਜਨ ਮਿਤ੍ਰ ਤੇ ਪ੍ਰਵਾਰ ਨੂੰ (ਸੰਸਾਰ ਸਾਗਰ ਤੋਂ) ਤਾਰ ਲੈਂਦਾ ਹੈ।

All Rights Reserved by Harjinder Singh Gyani | www.GuruGranthVakhyaan.org

ਸਾਧ ਦਾ ਸੰਗ ਕਰਕੇ (ਮਨੁੱਖ) ਉਹ ਨਾਮ ਧਨ ਪਾ ਲੈਂਦਾ ਹੈ। ਜਿਸ ਧਨ ਤੋਂ ਸਭ ਕੋਈ (ਇਸ ਤੋਂ) ਲਾਭ ਲੈਂਦਾ ਹੈ। ਸਾਧ ਸੰਗ ਕਰਨ ਨਾਲ (ਪ੍ਰਲੋਕ ਵਿਚ ਦੰਡ ਦੇਣ ਦੀ ਬਜਾਏ) ਧਰਮਰਾਇ ਸੇਵਾ ਕਰਦਾ ਹੈ (ਕਰਮਾਂ ਦਾ ਲੇਖਾ ਨਹੀਂ ਪੁਛਦਾ)। ਸਾਧ ਦਾ ਸੰਗ ਕਰਨ ਕਰਕੇ ਇੰਦ੍ਰ ਵੀ ਸੋਭਾ ਕਰਦਾ ਹੈ। ਸਾਧ ਦਾ ਸੰਗ ਕਰਕੇ ਪਾਪ ਦੌੜ ਜਾਂਦੇ ਹਨ। ਸਾਧ ਦਾ ਸੰਗ ਕਰਕੇ (ਮਨੁੱਖ ਪ੍ਰਭੂ ਦੇ) ਅੰਮ੍ਰਿਤ ਮਈ ਗੁਣਾਂ ਦਾ ਗਾਇਨ ਕਰਦਾ ਹੈ। ਸਾਧ ਦਾ ਸੰਗ ਕਰਕੇ (ਮਨੁੱਖ ਦੀ) ਸਭ ਥਾਵਾਂ ਤੇ (ਪੰਜਾਂ ਖੰਡਾਂ ਵਿਚ) ਪਹੁੰਚ ਹੋ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧ ਦਾ ਸੰਗ ਕਰਕੇ (ਮਨੁੱਖ ਦਾ) ਜਨਮ ਸਫਲ ਹੋ ਜਾਂਦਾ ਹੈ।੫।

ਪਦਾਰਥ = ਕੁਲ–ਖਾਨਦਾਨ। ਉਧਾਰੈ–ਤਾਰ ਲੈਂਦਾ ਹੈ। ਕੁਟੰਬ–ਪ੍ਰਵਾਰ। ਨਿਸਤਾਰੈ–ਤਾਰ ਲੈਂਦਾ ਹੈ। ਸੋ–ਉਹ। ਕੋ–ਕੋਈ। ਵਰਸਾਵੈ–ਲਾਭ ਲੈਂਦਾ ਹੈ; ਵਰ ਪ੍ਰਾਪਤ ਕਰਦਾ ਹੈ (ਜਿਵੇਂ ਮੀਂਹ ਵਰ੍ਹਦਾ ਹੈ, ਸਭ ਨੂੰ ਲਾਭ ਹੁੰਦਾ ਹੈ। ਸਾਧੂ ਦੇ ਨਾਮ ਧਨ ਦੀ ਵਰਖਾ ਕਰਨ ਨਾਲ ਸਭ ਕੋਈ ਲਾਭ ਉਠਾਉਂਦਾ ਹੈ)। ਸੁਰਦੇਵਾ–ਇੰਦ੍ਰ। ਪਲਾਇਨ–ਦੌੜ ਜਾਂਦੇ ਹਨ। ਸ੍ਰਬ–ਸਾਰੇ। ਥਾਨ–ਥਾਂ। ਗੰਮਿ–ਪਹੁੰਚ।੫।

ਅੰਗ ੨੭੨ = ਸਾਧ ਕੈ ਸੰਗਿ ਨਾਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥ ਸਾਧ ਕੈ ਸੰਗਿ ਕਲੂਖਤ ਹਰੈ ॥ ਸਾਧ ਕੈ ਸੰਗਿ ਨਰਕ ਪਰਹਰੈ ॥ ਸਾਧ ਕੈ ਸੰਗਿ ਈਹਾ ਊਹਾ ਸੁਹੇਲਾ ॥ ਸਾਧ ਸੰਗਿ ਬਿਛੁਰਤ ਹਰਿ ਮੇਲਾ ॥ ਜੋ ਇਛੈ ਸੋਈ ਫਲੁ ਪਾਵੈ ॥ ਸਾਧ ਕੈ ਸੰਗਿ ਨ ਬਿਰਥਾ ਜਾਵੈ ॥ ਪਾਰਬ੍ਰਹਮੁ ਸਾਧ ਰਿਦ ਬਸੈ ॥ ਨਾਨਕ ਉਧਰੈ ਸਾਧ ਸੁਨਿ ਰਸੈ ॥੬॥ ਸਾਧ ਦਾ ਸੰਗ ਕਰਕੇ (ਹਠ ਜੋਗ ਆਦਿ ਦੀ) ਕੋਈ ਕਠਨ ਮੇਹਨਤ ਨਹੀਂ ਕਰਨੀ ਪੈਂਦੀ। (ਕਿਉਂਕਿ ਸਾਧੂ ਦਾ) ਦਰਸ਼ਨ ਕਰਕੇ ਹੀ ਨਿਹਾਲ ਹੋ ਜਾਈਦਾ ਹੈ। ਸਾਧੂ ਦਾ ਸੰਗ ਕਰਕੇ (ਨਾਮ ਜਪ ਕੇ ਮਨੁੱਖ) ਪਾਪ ਨਾਸ਼ ਕਰ ਲੈਂਦਾ ਹੈ। ਸਾਧ ਦੇ ਸੰਗ ਕਰਕੇ ਨਰਕ ਦੂਰ ਹੋ ਜਾਂਦਾ ਹੈ। ਸਾਧ ਦਾ ਸੰਗ ਕਰਕੇ ਇਥੇ ਉਥੇ (ਲੋਕ ਪ੍ਰਲੋਕ ਵਿਚ) ਸੁਖੀ ਹੁੰਦਾ ਹੈ। ਸਾਧ ਦਾ ਸੰਗ ਕਰਕੇ ਵਿਛੜੇ ਹੋਏ ਦਾ ਹਰੀ ਨਾਲ ਮੇਲ ਹੋ ਜਾਂਦਾ ਹੈ। (ਮਨੁੱਖ) ਜੋ ਇਛਾ ਕਰਦਾ ਹੈ, ਉਹ ਹੀ ਫਲ ਪਾ ਲੈਂਦਾ ਹੈ। ਸਾਧੂ ਦੀ ਸੰਗਤ ਵਿਚੋਂ ਕੋਈ ਮਨੁੱਖ ਬ੍ਰਿਥਾ ਨਹੀਂ ਜਾਂਦਾ। ਪਾਰਬ੍ਰਹਮ ਸਾਧੂਆਂ ਦੇ ਹਿਰਦੇ ਵਿਚ ਵਸਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧ ਦੀ ਰਸਨਾ ਤੋਂ (ਹਰੀ ਨਾਮ) ਸੁਣ ਕੇ ਮਨੁੱਖ ਤਰ ਜਾਂਦਾ ਹੈ (ਸਭ ਨੇ ਇਹੀ ਅਰਥ ਕੀਤਾ ਹੈ; ਜੋ ਮਨੁੱਖ) ਸਾਧ ਦਾ ਬਚਨ ਸੁਣ ਕੇ (ਉਸ ਵਿਚ) ਰਸ ਲੈਣ ਲਗ ਪਵੇ, (ਉਹ ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ।੬।

ਪਦਾਰਥ = ਘਾਲ–(ਤਪ ਜਾਂ ਹਠ ਯੋਗ ਆਦਿ ਦੀ ਕਠਨ) ਮੇਹਨਤ। ਭੇਟਤ–ਮਿਲ ਕੇ; ਕਰਕੇ। ਹੋਤ–ਹੋ ਜਾਈਦਾ ਹੈ। ਨਿਹਾਲ–ਪ੍ਰਸੰਨ ; ਸਫਲ। ਕਲੂਖਤ–ਪਾਪ। ਹਰੈ–ਨਾਸ਼ ਕਰ ਲੈਂਦਾ ਹੈ। ਪਰਹਰੈ–ਦੂਰ ਹੁੰਦਾ ਹੈ। ਈਹਾ–ਇਸ ਜਨਮ ਵਿਚ; ਇਸ ਲੋਕ ਵਿਚ। ਊਹਾ–ਉਥੇ (ਪ੍ਰਲੋਕ ਵਿਚ)। ਸੁਹੇਲਾ–ਸੁਖੀ। ਬਿਛੁਰਤ–ਵਿਛੜੇ ਹੋਏ ਦਾ। ਇਛੈ–ਚਾਹੁੰਦਾ ਹੈ। ਰਸੈ–ਰਸਨਾ ਤੋਂ; ਰਸ ਲੈਂਦਾ ਹੈ।੬।

ਸਾਧ ਕੈ ਸੰਗਿ ਸੁਨਉ ਹਰਿ ਨਾਉ ॥ ਸਾਧ ਸੰਗਿ ਹਰਿ ਕੇ ਗੁਨ ਗਾਉ ॥ ਸਾਧ ਕੈ ਸੰਗਿ ਨ ਮਨ ਤੇ ਬਿਸਰੈ ॥ ਸਾਧ ਸੰਗਿ ਸਰਪਰ ਨਿਸਤਰੈ ॥ ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ ॥ ਸਾਧੂ ਕੈ ਸੰਗਿ ਘਟਿ ਘਟਿ ਡੀਠਾ ॥ ਸਾਧ ਸੰਗਿ ਭਏ ਆਗਿਆਕਾਰੀ ॥ ਸਾਧ ਸੰਗਿ ਗਤਿ ਭਈ ਹਮਾਰੀ ॥ ਸਾਧ ਕੈ ਸੰਗਿ ਮਿਟੇ ਸਭਿ ਰੋਗ ॥ਨਾਨਕ ਸਾਧ ਭੇਟੇ ਸੰਜੋਗ ॥੭॥ (ਹੇ ਭਾਈ! ਮੈਂ ਵੀ) ਸਾਧ ਦਾ ਸੰਗ ਕਰਕੇ ਹਰੀ ਦਾ ਨਾਮ ਸੁਣਦਾ ਹਾਂ। ਅਤੇ ਸਾਧੂ ਦੇ ਸੰਗ ਵਿਚ ਹਰੀ ਦੇ ਗੁਣ ਗਾਉਂਦਾ ਹਾਂ। ਸਾਧੂ ਦੇ ਸੰਗ ਕਰਕੇ ਹੀ ਪ੍ਰਭੂ ਮਨ ਤੋਂ ਨਹੀਂ ਵਿਸਰਦਾ । ਸਾਧ ਦਾ ਸੰਗ ਕਰਕੇ (ਮਨੁੱਖ ਸੰਸਾਰ ਸਮੁੰਦਰ ਤੋਂ) ਜਰੂਰ ਤਰ ਜਾਂਦਾ ਹੈ। ਸਾਧ ਦਾ ਸੰਗ ਕਰਕੇ ਪ੍ਰਭੂ ਪਿਆਰਾ; ਪ੍ਰਭੂ ਦਾ ਭਾਣਾ ਮਿੱਠਾ ਲਗਦਾ ਹੈ। ਸਾਧ ਦਾ ਸੰਗ ਕਰਕੇ ਪ੍ਰਭੂ ਨੂੰ ਘਟ ਘਟ ਵਿਚ ਦੇਖ ਲਿਆ ਹੈ। ਸਾਧ ਦਾ ਸੰਗ ਕਰਕੇ (ਸਾਰੇ ਇੰਦ੍ਰੇ) ਆਗਿਆਕਾਰੀ ਹੋ ਗਏ ਹਨ। ਸਾਧੂ ਦਾ ਸੰਗ ਕਰਕੇ (ਮਾਇਆ ਦੇ ਬੰਧਨਾਂ ਤੋਂ) ਸਾਡੀ ਮੁਕਤੀ ਹੋ ਗਈ ਹੈ। ਸਾਧ ਦਾ ਸੰਗ ਕਰਕੇ ਸਾਰੇ ਰੋਗ ਮਿਟ ਗਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਤਮ ਭਾਗਾਂ ਕਰਕੇ ਸਾਧ (ਸਤਿ ਪੁਰਖ ਗੁਰੂ ਰਾਮਦਾਸ ਜੀ) ਮਿਲੇ ਹਨ।੭।

ਪਦਾਰਥ = ਸੁਨਉ–(ਮੈਂ) ਸੁਣਦਾ ਹਾਂ। ਨ ਬਿਸਰੈ–ਨਹੀਂ ਭੁਲਦਾ। ਸਰਪਰ–ਜਰੂਰ। ਨਿਸਤਰੈ–ਤਰ ਜਾਂਦਾ ਹੈ। ਮੀਠਾ–ਮਿੱਠਾ; ਪਿਆਰਾ । ਘਟਿ ਘਟਿ–ਹਰੇਕ ਸਰੀਰ ਵਿਚ। ਗਤਿ–ਮੁਕਤੀ; ਉਚੀ ਆਤਮਕ ਅਵਸਥਾ। ਭੇਟੇ–ਮਿਲਿਆ ਹੈ। ਸੰਜੋਗ–ਚੰਗੇ ਭਾਗਾਂ ਨਾਲ।੭।

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥ ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥ ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥ ਸਾਧ ਕੀ ਸੋਭਾ ਊਚ ਤੇ ਊਚੀ ॥ ਸਾਧ ਕੀ ਸੋਭਾ ਮੂਚ ਤੇ ਮੂਚੀ ॥ ਸਾਧ ਕੀ ਸੋਭਾ ਸਾਧ ਬਨਿ ਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥ ਸਾਧ ਦੀ ਮਹਿਮਾਂ ਬੇਦਾਂ ਦਾ ਵਕਤਾ ਤੇ ਸ੍ਰੋਤਾ ਵੀ ਨਹੀਂ ਜਾਣਦੇ। (ਉਹ ਬੇਦਾਂ ਤੋਂ) ਜਿੰਨਾ ਕੁ ਸੁਣਦੇ ਹਨ, ਉਤਨਾ ਹੀ ਵਖਿਆਨ ਕਰਦੇ ਹਨ। ਸਾਧ ਦੀ ਉਪਮਾ ਤਿੰਨਾਂ (ਰਜ, ਸੱਤ ਤੇ ਤਮ) ਗੁਣਾਂ ਤੋਂ ਪਰੇ ਹੈ (ਵੇਦ ਤਿੰਨਾਂ ਗੁਣਾਂ ਅੰਦਰ ਵਰਤਦੇ ਹਨ, ਪਰ ਸਾਧ ਦੀ ਉਪਮਾਂ ਤਿੰਨਾਂ ਗੁਣਾਂ ਤੋਂ ਉਪਰ ਚੌਥੇ ਪਦ ਵਿਚ ਹੈ)। ਸਾਧ ਦੀ ਉਪਮਾ (ਸਭ ਜਗ੍ਹਾ) ਪ੍ਰਗਟ ਹੋ ਰਹੀ ਹੈ (ਸਾਰੇ ਜੀਵ ਉਪਮਾ ਕਰਦੇ ਹਨ)। ਸਾਧ ਦੀ ਸੋਭਾ ਦਾ ਕੋਈ ਅੰਤ ਨਹੀਂ। ਸਾਧ ਦੀ ਸੋਭਾ ਸਦਾ ਬੇਅੰਤ ਹੈ। ਸਾਧ ਦੀ ਸੋਭਾ ਉਚੀ ਤੋਂ ਉਚੀ ਹੈ। ਸਾਧ ਦੀ ਸੋਭਾ ਬਹੁਤ ਤੋਂ ਬਹੁਤ ਹੈ। ਸਾਧ ਦੀ ਸੋਭਾ ਸਾਧ ਨੂੰ ਹੀ ਬਣ

All Rights Reserved by Harjinder Singh Gyani | www.GuruGranthVakhyaan.org

ਆਉਂਦੀ ਹੈ (ਸਾਧੂ ਦੀ ਉਪਮਾ ਸਾਧੂ ਆਪ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਸਾਧੂ ਤੇ ਪ੍ਰਭੂ ਵਿਚ ਕੋਈ ਫਰਕ ਨਹੀਂ ।੮।੭। ਪੁਰਾਤਨ ਜਨਮ ਸਾਖੀ ਅਨੁਸਾਰ ਪ੍ਰਭੂ ਤੇ ਉਸਦਾ ਸੰਤ ਅੱਗ ਤੇ ਅੱਗ ਵਿਚ ਪੈ ਕੇ ਲਾਲ ਹੋਏ ਲੋਹੇ ਦੇ ਗੋਲੇ ਵਾਂਗ ਇਕ ਰੂਪ ਹਨ। ਜਗਤ ਵਿਚ ਸਾਧੂ ਦੇ ਉਪਕਾਰ ਨੂੰ ਕੋਈ ਫਲਦਾਰ ਬ੍ਰਿਛ ਨਾਲ ਉਪਮਾ ਦੇਂਦਾ ਹੈ, ਕੋਈ ਸਹਿਨਸ਼ੀਲਤਾ ਦੇ ਗੁਣ ਲਈ ਧਰਤੀ ਨਾਲ ਉਪਮਾ ਦੇ ਰਿਹਾ ਹੈ। ਸਾਧ ਦੇ ਹਰੇਕ ਗੁਣ ਲਈ ਜੀਵ ਉਪਮਾ ਕਰਦੇ ਹਨ। ਇਸ ਕਰਕੇ ਸਾਧ ਦੀ ਉਪਮਾ ਵਿਆਪਕ ਹੋ ਰਹੀ ਹੈ।

ਪਦਾਰਥ = ਜੇਤਾ-ਜਿਤਨਾ। ਤੇਤਾ-ਉਤਨਾ। ਬਖਿਆਨਹਿ-ਵਖਿਆਨ ਕਰਦੇ ਹਨ। ਭਰਪੂਰਿ-ਵਿਆਪਕ ਹੈ। ਤਿਹੁ ਤੇ-ਤਿੰਨਾਂ ਤੋਂ। ਮੂਚ-ਬਹੁਤ। ਬਨਿ ਆਈ-ਫਬਦੀ ਹੈ। ਭੇਦੁ-ਫਰਕ। ਭਾਈ-ਹੇ ਭਾਈ!।੮।੭। ਸੰਤ ਅਨੰਤਹਿ ਅੰਤਰੁ ਨਾਹੀ। (੪੮੬)

ਸਲੋਕੁ ॥ ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥ ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥ (ਬ੍ਰਹਮ ਗਿਆਨੀ ਦੇ ਲੱਛਣ ਦਸਦੇ ਹਨ, ਜਿਸ ਪੁਰਖ ਦੇ) ਮਨ ਵਿਚ ਸੱਚਾ ਵਾਹਿਗੁਰੂ ਵਸਦਾ ਹੈ ਤੇ ਮੂੰਹ ਵਿਚ ਉਹ ਹੀ ਸੱਚੇ (ਪ੍ਰਭੂ ਦਾ ਨਾਮ ਸਿਮਰਨ) ਹੈ। ਅਤੇ ਇਕ ਵਾਹਿਗੁਰੂ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਦੇਖਦਾ (ਉਸ ਨੂੰ ਵਾਹਿਗੁਰੂ ਸਾਰੇ ਵਿਆਪਕ ਦਿਸਦਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਪੁਰਖ ਵਿਚ) ਇਹ ਲੱਛਣ ਹਨ, ਉਹ ਬ੍ਰਹਮ ਗਿਆਨੀ ਹੁੰਦਾ ਹੈ।੧।

ਪਦਾਰਥ = ਸਾਚਾ-ਸਦਾ ਕਾਇਮ ਰਹਿਣ ਵਾਲਾ ਵਾਹਿਗੁਰੂ। ਮੁਖਿ-ਮੂੰਹ ਵਿਚ। ਸੋਇ-ਉਹ ਹੀ। ਅਵਰੁ-ਹੋਰ। ਪੇਖੈ-ਦੇਖਦਾ। ਏਕਸੁ-ਇਕ ਪ੍ਰਭੂ। ਲਛਣ-ਨਿਸ਼ਾਨੀਆਂ। ਬ੍ਰਹਮ ਗਿਆਨੀ-ਬ੍ਰਹਮ (ਵਾਹਿਗੁਰੂ) ਦੇ ਜਾਨਣ ਵਾਲਾ।੧।

ਅਸਟਪਦੀ ॥ ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥ ਬ੍ਰਹਮ ਗਿਆਨੀ ਸਦਾ ਨਿਰਦੋਖ ॥ ਜੈਸੇ ਸੂਰੁ ਸਰਬ ਕਉ ਸੋਖ ॥ ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥ ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ, ਕੋਊ ਚੰਦਨ ਲੇਪ ॥ ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥ ਨਾਨਕ ਜਿਉ ਪਾਵਕ ਕਾ, ਸਹਜ ਸੁਭਾਉ ॥੧॥ ਬ੍ਰਹਮ ਗਿਆਨੀ (ਮਾਇਕ ਸੰਸਾਰ ਵਿਚ ਵਸਦਾ ਹੋਇਆ ਵੀ ਮਾਇਆ ਤੋਂ) ਨਿਰਲੇਪ ਰਹਿੰਦਾ ਹੈ। ਜਿਵੇਂ ਜਲ ਵਿਚ ਖੜਾ ਕਮਲ ਫੁੱਲ (ਜਲ ਤੋਂ) ਨਿਰਲੇਪ ਹੁੰਦਾ ਹੈ। ਬ੍ਰਹਮ ਗਿਆਨੀ ਦੋਸ਼ਾਂ ਤੋਂ ਰਹਿਤ ਹੁੰਦਾ ਹੈ। ਜਿਵੇਂ ਸੂਰਜ ਸਭ (ਗੰਦੀਆਂ ਮੰਦੀਆਂ ਚੀਜਾਂ ਨੂੰ ਇਕੋ ਜਿਹਾ) ਸੁਕਾਉਂਦਾ ਹੈ (ਪਰ ਆਪ ਉਸ ਦੇ ਅਸਰ ਤੋਂ ਮੁਕਤ ਹੁੰਦਾ ਹੈ)। ਬ੍ਰਹਮ ਗਿਆਨੀ ਦੀ ਨਜਰ ਵਿਚ ਸਾਰੇ ਜੀਵ ਬਰਾਬਰ ਹਨ। ਜਿਵੇਂ ਹਵਾ (ਅਪਣੇ ਕੁਦਰਤੀ ਸੁਭਾਉ ਅਨੁਸਾਰ) ਰਾਜੇ ਤੇ ਕੰਗਾਲ ਇਕ ਬਰਾਬਰ ਲਗਦੀ ਹੈ। ਬ੍ਰਹਮ ਗਿਆਨੀ ਦੇ ਮਨ ਵਿਚ ਇਕ ਸਾਰ ਧੀਰਜ ਰਹਿੰਦਾ ਹੈ। ਜਿਵੇਂ ਕੋਈ ਮਨੁੱਖ ਧਰਤੀ ਨੂੰ ਪੁੱਟਦਾ ਹੈ ਤੇ ਕੋਈ ਚੰਦਨ ਦਾ ਲੇਪ ਕਰਦਾ ਹੈ (ਪਰ ਧਰਤੀ ਦਾ ਵਰਤਾਉ ਦੋਹਾਂ ਨਾਲ ਇਕੋ ਜਿਹਾ ਹੈ) ਚੰਦਨ ਅਗਰ ਕਪੂਰ ਲੇਪਨ, ਤਿਸੁ ਸੰਗੇ ਨਹੀ ਪ੍ਰੀਤਿ। ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ,ਮਨਿ ਨ ਮਨੀ ਬਿਪਰੀਤਿ। (੧੦੧੮)। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਵੇਂ ਅੱਗ ਦਾ ਕੁਦਰਤੀ ਸੁਭਾਵ ਹੈ (ਸਭ ਨੂੰ ਇਕੋ ਜਿਹਾ ਸੇਕ ਦਿੰਦੀ ਹੈ। ਇਸੇ ਤਰ੍ਹਾਂ) ਬ੍ਰਹਮ ਗਿਆਨੀ ਦਾ ਇਹ ਸੁਭਾਵਕ ਗੁਣ ਹੈ (ਸਭ ਨਾਲ ਇਕੋ ਜਿਹਾ ਵਰਤਾਉ ਕਰਦਾ ਹੈ)।੧।

ਸੁਭਾਇ ਅਭਾਇ ਜੋ ਨਿਕਟਿ ਆਵੈ, ਸੀਤੁ ਤਾ ਕਾ ਜਾਇ। (੧੦੧੮) ਚੰਗੇ ਤੇ ਮੰਦੇ ਕਿਸੇ ਖਿਆਲ ਨਾਲ ਕੋਈ ਅੱਗ ਦੇ ਨੇੜੇ ਆਵੇ, ਉਸ ਦਾ ਪਾਲਾ ਦੂਰ ਹੁੰਦਾ ਹੈ। ਬਾਲਣ ਵਾਲੇ ਤੇ ਬੁਝਾਉਣ ਵਾਲੇ ਦੋਹਾਂ ਨਾਲ ਬਰਾਬਰ ਦਾ ਸਲੂਕ ਕਰਦੀ ਹੈ (ਸ਼ਬਦਾਰਥ)। ਜੋ ਅੱਗ ਦੇ ਨੇੜੇ ਆਉਂਦਾ ਹੈ, ਅੱਗ ਉਸਦਾ ਹਨ੍ਹੇਰਾ, ਡਰ ਤੇ ਪਾਲਾ ਦੂਰ ਕਰਦੀ ਹੈ। ਜੋ ਵੀ ਬ੍ਰਹਮ ਗਿਆਨੀ ਦੀ ਸੰਗਤ ਕਰਦਾ ਹੈ, ਉਹ ਉਸਦਾ ਅਗਿਆਨਤਾ ਦਾ ਹਨ੍ਹੇਰਾ, ਜਮਾਂ; ਜਨਮ ਮਰਣ ਦਾ ਡਰ ਤੇ ਜੜ੍ਹਤਾ ਦੀ ਠੰਢ ਦੂਰ ਕਰ ਦੇਂਦਾ ਹੈ (ਸੰ.ਸ.; ਫ.ਸ.)।

ਪਦਾਰਥ = ਨਿਰਲੇਪ-ਬੇ ਦਾਗ। ਅਲੇਪ-ਨਿਰਲੇਪ (ਚਿੱਕੜ ਤੋਂ ਸਾਫ)। ਨਿਰਦੋਖ-ਦੋਸ਼ ਰਹਿਤ। ਸੂਰੁ-ਸੂਰਜ। ਸਰਬ-ਸਭ ਨੂੰ। ਸੋਖ-ਸੁਕਾਉਂਦਾ ਹੈ। ਦ੍ਰਿਸਟਿ-ਨਜਰ ਵਿਚ। ਸਮਾਨਿ-ਇਕੋ ਜਿਹੀ। ਰੰਕ-ਕੰਗਾਲ। ਤੁਲਿ-ਬਰਾਬਰ। ਪਵਾਨ-ਹਵਾ। ਧੀਰਜ-ਦੁਖ ਸਮੇਂ ਜੋ ਨਾ ਡੋਲੇ। ਏਕ-ਇਕ ਸਾਰ। ਬਸੁਧਾ-ਧਰਤੀ। ਕੋਊ-ਕੋਈ। ਖੋਦੈ-ਪੁੱਟਦਾ ਹੈ। ਗੁਨਾਉ-ਗੁਣ। ਪਾਵਕ-ਅੱਗ। ਸਹਜ-ਕੁਦਰਤੀ।੧।

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥ ਜੈਸੇ ਮੈਲੁ ਨ ਲਾਗੈ ਜਲਾ ॥ ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥ ਜੈਸੇ ਧਰ ਊਪਰਿ ਆਕਾਸੁ ॥ ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥ ਬ੍ਰਹਮ ਗਿਆਨੀ ਊਚ ਤੇ ਊਚਾ ॥ ਮਨਿ ਅਪਨੈ ਹੈ ਸਭ ਤੇ ਨੀਚਾ ॥ ਬ੍ਰਹਮ ਗਿਆਨੀ ਸੇ ਜਨ ਭਏ ॥ ਨਾਨਕ ਜਿਨ ਪ੍ਰਭੁ ਆਪਿ ਕਰੇਇ ॥੨॥ ਬ੍ਰਹਮ ਗਿਆਨੀ ਨਿਰਮਲ ਤੋਂ ਵੀ ਨਿਰਮਲ ਹੈ (ਹਿਰਦਾ ਵਿਕਾਰਾਂ ਦੀ ਮੈਲ ਤੋਂ ਰਹਿਤ ਹੈ)। ਜਿਵੇਂ ਜਲ ਨੂੰ ਮੈਲ ਨਹੀਂ ਲਗਦੀ। ਬ੍ਰਹਮ ਗਿਆਨੀ ਦੇ ਮਨ ਵਿਚ (ਪ੍ਰਭੂ ਦੀ ਸਰਬ ਵਿਆਪਕਤਾ ਦਾ ਪੂਰਾ) ਪ੍ਰਕਾਸ਼ ਹੁੰਦਾ ਹੈ। ਜਿਸ ਤਰ੍ਹਾਂ ਧਰਤੀ ਉਤੇ ਅਕਾਸ਼ ਸਭ ਥਾਂ ਵਿਆਪਕ ਹੈ। ਬ੍ਰਹਮ ਗਿਆਨੀ ਦੇ ਲਈ ਮਿਤ੍ਰ ਤੇ ਸ਼ਤਰੂ ਇਕ ਬਰਾਬਰ ਹਨ। ਬ੍ਰਹਮ ਗਿਆਨੀ ਦੇ ਮਨ ਵਿਚ (ਕਿਸੇ ਕਿਸਮ ਦਾ) ਅਭਿਮਾਨ ਨਹੀਂ ਹੁੰਦਾ। ਬ੍ਰਹਮ ਗਿਆਨੀ ਉਚੇ ਤੋਂ ਵੀ ਉਚਾ ਹੈ। (ਪਰ ਉਹ) ਅਪਣੇ ਮਨ ਵਿਚ (ਅਪਣੇ ਆਪ ਨੂੰ) ਸਭ ਤੋਂ ਨੀਵਾਂ ਜਾਣਦਾ ਹੈ। ਨਾਨਕ ਗੁਰੂ ਜੀ ਆਖਦੇ

All Rights Reserved by Harjinder Singh Gyani | www.GuruGranthVakhyaan.org

ਹਨ ਕਿ ਬ੍ਰਹਮ ਗਿਆਨੀ ਉਹ ਪੁਰਖ ਹੋਏ (ਬਣੇ) ਹਨ, ਜਿਨ੍ਹਾਂ ਨੂੰ ਪ੍ਰਭੂ ਆਪ (ਬ੍ਰਹਮ ਗਿਆਨੀ) ਬਣਾਉਣਾ ਕਰਦਾ ਹੈ।੨।
ਪਦਾਰਥ = ਨਿਰਮਲਾ-ਮੈਲ ਰਹਿਤ; ਪਵਿਤ੍ਰ।ਤੇ-ਤੋਂ।ਜੈਸੇ-ਜਿਸ ਤਰ੍ਹਾਂ।ਜਲਾ-ਪਾਣੀ।ਧਰ-ਧਰਤੀ।ਸਤ੍ਰ-ਦੁਸ਼ਮਨ।ਸਮਾਨਿ-ਇਕੋ ਜਿਹੇ; ਬਰਾਬਰ।ਨੀਚਾ-ਨੀਵਾਂ।ਸੇ ਜਨ-ਉਹ ਪੁਰਖ।ਭਏ-ਹੋਏ ਹਨ।ਜਿਨ-ਜਿਨ੍ਹਾਂ ਨੂੰ।ਕਰੇਇ-ਕਰਦਾ ਹੈ; ਬਣਾਉਂਦਾ ਹੈ।੨।
ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥ ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥ ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥ ਬ੍ਰਹਮ ਗਿਆਨੀ ਸਦਾ ਸਮਦਰਸੀ ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥ ਬ੍ਰਹਮ ਗਿਆਨੀ ਸਭ ਦੇ ਚਰਨਾਂ ਦੀ ਧੂੜ ਬਣਿਆ ਰਹਿੰਦਾ ਹੈ।(ਕਿਉਂਕਿ) ਬ੍ਰਹਮ ਗਿਆਨੀ ਨੇ ਆਤਮ ਰਸ ਨੂੰ ਜਾਣ ਲਿਆ ਹੈ।ਬ੍ਰਹਮ ਗਿਆਨੀ ਦੀ ਸਾਰਿਆਂ ਉਪਰ ਮੇਹਰ ਹੁੰਦੀ ਹੈ।(ਇਸ ਲਈ) ਬ੍ਰਹਮ ਗਿਆਨੀ ਤੋਂ (ਕਿਸੇ ਦਾ) ਕੁਛ ਵੀ ਬੁਰਾ ਨਹੀਂ ਹੁੰਦਾ।ਬ੍ਰਹਮ ਗਿਆਨੀ ਸਦਾ ਹੀ (ਸਭ ਨੂੰ) ਇਕ ਸਮਾਨ ਦੇਖਣ ਵਾਲਾ ਹੁੰਦਾ ਹੈ।ਬ੍ਰਹਮ ਗਿਆਨੀ ਦੀ ਦ੍ਰਿਸਟੀ ਅੰਮ੍ਰਿਤ ਵਰਸਾਉਣ ਵਾਲੀ ਹੁੰਦੀ ਹੈ; ਬ੍ਰਹਮ ਗਿਆਨੀ ਦੀਆਂ ਨਜਰਾਂ ਵਿਚੋਂ ਅੰਮ੍ਰਿਤ ਵਰਸਦਾ ਹੈ।
ਅੰਗ ੨੭੩ = ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥ ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥ ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥ ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥ ਬ੍ਰਹਮ ਗਿਆਨੀ (ਮਾਇਕ) ਬੰਧਨਾਂ ਤੋਂ ਮੁਕਤ ਹੁੰਦਾ ਹੈ।ਬ੍ਰਹਮ ਗਿਆਨੀ ਦੇ ਜੀਵਨ ਦੀ ਜੁਗਤੀ (ਰਹਿਣ ਦਾ ਤਰੀਕਾ) ਨਿਰਮਲ ਹੁੰਦਾ ਹੈ।ਬ੍ਰਹਮ ਗਿਆਨੀ ਦਾ ਭੋਜਨ (ਰੱਬੀ) ਗਿਆਨ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਬ੍ਰਹਮ ਗਿਆਨੀ ਦਾ ਧਿਆਨ (ਸਦਾ) ਬ੍ਰਹਮ ਵਿਚ ਜੁੜਿਆ ਰਹਿੰਦਾ ਹੈ।੩।
ਪਦਾਰਥ = ਸਗਲ ਕੀ-ਸਭ ਦੀ।ਰੀਨਾ-ਚਰਨ ਧੂੜ।ਆਤਮ ਰਸ-ਆਤਮ ਅਨੰਦ।ਚੀਨਾ-ਜਾਣਿਆ।ਮਇਆ-ਮੇਹਰ; ਖੁਸ਼ੀ।ਨ ਭਇਆ-ਨਹੀ ਹੁੰਦਾ।ਸਮਦਰਸੀ-ਇਕੋ ਜਿਹਾ ਦੇਖਣ ਵਾਲਾ।ਬਰਸੀ-ਵਰਸਾਉਣ ਵਾਲੀ; ਵਰਸਦਾ ਹੈ।ਜੁਗਤਾ-ਤਰੀਕਾ।੩।
ਬ੍ਰਹਮ ਗਿਆਨੀ ਏਕ ਊਪਰਿ ਆਸ ॥ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥ ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥ ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥ ਬ੍ਰਹਮ ਗਿਆਨੀ ਸੁਫਲ ਫਲਾ ॥ ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥ ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥੪॥ ਬ੍ਰਹਮ ਗਿਆਨੀ ਇਕ (ਅਬਿਨਾਸੀ ਪ੍ਰਭੂ) ਉਪਰ ਆਸ ਰਖਦਾ ਹੈ; ਇਕ ਆਸ ਤੋਂ ਉਪਰ ਰਹਿੰਦਾ ਹੈ।(ਇਸ ਲਈ) ਬ੍ਰਹਮ ਗਿਆਨੀ ਦਾ ਬਿਨਾਸ ਨਹੀਂ ਹੁੰਦਾ ਭਾਵ ਜਨਮ ਮਰਣ ਨਹੀਂ ਹੁੰਦਾ {ਥਿਰੁ ਪਾਰਬ੍ਰਹਮੁ ਪਰਮੇਸਰੋ, ਸੇਵਕੁ ਥਿਰੁ ਹੋਸੀ ੧੧੦੦}।ਬ੍ਰਹਮ ਗਿਆਨੀ ਦੇ ਹਿਰਦੇ ਵਿਚ ਗਰੀਬੀ (ਨਿਮ੍ਰਤਾ) ਸਮਾਈ ਰਹਿੰਦੀ ਹੈ; ਬ੍ਰਹਮ ਗਿਆਨੀ ਦੇ ਹਿਰਦੇ ਵਿਚ ਗਰੀਬੀ ਦਾ ਅਨੰਦ ਬਣਿਆ ਰਹਿੰਦਾ ਹੈ (ਸੰ.ਸ. ;ਫ.ਸ.)।ਬ੍ਰਹਮ ਗਿਆਨੀ ਨੂੰ ਦੂਜਿਆਂ ਦਾ ਭਲਾ ਕਰਨ ਦਾ ਉਤਸ਼ਾਹ ਰਹਿੰਦਾ ਹੈ।ਬ੍ਰਹਮ ਗਿਆਨੀ ਦੇ ਮਨ ਵਿਚ ਕੋਈ ਉਲਝਣ ਨਹੀਂ ਪੈਂਦੀ।ਬ੍ਰਹਮ ਗਿਆਨੀ ਨੇ (ਅਪਣੇ) ਦੌੜਦੇ ਮਨ ਬੰਨ੍ਹ (ਕਾਬੂ ਕਰ) ਲਿਆ ਹੈ।ਬ੍ਰਹਮ ਗਿਆਨੀ ਤੋਂ ਜੋ ਕੁਛ ਵੀ ਹੁੰਦਾ ਹੈ, ਭਲਾ ਹੀ ਹੁੰਦਾ ਹੈ; ਬ੍ਰਹਮ ਗਿਆਨੀ ਦੇ ਲਈ ਜੋ ਕੁਝ ਵਾਪਰਦਾ ਹੈ, ਉਸ ਨੂੰ ਉਹ ਭਲਾ ਜਾਣਦਾ ਹੈ।(ਇਸ ਕਰਕੇ) ਬ੍ਰਹਮ ਗਿਆਨੀ ਚੰਗੀ ਤਰ੍ਹਾਂ ਫਲਦਾ ਫੁਲਦਾ ਹੈ।ਬ੍ਰਹਮ ਗਿਆਨੀ ਦਾ ਸੰਗ ਕਰਕੇ ਸਭ (ਜੀਵਾਂ) ਦਾ ਉਧਾਰ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਬ੍ਰਹਮ ਗਿਆਨੀ ਨੂੰ (ਰੱਬ ਰੂਪ ਜਾਣ ਕੇ) ਸਾਰਾ ਸੰਸਾਰ ਜਪਦਾ ਹੈ (ਸਾਰਾ ਸੰਸਾਰ ਪ੍ਰਸੰਸਾ ਕਰਦਾ ਹੈ)।੪।
ਪਦਾਰਥ = ਏਕ-ਇਕ ਪ੍ਰਭੂ।ਬਿਨਾਸ-ਨਾਸ਼।ਸਮਾਹਾ-ਸਮਾਈ ਰਹਿੰਦੀ ਹੈ; ਅਨੰਦ।ਉਮਾਹਾ-ਉਤਸ਼ਾਹ; ਚਾਉ।ਧੰਧਾ-ਉਲਝਣ; ਜੰਜਾਲ।ਧਾਵਤ-ਦੌੜਦੇ (ਮਨ ਨੂੰ)।ਬੰਧਾ-ਰੋਕਦਾ ਹੈ।ਸੁਫਲ-ਚੰਗੇ ਫਲਾਂ ਨਾਲ।ਫਲਾ-ਫਲਦਾ ਹੈ।ਉਧਾਰ-ਪਾਰ ਉਤਾਰਾ।੪।
ਬ੍ਰਹਮ ਗਿਆਨੀ ਕੈ ਏਕੈ ਰੰਗ ॥ ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ ॥ ਬ੍ਰਹਮ ਗਿਆਨੀ ਕੈ ਨਾਮੁ ਆਧਾਰੁ ॥ ਬ੍ਰਹਮ ਗਿਆਨੀ ਕੈ ਨਾਮੁ ਪਰਵਾਰੁ ॥ ਬ੍ਰਹਮ ਗਿਆਨੀ ਸਦਾ ਸਦ ਜਾਗਤ ॥ ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ॥ ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥ ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥ ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥੫॥ ਬ੍ਰਹਮ ਗਿਆਨੀ ਦੇ ਹਿਰਦੇ ਵਿਚ ਇਕ ਹਰੀ ਦਾ ਪਿਆਰ ਹੁੰਦਾ ਹੈ।ਪ੍ਰਭੂ ਬ੍ਰਹਮ ਗਿਆਨੀ ਦੇ ਅੰਗ ਸੰਗ ਵਸਦਾ ਹੈ।ਬ੍ਰਹਮ ਗਿਆਨੀ ਦੇ ਲਈ ਨਾਮ ਹੀ ਆਸਰਾ ਹੈ।(ਹਰੀ ਦਾ) ਨਾਮ ਹੀ ਬ੍ਰਹਮ ਗਿਆਨੀ ਦਾ ਪ੍ਰਵਾਰ ਹੈ।ਬ੍ਰਹਮ ਗਿਆਨੀ ਸਦਾ ਸਦਾ ਜਾਗਦਾ ਹੈ (ਮਾਇਆ ਦੇ ਮੋਹ ਦੀ ਨੀਂਦ ਵਿਚ ਸੌਂਦਾ ਨਹੀਂ)।ਬ੍ਰਹਮ ਗਿਆਨੀ ਹੰਕਾਰ ਵਾਲੀ ਬੁੱਧੀ ਛਡ ਦਿੰਦਾ ਹੈ।ਬ੍ਰਹਮ ਗਿਆਨੀ ਦੇ ਮਨ ਵਿਚ ਪਰਮ ਅਨੰਦ ਸਰੂਪ ਵਾਹਿਗੁਰੂ ਵਸਦਾ ਹੈ।(ਇਸ ਲਈ) ਬ੍ਰਹਮ ਗਿਆਨੀ ਦੇ ਰਿਦੇ ਘਰ ਵਿਚ ਸਦਾ ਅਨੰਦ ਰਹਿੰਦਾ ਹੈ।ਬ੍ਰਹਮ ਗਿਆਨੀ ਦਾ ਆਤਮਕ ਸੁਖ ਵਿਚ ਨਿਵਾਸ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਬ੍ਰਹਮ ਗਿਆਨੀ ਦਾ ਨਾਸ਼ (ਜਨਮ ਮਰਣ) ਨਹੀਂ ਹੁੰਦਾ।੫।
ਪਦਾਰਥ = ਏਕੈ-ਇਕ ਪ੍ਰਭੂ ਦਾ।ਰੰਗ-ਪਿਆਰ।ਸੰਗ-ਅੰਗ ਸੰਗ; ਨਾਲ।ਅਧਾਰੁ-ਆਸਰਾ।ਅਹੰਬੁਧਿ-ਹੰਕਾਰ ਵਾਲੀ ਬੁੱਧੀ।

All Rights Reserved by Harjinder Singh Gyani | www.GuruGranthVakhyaan.org

ਤਿਆਗਤ–ਛਡ ਦਿੰਦਾ ਹੈ। ਸੁਖ ਸਹਜ–ਅਸਲੀ ਸੁਖ; ਕੁਦਰਤੀ ਸੁਖ। ਨਹੀ ਬਿਨਾਸ–ਨਾਸ਼ ਨਹੀਂ; ਜਨਮ ਮਰਣ ਤੋਂ ਰਹਿਤ।੫।
ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥ ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥ ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥ ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥ ਬ੍ਰਹਮ ਗਿਆਨੀ ਕਾ ਬਡ ਪਰਤਾਪ ॥ ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥ ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥ ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥ (ਹੇ ਭਾਈ!) ਬ੍ਰਹਮ ਗਿਆਨੀ (ਉਹ ਹੈ, ਜੋ) ਬ੍ਰਹਮ ਦੇ ਜਾਨਣ ਵਾਲਾ ਹੈ। ਬ੍ਰਹਮ ਗਿਆਨੀ (ਉਹ ਪੁਰਖ ਹੈ, ਜੋ) ਇਕ ਪ੍ਰਭੂ ਨਾਲ ਪ੍ਰੇਮ ਕਰਨ ਵਾਲਾ ਹੁੰਦਾ ਹੈ। ਬ੍ਰਹਮ ਗਿਆਨੀ ਦੇ ਹਿਰਦੇ ਵਿਚ ਬੇ ਫਿਕਰੀ ਰਹਿੰਦੀ ਹੈ। ਬ੍ਰਹਮ ਗਿਆਨੀ ਦਾ ਉਪਦੇਸ਼ ਨਿਰਮਲ ਹੁੰਦਾ ਹੈ। ਬ੍ਰਹਮ ਗਿਆਨੀ (ਉਹ ਬਣਦਾ ਹੈ) ਜਿਸ ਨੂੰ ਪ੍ਰਭੂ ਆਪ (ਬ੍ਰਹਮ ਗਿਆਨੀ) ਬਣਾਉਂਦਾ ਹੈ। ਬ੍ਰਹਮ ਗਿਆਨੀ ਦਾ ਬੜਾ ਤੇਜ ਪ੍ਰਤਾਪ ਹੁੰਦਾ ਹੈ। ਬ੍ਰਹਮ ਗਿਆਨੀ ਦਾ ਦਰਸ਼ਨ ਵੱਡੇ ਭਾਗਾਂ ਨਾਲ ਪਾਈਦਾ ਹੈ। (ਦਰਸ਼ਨ ਕਰਕੇ) ਬ੍ਰਹਮ ਗਿਆਨੀ ਤੋਂ ਮਨ ਬਾਣੀ ਕਰਕੇ ਬਲਹਾਰ ਜਾਣਾ ਚਾਹੀਦਾ ਹੈ। ਬ੍ਰਹਮ ਗਿਆਨੀ ਨੂੰ ਸ਼ਿਵ ਜੀ (ਵਰਗੇ ਵੱਡੇ ਦੇਵਤੇ ਵੀ) ਖੋਜਦੇ ਫਿਰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਬ੍ਰਹਮ ਗਿਆਨੀ ਆਪ ਪ੍ਰਮੇਸ਼ਰ ਰੂਪ ਹੈ।੬।
ਪਦਾਰਥ = ਬ੍ਰਹਮ–ਪ੍ਰਭੂ। ਬੇਤਾ–ਜਾਨਣ ਵਾਲਾ। ਏਕ ਸੰਗਿ–ਇਕ ਪ੍ਰਭੂ ਨਾਲ। ਹੇਤਾ–ਪ੍ਰੇਮ ਕਰਨ ਵਾਲਾ। ਅਚਿੰਤ–ਬੇ ਫਿਕਰੀ। ਨਿਰਮਲ–ਪਵਿਤ੍ਰ। ਮੰਤ–ਉਪਦੇਸ਼; ਮੰਤ੍ਰ। ਕਰੈ–ਕਰਦਾ (ਬਣਾਉਂਦਾ) ਹੈ। ਪਰਤਾਪ–ਬਲ; ਤੇਜ। ਮਹੇਸੁਰ–ਸ਼ਿਵ ਜੀ ਵਰਗੇ ਦੇਵਤੇ।੬।
ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥ ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥ ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖੵਰੁ ॥ ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥ ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥ ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥ ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥ ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥੭॥ (ਜਿਵੇਂ ਪ੍ਰਮੇਸਰ ਦੀ ਕੀਮਤ ਨਹੀਂ ਪੈ ਸਕਦੀ, ਇਸੇ ਤਰ੍ਹਾਂ ਪ੍ਰਮੇਸਰ ਰੂਪ ਹੋਣ ਕਰਕੇ) ਬ੍ਰਹਮ ਗਿਆਨੀ ਦੀ ਕੀਮਤ ਨਹੀਂ ਪੈ ਸਕਦੀ। ਬ੍ਰਹਮ ਗਿਆਨੀ ਦੇ ਮਨ ਵਿਚ ਸਭ (ਕੁਛ) ਹੈ, ਭਾਵ ਸੰਸਾਰ ਵਿਚ ਜੋ ਕੁਝ ਵਰਤਦਾ ਹੈ, ਸਭ ਉਸਦੇ ਮਨ ਵਿਚ ਹੈ, ਉਹ ਸਭ ਕੁਝ ਜਾਣਦਾ ਹੈ। ਬ੍ਰਹਮ ਗਿਆਨੀ ਦਾ ਭੇਤ ਕੌਣ ਜਾਣ ਸਕਦਾ ਹੈ? (ਕਿਉਂਕਿ ਉਹ ਅਨੰਤਤਾ ਵਿਚ ਹੈ, ਸਾਰਾ ਗਿਆਨ, ਸਾਰਾ ਬ੍ਰਹਮੰਡ ਉਸ ਨੂੰ ਪ੍ਰਾਪਤ ਹੈ, ਇਸ ਲਈ ਉਸ ਨੂੰ ਸਮਝ ਸਕਣਾ ਕਠਨ ਹੈ)। ਬ੍ਰਹਮ ਗਿਆਨੀ ਨੂੰ ਸਦਾ ਨਮਸ਼ਕਾਰ ਕਰਨੀ ਚਾਹੀਦੀ ਹੈ। ਬ੍ਰਹਮ ਗਿਆਨੀ ਦੀ ਮਹਿਮਾਂ ਦਾ ਅੱਧਾ ਅੱਖਰ (ਥੋੜਾ ਜਿਹਾ ਜਸ) ਵੀ ਨਹੀਂ ਕਿਹਾ ਜਾ ਸਕਦਾ (ਕਿਉਂਕਿ ਉਸ ਦੀ ਮਹਿਮਾਂ ਬੇਅੰਤ ਹੈ)। ਬ੍ਰਹਮ ਗਿਆਨੀ ਸਭ ਦਾ ਸੁਆਮੀ (ਸਨਮਾਨਣ ਯੋਗ) ਹੈ। ਬ੍ਰਹਮ ਗਿਆਨੀ ਦਾ ਅੰਦਾਜਾ (ਕਿ ਉਹ ਕਿੰਨਾਂ ਕੁ ਵੱਡਾ ਹੈ) ਕੌਣ ਦਸ ਸਕਦਾ ਹੈ? ਬ੍ਰਹਮ ਗਿਆਨੀ ਦੀ ਆਤਮਕ ਅਵਸਥਾ ਦੀ ਪਹੁੰਚ ਨੂੰ ਬ੍ਰਹਮ ਗਿਆਨੀ ਹੀ ਜਾਣਦਾ ਹੈ (ਉਹ ਅਪਣੀ ਹਾਲਤ ਆਪ ਹੀ ਜਾਣਦਾ ਹੈ ਜਾਂ ਕੋਈ ਬ੍ਰਹਮ ਗਿਆਨੀ ਹੋਵੇ ਤਾਂ ਜਾਣ ਸਕਦਾ ਹੈ)। ਬ੍ਰਹਮ ਗਿਆਨੀ ਦਾ ਅੰਤ ਤੇ ਹੱਦ ਬੰਨਾ ਨਹੀਂ ਪਾਇਆ ਜਾ ਸਕਦਾ। ਨਾਨਕ ਗੁਰੂ ਜੀ ਆਖਦੇ ਹਨ, ਬ੍ਰਹਮ ਗਿਆਨੀ ਨੂੰ ਸਦਾ ਨਮਸ਼ਕਾਰ ਹੈ।੭।
ਪਦਾਰਥ = ਭੇਦੁ–ਭੇਤ; ਮਰਮ। ਕਉ–ਨੂੰ। ਅਦੇਸੁ–ਨਮਸ਼ਕਾਰ। ਅਧਾਖੵਰ–ਅੱਧਾ ਅੱਖਰ (ਮਹਿਮਾਂ ਦਾ)। ਮਿਤਿ–ਅੰਦਾਜਾ; ਮਰਿਆਦਾ; ਮਿਣਤੀ; ਵਿਸਥਾਰ; ਹੱਦ; ਵੇਰਵਾ (ਕਿ ਉਹ ਕਿੱਡਾ ਵੱਡਾ ਹੈ)। ਗਤਿ–ਪਹੁੰਚ; ਪ੍ਰਾਪਤੀ; ਅਵਸਥਾ। ਪਾਰੁ–ਪਾਰਲਾ ਕਿਨਾਰਾ।੭।
ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥ ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥ ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥ ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥ ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥ (ਵਾਹਿਗੁਰੂ ਦਾ ਰੂਪ ਹੋਣ ਕਰਕੇ) ਬ੍ਰਹਮ ਗਿਆਨੀ ਸਾਰੀ ਸ੍ਰਿਸਟੀ ਦਾ ਰਚਣਹਾਰ ਹੈ। ਬ੍ਰਹਮ ਗਿਆਨੀ ਸਦਾ ਜਿਉਂਦਾ ਹੈ, ਕਦੇ ਮਰਦਾ ਨਹੀਂ। ਬ੍ਰਹਮ ਗਿਆਨੀ (ਜੀਵਾਂ ਨੂੰ ਮੁਕਤੀ, ਜੀਵਨ ਜਿਉਣ ਦਾ ਤਰੀਕਾ ਤੇ ਜੀਵਨ ਦਾਨ ਦੇਣ ਵਾਲਾ ਹੈ। ਬ੍ਰਹਮ ਗਿਆਨੀ ਪੂਰਨ ਪੁਰਖ ਰਚਨਹਾਰ ਪ੍ਰਭੂ ਦਾ ਰੂਪ ਹੈ। ਬ੍ਰਹਮ ਗਿਆਨੀ ਯਤੀਮਾਂ ਦਾ ਮਾਲਕ ਹੈ। ਬ੍ਰਹਮ ਗਿਆਨੀ ਦਾ ਸਾਰੇ ਜੀਵਾਂ ਦੇ ਸਿਰ ਉਤੇ (ਮੇਹਰ ਭਰਿਆ) ਹੱਥ ਹੈ (ਸਭ ਦਾ ਸਹਾਈ ਹੁੰਦਾ ਹੈ)। ਸਾਰਾ ਦਿਸਦਾ ਅਕਾਰ (ਸੰਸਾਰ) ਬ੍ਰਹਮ ਗਿਆਨੀ ਦਾ ਅਪਣਾ ਹੈ (ਉਹ ਪ੍ਰਭੂ ਵਿਚ ਅਭੇਦ ਹੋ ਗਿਆ, ਇਸ ਕਰਕੇ ਸਾਰਾ ਵਜੂਦ ਉਸ ਦਾ ਹੀ ਹੈ)।
ਅੰਗ ੨੭੪ = ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥ ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥ ਬ੍ਰਹਮ ਗਿਆਨੀ ਆਪ ਹੀ ਨਿਰੰਕਾਰ ਹੈ {ਬ੍ਰਹਮ ਮਹਿ ਜਨੁ, ਜਨ ਮਹਿ ਪਾਰਬ੍ਰਹਮੁ ੨੮੭}। ਬ੍ਰਹਮ ਗਿਆਨੀ ਦੀ ਸੋਭਾ ਬ੍ਰਹਮ ਗਿਆਨੀ ਨੂੰ ਹੀ ਫਬਦੀ ਹੈ। ਨਾਨਕ ਗੁਰੂ ਜੀ ਆਖਦੇ ਹਨ, ਬ੍ਰਹਮ ਗਿਆਨੀ ਸਭ (ਜੀਵਾਂ) ਦਾ ਮਾਲਕ ਹੈ।੮।੮।
ਪਦਾਰਥ = ਕਰਤਾ–ਰਚਨਹਾਰ। ਸਦ–ਸਦਾ। ਜੁਗਤਿ–ਜੀਵਨ ਜਿਉਣ ਦਾ ਤਰੀਕਾ; ਪ੍ਰਭੂ ਨਾਲ ਮਿਲਣ ਦਾ ਤਰੀਕਾ ਦਸਣ ਵਾਲਾ। ਜੀਅ

All Rights Reserved by Harjinder Singh Gyani | www.GuruGranthVakhyaan.org

ਦਾਤਾ–ਰੂਹਾਨੀ ਜੀਵਨ ਦੇਣ ਵਾਲਾ।ਪੂਰਨ ਪੁਰਖ–ਸਭ ਵਿਚ ਵਿਆਪਕ ਪ੍ਰਭੂ।ਬਿਧਾਤਾ–ਰਚਣਹਾਰ।ਅਨਾਥ–ਯਤੀਮ; ਨਿਥਾਵਾਂ।ਨਾਥੁ–ਮਾਲਕ।ਸਗਲ ਅਕਾਰੁ–ਸਾਰਾ ਦਿਸਦਾ ਸੰਸਾਰ।ਬਨੀ–ਫਬਦੀ ਹੈ।ਧਨੀ–ਮਾਲਕ।੮।੮।(ਦਰਪਨ ਦੇ ਅਰਥ ਵੀ ਇਸੇ ਤਰ੍ਹਾਂ ਹਨ)

ਸਲੋਕੁ ॥ ਉਰਿ ਧਾਰੈ ਜੋ ਅੰਤਰਿ ਨਾਮੁ ॥ ਸਰਬ ਮੈ ਪੇਖੈ ਭਗਵਾਨੁ ॥ ਨਿਮਖ ਨਿਮਖ ਠਾਕੁਰ ਨਮਸਕਾਰੈ ॥ ਨਾਨਕ ਓਹੁ ਅਪਰਸੁ ਸਗਲ ਨਿਸਤਾਰੈ ॥੧॥ ਜਿਹੜਾ (ਪੁਰਖ ਅਪਣੇ) ਅੰਦਰ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਧਾਰਣ ਕਰਦਾ ਹੈ ਅਤੇ ਭਗਵਾਨ ਨੂੰ ਸਾਰੇ ਜੀਵਾਂ ਵਿਚ ਵਿਆਪਕ ਦੇਖਦਾ ਹੈ।ਪਲ ਪਲ ਵਾਹਿਗੁਰੂ ਨੂੰ ਨਮਸ਼ਕਾਰ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ (ਅਸਲੀ) ਅਪਰਸ ਹੈ, ਤੇ ਸਭ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਤਾਰ ਦੇਂਦਾ ਹੈ।੧।

ਪਦਾਰਥ = ਉਰਿ–ਹਿਰਦੇ ਵਿਚ।ਜੋ–ਜਿਹੜਾ ਪੁਰਖ।ਸਰਬ ਮੈ–ਸਭ (ਜੀਵਾਂ) ਵਿਚ ਵਿਆਪਕ (ਸਰਬ ਵਿਆਪਕ)।ਪੇਖੈ–ਦੇਖਦਾ ਹੈ। ਨਿਮਖ–ਅੱਖ ਝਮਕਣ ਜਿੰਨਾ ਸਮਾਂ।ਸਗਲ–ਸਭ ਨੂੰ।ਨਿਸਤਾਰੈ–ਤਾਰ ਦੇਂਦਾ ਹੈ (ਸੰਸਾਰ ਸਮੁੰਦਰ ਤੋਂ)।੧।

ਅਪਰਸ = (ਅ+ਪਰਸ ਬੋਲੋ) ਅਪਰਸ ਉਸ ਸਾਧੂ ਨੂੰ ਕਹਿੰਦੇ ਹਨ, ਜੋ ਕਿਸੇ ਧਾਤ ਰੁਪਿਆ ਮੋਹਰ ਆਦਿ ਨੂੰ ਨਾ ਛੋਹੇ।ਗੁਰੂ ਜੀ ਉਸ ਦੇ ਮੁਕਾਬਲੇ ਅਸਲੀ ਅਛੋਹ ਸਾਧੂ ਦਾ ਰੂਪ ਦਸਦੇ ਹਨ, ਜੋ ਹਰ ਥਾਂ ਵਾਹਿਗੁਰੂ ਨੂੰ ਦੇਖਦਾ ਹੈ ਅਤੇ ਮਾਇਆ ਤੇ ਵਿਕਾਰਾਂ ਤੋਂ ਨਿਰਲੇਪ ਰਹਿੰਦਾ ਹੈ।ਅਸਟਪਦੀ ਵਿਚ ਹੋਰ ਭੇਖਾਂ ਵਾਲੇ ਸਾਧੂਆਂ ਦੀ ਵੀ ਅਸਲੀਅਤ ਦੱਸੀ ਹੈ।

ਅਸਟਪਦੀ ॥ ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥ ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤ ਸੰਗਿ ਹੇਤ ॥ ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥ ਗੁਰ ਪ੍ਰਸਾਦਿ ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ ॥ ਇੰਦ੍ਰੀ ਜਿਤ, ਪੰਚ ਦੋਖ ਤੇ ਰਹਤ ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥ (ਜਿਹੜਾ ਅਛੋਹ ਸਾਧੂ ਅਪਣੀ) ਜੀਭ ਨਾਲ ਝੂਠ ਨੂੰ ਛੋਹਣ ਨਹੀਂ ਦਿੰਦਾ।ਮਨ ਵਿਚ ਮਾਇਆ ਰਹਿਤ ਪ੍ਰਭੂ ਦੇ ਦਰਸ਼ਨਾਂ ਦੀ ਪ੍ਰੀਤੀ ਰਖਦਾ ਹੈ।ਪਰਾਈ ਇਸਤ੍ਰੀ ਦੇ ਰੂਪ ਨੂੰ (ਮੰਦ ਵਾਸ਼ਨਾ ਵਾਲੀਆਂ) ਅੱਖਾਂ ਨਾਲ ਨਹੀਂ ਦੇਖਦਾ।ਸਾਧੂਆਂ ਦੀ ਟਹਿਲ ਕਰਦਾ ਹੈ ਤੇ ਸੰਤਾਂ ਨਾਲ ਪ੍ਰੇਮ ਕਰਦਾ ਹੈ।(ਜੋ) ਕੰਨਾਂ ਨਾਲ ਕਿਸੇ ਦੀ ਨਿੰਦਾ ਨਹੀਂ ਸੁਣਦਾ।ਅਤੇ ਅਪਣੇ ਆਪ ਨੂੰ ਸਭ ਤੋਂ ਮੰਦਾ ਜਾਣਦਾ ਹੈ।(ਜੋ) ਗੁਰੂ ਦੀ ਕ੍ਰਿਪਾ ਨਾਲ ਵਿਸ਼ੇ ਵਿਕਾਰਾਂ ਨੂੰ ਛਡ ਦੇਂਦਾ ਹੈ।(ਜਿਸ ਦੇ) ਮਨ ਦੀ ਵਾਸ਼ਨਾ ਮਨ ਤੋਂ ਟਲ ਜਾਂਦੀ ਹੈ।(ਜੋ) ਇੰਦ੍ਰੀਆਂ ਨੂੰ ਜਿਤਣ ਵਾਲਾ ਹੈ ਤੇ ਕਾਮ ਆਦਿਕ ਪੰਜ ਦੋਸ਼ਾਂ ਤੋਂ ਰਹਿਤ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਕ੍ਰੋੜਾਂ ਵਿਚੋਂ ਇਹੋ ਜਿਹਾ ਕੋਈ ਵਿਰਲਾ ਅਛੋਹ ਸਾਧੂ ਹੈ।੧।

ਪਦਾਰਥ = ਮਿਥਿਆ–ਝੂਠ।ਪਰਸ–ਛੋਹ।ਨਿਰੰਜਨ–ਮਾਇਆ ਤੋਂ ਨਿਰਲੇਪ।ਦਰਸ–ਦਰਸ਼ਨਾਂ ਦੀ।ਪਰ ਤ੍ਰਿਅ–ਪਰਾਈ ਇਸਤ੍ਰੀ।ਰੂਪੁ–ਸੁੰਦਰਤਾ ਨੂੰ।ਨ ਪੇਖੈ–ਨਹੀਂ ਦੇਖਦਾ।ਨੇਤ੍ਰ–ਅੱਖਾਂ।ਹੇਤ–ਪ੍ਰੇਮ।ਕਰਨ–ਕੰਨਾਂ ਨਾਲ।ਕਾਹੂ ਕੀ–ਕਿਸੇ ਦੀ।ਸਭ ਤੇ–ਸਭ ਤੋਂ।ਕਉ–ਨੂੰ। ਬਿਖਿਆ–ਵਿਸ਼ੇ ਵਿਕਾਰ; ਮਾਇਆ।ਪਰਹਰੈ–ਛਡ ਦੇਂਦਾ ਹੈ।ਬਾਸਨਾ–ਵਾਸ਼ਨਾ।ਟਰੈ–ਟਲਦੀ (ਦੂਰ ਹੁੰਦੀ) ਹੈ।ਇੰਦ੍ਰੀਜਿਤ–ਇੰਦ੍ਰੀਆਂ ਨੂੰ ਜਿਤਣ ਵਾਲਾ।ਪੰਚ ਦੋਖ–ਕਾਮ ਆਦਿਕ ਪੰਜ ਦੋਸ਼।ਰਹਤ–ਬਚਦਾ ਹੈ।ਕੋਟਿ–ਕ੍ਰੋੜ।ਮਧੇ–ਵਿਚੋਂ।ਕੋ–ਕੋਈ (ਵਿਰਲਾ)।੧।

ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥ ਬਿਸਨ ਕੀ ਮਾਇਆ ਤੇ ਹੋਇ ਭਿੰਨ ॥ ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥ ਕਾਹੂ ਫਲ ਕੀ ਇਛਾ ਨਹੀ ਬਾਛੈ ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥ ਮਨ ਤਨ ਅੰਤਰਿ ਸਿਮਰਨ ਗੋਪਾਲ ॥ ਸਭ ਊਪਰਿ ਹੋਵਤ ਕਿਰਪਾਲ ॥ ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥ ਨਾਨਕ ਓਹੁ ਬੈਸਨੋ ਪਰਮਗਤਿ ਪਾਵੈ ॥੨॥ (ਅਸਲੀ) ਵੈਸ਼ਨਵ ਭਗਤ ਉਹ ਹੈ, ਜਿਸ ਉਪਰ (ਪ੍ਰਭੂ) ਬਹੁਤ ਪ੍ਰਸੰਨ ਹੁੰਦਾ ਹੈ।ਅਤੇ ਪ੍ਰਭੂ ਦੀ ਮਾਇਆ ਤੋਂ ਵੱਖ ਹੋ ਕੇ ਰਹਿੰਦਾ ਹੈ।ਕਰਮ ਕਰਦਾ ਹੋਇਆ ਵੀ ਕਰਮਾਂ ਵਿਚ ਲਿਪਤ ਨਹੀਂ ਹੁੰਦਾ (ਕਰਮ ਦਾ ਹੰਕਾਰ ਨਹੀਂ ਕਰਦਾ)।ਉਸ ਵੈਸ਼ਨੋ ਦਾ ਧਰਮ ਪਵਿਤ੍ਰ ਹੈ।(ਜੋ) ਕਿਸੇ ਫਲ ਦੀ ਇੱਛਾ ਨਹੀਂ ਚਾਹੁੰਦਾ।ਕੇਵਲ (ਪ੍ਰਭੂ ਦੀ) ਭਗਤੀ ਤੇ (ਉਸ ਦਾ) ਜਸ ਗਾਉਣ ਵਿਚ ਰਚਿਆ ਰਹਿੰਦਾ ਹੈ।(ਜਿਸ ਦੇ) ਮਨ ਤੇ ਸਰੀਰ ਅੰਦਰ ਪ੍ਰਭੂ ਦਾ ਸਿਮਰਨ ਹੈ।ਅਤੇ ਸਾਰੇ ਜੀਵਾਂ ਉਪਰ ਮੇਹਰਬਾਨ ਹੁੰਦਾ ਹੈ।(ਜੋ ਵੈਸ਼ਨਵ ਭਗਤ ਪ੍ਰਭੂ ਦਾ ਨਾਮ ਹਿਰਦੇ ਵਿਚ) ਆਪ ਵੀ ਦ੍ਰਿੜ ਕਰਦਾ ਹੈ ਤੇ ਹੋਰਨਾਂ ਨੂੰ ਵੀ ਨਾਮ ਜਪਾਉਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਉਹ ਵੈਸ਼ਨਵ ਭਗਤ ਪਰਮ ਗਤੀ ਨੂੰ ਪਾਉਂਦਾ ਹੈ।੨।

ਪਦਾਰਥ = ਬੈਸਨੋ–ਇਕ ਮੱਤ ਹੈ, ਜੋ ਵਿਸ਼ਨੂੰ ਦਾ ਭਗਤ ਹੈ (ਇਸ ਪਦੇ ਵਿਚ ਅਸਲੀ ਬੈਸ਼ਨੋ ਵਾਹਿਗੁਰੂ ਦੇ ਉਪਾਸ਼ਕ ਨੂੰ ਦਸਿਆ ਹੈ) ।ਸੋ–ਉਹ।ਸੁਪ੍ਰਸੰਨ–ਬਹੁਤ ਪ੍ਰਸੰਨ (ਮ.ਕੋ.); ਉਹ (ਹਰੀ) ਪ੍ਰਸੰਨ ਹੈ (ਸ਼ਬਦਾਰਥ)।ਭਿੰਨ–ਵੱਖ।ਕਰਤ–ਕਰਦਾ ਹੋਇਆ।ਨਿਹਕਰਮ–ਕਰਮ ਰਹਿਤ; ਨਿਸ਼ਕਾਮ (ਜੋ ਕੀਤੇ ਕਰਮਾਂ ਦਾ ਫਲ ਨਹੀਂ ਮੰਗਦਾ)।ਕਾਹੂ ਕੀ–ਕਿਸੇ ਦੀ।ਬਾਛੈ–ਚਾਹੁੰਦਾ ਹੈ।ਰਾਚੈ–ਮਸਤ ਰਹਿੰਦਾ ਹੈ ।ਦ੍ਰਿੜੈ–(ਮਨ ਵਿਚ) ਚੰਗੀ ਤਰ੍ਹਾਂ ਟਿਕਾਉਂਦਾ ਹੈ।ਪਰਮ ਗਤਿ–ਮੁਕਤੀ; ਉਚੀ ਆਤਮਕ ਅਵਸਥਾ।੨।

ਭਗਉਤੀ ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥ ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥ ਸਾਧ ਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥ ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥ ਮਨੁ ਤਨੁ

All Rights Reserved by Harjinder Singh Gyani | www.GuruGranthVakhyaan.org

ਅਰਪੈ ਬਿਸਨ ਪਰੀਤਿ ॥ ਹਰਿ ਕੇ ਚਰਨ ਹਿਰਦੈ ਬਸਾਵੈ ॥ ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ ॥੩॥ (ਅਸਲੀ) ਭਗਉਤੀ (ਉਹ ਸਾਧੂ ਹੈ, ਜਿਸ ਨੂੰ) ਵਾਹਿਗੁਰੂ ਦੀ ਭਗਤੀ ਦਾ ਰੰਗ ਚੜ੍ਹ ਗਿਆ ਹੈ।(ਜੋ) ਸਾਰੇ ਦੁਸ਼ਟਾਂ ਦਾ ਸਾਥ ਛਡ ਦੇਂਦਾ ਹੈ।(ਜਿਸ ਦੇ) ਮਨ ਤੋਂ ਸਾਰਾ ਭਰਮ ਨਾਸ਼ ਹੋ ਜਾਂਦਾ ਹੈ।(ਉਹ) ਪਾਰਬ੍ਰਹਮ ਨੂੰ ਸਾਰਿਆਂ ਵਿਚ ਵਿਆਪਕ ਜਾਣ ਕਰਕੇ ਪੂਜਦਾ ਹੈ।ਸਾਧੂਆਂ ਦੀ ਸੰਗਤ ਵਿਚ ਪਾਪਾਂ ਦੀ ਮੈਲ ਨੂੰ ਦੂਰ ਕਰਦਾ ਹੈ।ਉਸ ਭਗਉਤੀ ਦੀ ਬੁੱਧੀ ਉਤਮ ਹੋ ਜਾਂਦੀ ਹੈ।(ਉਹ) ਵਾਹਿਗੁਰੂ ਦੀ ਟਹਿਲ ਨਿਤਾਪ੍ਰਤੀ ਕਰਦਾ ਹੈ।(ਅਪਣੇ) ਮਨ ਤੇ ਤਨ ਨੂੰ ਵਾਹਿਗੁਰੂ ਦੀ ਪ੍ਰੀਤੀ ਦੇ ਅਰਪਣ ਕਰ ਦੇਂਦਾ ਹੈ।(ਜੋ) ਹਰੀ ਦੇ ਚਰਨ ਹਿਰਦੇ ਵਿਚ ਵਸਾਉਂਦਾ ਹੈ।ਗੁਰੂ ਜੀ ਆਖਦੇ ਹਨ ਕਿ ਇਹੋ ਜਿਹਾ ਭਗਉਤੀ ਵਾਹਿਗੁਰੂ ਨੂੰ ਪਾ ਲੈਂਦਾ ਹੈ।੩। ਸੋ ਭਗਉਤੀ ਜੋ ਭਗਵੰਤੈ ਜਾਣੈ। (੮੮)

ਪਦਾਰਥ = ਭਗਉਤੀ–(ਇਕ ਭੇਖ ਹੈ ਜੋ ਬਿਸ਼ਨੂੰ ਦਾ ਉਪਾਸ਼ਕ ਹੈ) ਕਰਤਾਰ ਦਾ ਉਪਾਸ਼ਕ।ਭਗਵੰਤ–ਵਾਹਿਗੁਰੂ।ਭਗਤਿ ਕਾ–ਭਗਤੀ ਦਾ।ਰੰਗੁ–ਪ੍ਰੇਮ।ਸੰਗੁ–ਸਾਥ।ਕਰਿ ਸਗਲ–ਸਭ ਵਿਚ ਵਿਆਪਕ ਜਾਣ ਕਰਕੇ।ਖੋਵੈ–ਦੂਰ ਕਰਦਾ ਹੈ।ਮਤਿ–ਬੁੱਧੀ।ਨਿਤ ਨੀਤਿ–ਹਰ ਰੋਜ।ਅਰਪੈ–ਭੇਟਾ ਕਰਦਾ ਹੈ।ਬਿਸਨ–ਵਾਹਿਗੁਰੂ ਦੀ।ਹਿਰਦੈ–ਹਿਰਦੇ ਵਿਚ।ਐਸਾ–ਇਹੋ ਜਿਹਾ।ਭਗਵੰਤ ਕਉ–ਵਾਹਿਗੁਰੂ ਨੂੰ।੩।

ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥ ਰਾਮ ਨਾਮ ਸਾਰੁ ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥ ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥ ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲੁ ॥ ਸੂਖਮ ਮਹਿ ਜਾਨੈ ਅਸਥੂਲੁ ॥ ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥ (ਅਸਲੀ) ਪੰਡਤ ਉਹ ਹੈ, ਜੋ (ਅਪਣੇ) ਮਨ ਨੂੰ ਸਿਖਿਆ ਦੇਂਦਾ ਹੈ।(ਜੋ) ਆਤਮਾ ਵਿਚੋਂ ਪ੍ਰਭੂ ਦੇ ਨਾਮ ਨੂੰ ਖੋਜਦਾ ਹੈ।ਅਤੇ ਰਾਮ ਨਾਮ ਦੇ ਸ੍ਰੇਸਟ ਰਸ ਨੂੰ ਪੀਂਦਾ ਹੈ।ਉਸ ਪੰਡਤ ਦੇ ਉਪਦੇਸ਼ ਕਰਕੇ ਜਗਤ ਜਿਉਂਦਾ ਹੈ।(ਜੋ ਲੋਕਾਂ ਨੂੰ ਹੀ ਕਥਾ ਨਹੀਂ ਸੁਣਾਉਂਦਾ, ਅਪਣੇ) ਹਿਰਦੇ ਵਿਚ ਵੀ ਹਰੀ ਦੀ ਕਥਾ ਵਸਾ ਲੈਂਦਾ ਹੈ।ਉਹ ਪੰਡਤ ਮੁੜ (ਕਿਸੇ) ਜੂਨੀ ਵਿਚ ਨਹੀਂ ਆਉਂਦਾ (ਅਮਰ ਹੋ ਜਾਂਦਾ ਹੈ)।ਬੇਦਾ, ਪੁਰਾਣਾਂ ਤੇ ਸਿਮ੍ਰਤੀਆਂ ਦੇ ਮੂਲ (ਤੱਤ ਪ੍ਰਭੂ) ਨੂੰ ਸਮਝ ਲੈਂਦਾ ਹੈ।ਅਤੇ ਜਾਣ ਲੈਂਦਾ ਹੈ ਕਿ ਸਾਰਾ ਸਥੂਲ ਜਗਤ ਉਸ ਸੂਖਮ ਵਾਹਿਗੁਰੂ ਵਿਚ ਹੀ ਹੈ।(ਇਉਂ ਆਪ ਗਿਆਨ ਵਾਨ ਹੋ ਕੇ ਉਹ) ਚਾਰੇ ਵਰਨਾਂ (ਖਤ੍ਰੀ ਬ੍ਰਹਮਣ ਸੂਦ੍ਰ ਤੇ ਵੈਸ਼) ਦੇ ਲੋਕਾਂ ਨੂੰ (ਸਾਂਝਾ) ਉਪਦੇਸ਼ ਦੇਂਦਾ ਹੈ (ਵਿਤਕਰਾ ਨਹੀਂ ਕਰਦਾ ਕਿ ਬ੍ਰਹਮਣ ਤੋਂ ਬਿਨਾ ਹੋਰ ਕੋਈ ਸਿਖਿਆ ਦਾ ਅਧਿਕਾਰੀ ਨਹੀਂ)।ਨਾਨਕ ਦੀ ਉਸ ਪੰਡਤ ਨੂੰ ਸਦਾ ਨਮਸ਼ਕਾਰ ਹੈ।੪।

ਪਦਾਰਥ = ਸੋ–ਉਹ।ਪਰਬੋਧੈ–ਸਿਖਿਆ ਦੇਂਦਾ ਹੈ; ਗਿਆਨ ਦੇਂਦਾ ਹੈ; ਜਗਾਉਂਦਾ ਹੈ।ਸੋਧੈ–ਖੋਜਦਾ ਹੈ; ਵਿਚਾਰ ਕਰਦਾ ਹੈ।ਸਾਰ ਰਸ –ਸ੍ਰੇਸਟ ਰਸ।ਜੀਵੈ–ਰੁਹਾਨੀ ਜੀਵਨ ਜਿਉਂਦਾ ਹੈ।ਫਿਰਿ–ਮੁੜ ਦੁਬਾਰਾ।ਜੋਨਿ–ਜੂਨਾਂ ਵਿਚ।ਬੂਝੈ–ਸਮਝਦਾ ਹੈ।ਮੂਲੁ–ਮੁੱਢ।ਸੂਖਮ –ਅਦ੍ਰਿਸਟ ਪ੍ਰਭੂ।ਅਸਥੂਲ–ਦਿਸਦਾ ਜਗਤ।ਕਉ–ਨੂੰ।ਅਦੇਸੁ–ਨਮਸਕਾਰ।੪।

ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥ ਜੋ ਜੋ ਜਪੈ, ਤਿਸ ਕੀ ਗਤਿ ਹੋਇ ॥ ਸਾਧ ਸੰਗਿ ਪਾਵੈ ਜਨੁ ਕੋਇ ॥ ਕਰਿ ਕਿਰਪਾ ਅੰਤਰਿ ਉਰ ਧਾਰੈ ॥ ਪਸੁ ਪ੍ਰੇਤ ਮੁਗਦ ਪਾਥਰ ਕਉ ਤਾਰੈ ॥ ਸਰਬ ਰੋਗ ਕਾ ਅਉਖਦੁ ਨਾਮੁ ॥ ਕਲਿਆਣ ਰੂਪ ਮੰਗਲ ਗੁਣ ਗਾਮ ॥ ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ ॥ ਨਾਨਕ ਤਿਸੁ ਮਿਲੈ, ਜਿਸੁ ਲਿਖਿਆ ਧੁਰਿ ਕਰਮਿ ॥੫॥ ਮੂਲ ਮੰਤ੍ਰ (ਰੱਬ ਦੇ ਨਾਮ) ਦਾ ਗਿਆਨ ਸਭ ਦੇ ਲਈ ਸਾਂਝਾ ਹੈ ਭਾਵ ਮੂਲ ਮੰਤ੍ਰ ਦਾ ਗਿਆਨ (ਵਿਤਕਰੇ ਤੋਂ ਬਿਨਾਂ) ਸਭ ਨੂੰ ਦੇਣਾ ਚਾਹੀਦਾ ਹੈ।ਚਾਰ ਵਰਨਾਂ ਵਿਚੋਂ ਕੋਈ ਵੀ ਨਾਮ ਜਪ ਸਕਦਾ ਹੈ (ਕਿਸੇ ਫਿਰਕੇ ਉਤੇ ਇਸਦੀ ਪਾਬੰਦੀ ਨਹੀਂ ਹੋਣੀ ਚਾਹੀਦੀ)।ਜੋ ਜੋ (ਵੀ ਮਨੁੱਖ ਇਸ ਨਾਮ ਨੂੰ) ਜਪਦਾ ਹੈ, ਉਸ ਦੀ ਮੁਕਤੀ ਹੁੰਦੀ ਹੈ (ਚਾਹੇ ਉਹ ਨੀਵੀ ਜਾਤ ਦਾ ਹੀ ਹੋਵੇ।ਪਰ) ਸਾਧੂਆਂ ਦੀ ਸੰਗਤ ਵਿਚੋਂ ਕੋਈ ਵਿਰਲਾ ਪੁਰਖ ਹੀ (ਨਾਮ ਨੂੰ) ਪ੍ਰਾਪਤ ਕਰਦਾ ਹੈ।(ਜਿਸ ਮਨੁੱਖ ਉਤੇ ਪ੍ਰਭੂ) ਕ੍ਰਿਪਾ ਕਰਦਾ ਹੈ, (ਉਹ ਨਾਮ ਨੂੰ ਅਪਣੇ) ਹਿਰਦੇ ਅੰਦਰ ਟਿਕਾਉਂਦਾ ਹੈ।(ਨਾਮ ਐਸਾ ਸਮਰੱਥ ਹੈ, ਜੋ) ਪਸ਼ੂ ਵਿਰਤੀ ਵਾਲਿਆਂ, ਭੂਤਨਿਆਂ, ਮੂਰਖਾਂ ਤੇ ਪੱਥਰ ਵਰਗੇ ਕਠੋਰ ਦਿਲ ਵਾਲੇ ਸਭਨਾਂ ਨੂੰ (ਸੰਸਾਰ ਸਮੁੰਦਰ ਤੋਂ) ਤਾਰ ਦੇਂਦਾ ਹੈ।ਸਾਰੇ ਰੋਗਾਂ ਦਾ ਦਾਰੂ ਨਾਮ (ਸਿਮਰਨ) ਹੈ।ਪ੍ਰਭੂ ਦੇ ਗੁਣ ਗਾਉਣਾ ਕਲਿਆਣਕਾਰੀ ਹੈ ਤੇ ਖੁਸ਼ੀਆਂ ਦੇਣ ਵਾਲਾ ਹੈ; ਹਰੀ ਦੇ ਗੁਣ ਗਾਉਣ ਨਾਲ ਮੁਕਤ ਰੂਪ ਖੁਸ਼ੀ ਮਿਲਦੀ ਹੈ (ਸ਼ਬਦਾਰਥ)।ਕਿਸੇ ਜੁਗਤੀ ਤੇ (ਵਰਣ ਆਸ਼੍ਰਮ ਦੇ) ਧਰਮ ਕਰਮ ਨਾਲ ਕਿਸੇ ਥਾਂ ਤੋਂ ਨਾਮ ਨੂੰ ਨਹੀਂ ਪਾਇਆ ਜਾ ਸਕਦਾ।ਨਾਨਕ ਗੁਰੂ ਜੀ ਆਖਦੇ ਹਨ, (ਨਾਮ) ਉਸ ਪੁਰਖ ਨੂੰ ਮਿਲਦਾ ਹੈ, ਜਿਸ ਦੇ ਮੱਥੇ ਤੇ ਧੁਰੋਂ ਪ੍ਰਭੂ ਦੀ ਮੇਹਰ ਨਾਲ ਲਿਖਿਆ ਹੁੰਦਾ ਹੈ; ਧੁਰੋਂ ਭਾਗਾਂ ਵਿਚ ਲਿਖਿਆ ਹੁੰਦਾ ਹੈ।੫।

ਪਦਾਰਥ = ਬੀਜ ਮੰਤ੍ਰ–(ਧਰਮ ਦਾ) ਮੂਲ ਮੰਤ੍ਰ।ਸਰਬ ਕੋ–ਸਭ ਦਾ।ਚਹੁ–ਚਾਰ।ਵਰਨਾ ਮਹਿ–ਖਤ੍ਰੀ ਬ੍ਰਹਮਣ ਵੈਸ਼ ਤੇ ਸੂਦ੍ਰਾਂ ਵਿਚ। ਗਤਿ–ਮੁਕਤੀ।ਅੰਤਰਿ ਉਰ–ਹਿਰਦੇ ਦੇ ਅੰਦਰ।ਧਾਰੈ–ਟਿਕਾਉਂਦਾ ਹੈ।ਪਸੁ–ਪਸ਼ੂ।ਪ੍ਰੇਤ–ਭੂਤਨੇ।ਮੁਗਦ–ਮੂਰਖ।ਅਉਖਦੁ–ਦਾਰੂ। ਕਲਿਆਣ ਰੂਪ–ਮੁਕਤੀ ਰੂਪ।ਮੰਗਲ–ਖੁਸ਼ੀ; ਅਨੰਦ।ਗਾਮ–ਗਾਉਣਾ।ਕਾਹੂ–ਕਿਸੇ।ਜੁਗਤਿ–ਤਰੀਕੇ ਨਾਲ।ਕਿਤੈ–ਕਿਤੋਂ (ਕਿਸੇ ਥਾਂ ਤੋਂ)।ਧਰਮਿ–ਧਰਮ ਦੇ ਕਰਮ ਕਰਨ ਨਾਲ।ਤਿਸੁ–ਉਸ ਨੂੰ।ਜਿਸੁ–ਜਿਸ ਦੇ।ਧੁਰਿ–ਧੁਰ ਪ੍ਰਭੂ ਵੱਲੋਂ।ਕਰਮਿ–ਮੇਹਰ ਨਾਲ।੫।

All Rights Reserved by Harjinder Singh Gyani | www.GuruGranthVakhyaan.org

ਬੀਜ ਮੰਤ੍ਰ = ੧. ਹੋਰ ਸਭ ਮੰਤ੍ਰਾਂ ਦਾ ਮੁੱਢ। ਬੀਜ ਮੰਤ੍ਰ ੧ੳ ਦਾ ਗਿਆਨ ਸਭ ਲਈ ਸਾਂਝਾ ਹੈ।੨. ਬੀਜ ਮਾਤ੍ਰ ਗਿਆਨ ਸਭ ਨੂੰ ਹੈ (ਪੰ. ਨਰੈਣ ਸਿੰਘ)।੩. ਬੀਜ ਦੇ ਤੌਰ ਤੇ ਨਾਮ ਦਾ ਮੰਤ੍ਰ। ਬੀਜ ਦੇ ਤੌਰ ਤੇ ਨਾਮ ਦਾ ਗਿਆਨ ਸਭ ਨੂੰ ਦਿਤਾ ਗਿਆ ਹੈ। ਕੋਈ ਮਨੁੱਖ ਇਤਨਾ ਨੀਵਾਂ ਨਹੀਂ ਕਿ ਉਸ ਵਿਚ ਨਾਮ ਦੇ ਜਾਨਣ ਦੀ ਕੁਝ ਨਾ ਕੁਝ ਯੋਗਤਾ ਨਾ ਹੋਵੇ। ਇਸ ਲਈ ਨੀਚ ਜਾਤ ਜਾਣ ਕੇ ਨਾਮ ਉਪਦੇਸ਼ ਤੋਂ ਖਾਲੀ ਕਿਸੇ ਨੂੰ ਨਹੀਂ ਰੱਖਣਾ ਚਾਹੀਦਾ। ਚਹੁੰ ਵਰਨਾਂ ਵਿਚੋਂ ਕੋਈ ਵੀ ਨਾਮ ਜਪ ਸਕਦਾ ਹੈ (ਸ਼ਬਦਾਰਥ)। ਬੀਜ ਮੰਤ੍ਰ ਰੱਬ ਦਾ ਨਾਮ ਹੈ, ਨਾਮ ਤੋਂ ਸਭ ਨੂੰ ਗਿਆਨ ਮਿਲੇ, ਚਹੁੰ ਵਰਨਾਂ ਵਿਚੋਂ ਜੋ ਚਾਹੇ ਰੱਬ ਦਾ ਨਾਮ ਜਪੇ, ਰੋਕ ਕਿਸੇ ਤੇ ਨਾ ਹੋਵੇ।(ਉਰਦੂ ਟੀਕਾ)।

ਅੰਗ ੨੭੫ = ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ ॥ ਤਿਸ ਕਾ ਨਾਮੁ ਸਤਿ ਰਾਮਦਾਸੁ ॥ ਆਤਮ ਰਾਮੁ ਤਿਸੁ ਨਦਰੀ ਆਇਆ ॥ ਦਾਸ ਦਸੰਤਣ ਭਾਇ ਤਿਨਿ ਪਾਇਆ ॥ ਸਦਾ ਨਿਕਟਿ ਨਿਕਟਿ ਹਰਿ ਜਾਨੁ ॥ ਸੋ ਦਾਸੁ ਦਰਗਹ ਪਰਵਾਨੁ ॥ ਅਪੁਨੇ ਦਾਸ ਕਉ ਆਪਿ ਕਿਰਪਾ ਕਰੈ ॥ ਤਿਸੁ ਦਾਸ ਕਉ ਸਭ ਸੋਝੀ ਪਰੈ ॥ ਸਗਲ ਸੰਗਿ ਆਤਮ ਉਦਾਸੁ ॥ ਐਸੀ ਜੁਗਤਿ ਨਾਨਕ ਰਾਮਦਾਸੁ ॥੬॥ ਜਿਸ (ਮਨੁੱਖ) ਦੇ ਮਨ ਵਿਚ ਪਾਰਬ੍ਰਹਮ ਦਾ ਨਿਵਾਸ ਹੈ। ਉਸ ਦਾ ਨਾਮ ਸੱਚ ਮੁਚ ਰਾਮ ਦਾ ਦਾਸ ਹੈ। ਸਭ ਦੀਆਂ ਆਤਮਾਂ ਵਿਚ ਰਮਿਆ ਪ੍ਰਭੂ ਉਸ ਨੂੰ ਨਜਰ ਵਿਚ ਆ ਗਿਆ ਹੈ।(ਉਹ ਕਿਵੇਂ?) ਉਸ ਨੇ ਦਾਸਾਂ ਦੇ ਦਾਸ ਹੋਣ ਦੇ ਭਾਵ ਨਾਲ ਪ੍ਰਭੂ ਨੂੰ ਪਾਇਆ ਹੈ।(ਜੋ ਸੇਵਕ) ਹਰੀ ਨੂੰ ਨੇੜੇ ਤੋਂ ਨੇੜੇ ਜਾਣਦਾ ਹੈ। ਉਹ ਦਾਸ ਦਰਗਹ ਵਿਚ ਪ੍ਰਵਾਨ ਹੁੰਦਾ ਹੈ।(ਪ੍ਰਭੂ ਜਿਸ) ਅਪਣੇ ਦਾਸ ਉਤੇ ਆਪ ਕ੍ਰਿਪਾ ਕਰਦਾ ਹੈ। ਉਸ ਦਾਸ ਨੂੰ ਸਾਰੀ ਸੋਝੀ ਪੈ ਜਾਂਦੀ ਹੈ।(ਫਿਰ ਉਹ) ਸਭ ਦੇ ਨਾਲ (ਗ੍ਰਿਹਸਤ ਵਿਚ) ਰਹਿੰਦਾ ਹੋਇਆ ਮਨ ਕਰਕੇ ਮੋਹ ਰਹਿਤ ਰਹਿੰਦਾ ਹੈ (ਕਿਸੇ ਦੇ ਮੋਹ ਵਿਚ ਨਹੀਂ ਫਸਦਾ)। ਨਾਨਕ ਗੁਰੂ ਜੀ ਆਖਦੇ ਹਨ, (ਜਿਸ ਮਨੁੱਖ ਦੀ) ਐਸੀ ਜੀਵਨ ਜੁਗਤੀ ਹੈ, (ਉਹ ਅਸਲੀ) ਰਾਮ ਦਾ ਦਾਸ ਹੈ। ਇਸ ਪਦੇ ਦਾ ਕੇਂਦਰੀ ਭਾਵ = ਪਹਿਲਾਂ ਦਾਸ, ਫਿਰ ਹਜੂਰੀ ਨਿਵਾਸ, ਫਿਰ ਗਿਆਨ ਤੇ ਫਿਰ ਗ੍ਰਿਹਸਤ ਵਿਚ ਉਦਾਸ ਹੋ ਕੇ ਜੋ ਪੁਰਖ ਜੀਵਨ ਬਤੀਤ ਕਰਦਾ ਹੈ, ਉਹ ਰਾਮਦਾਸ ਕਹਾਉਣ ਦੇ ਯੋਗ ਹੈ।੬।

ਪਦਾਰਥ = ਨਿਵਾਸੁ-ਟਿਕਾਣਾ। ਸਤਿ-ਸੱਚਮੁਚ; ਸਹੀ; ਅਸਲੀ। ਰਾਮਦਾਸੁ-ਪ੍ਰਭੂ ਦਾ ਸੇਵਕ; ਬੈਰਾਗੀ ਸਾਧੂ; ਦੇਵ ਮੰਦਰਾਂ ਵਿਚ ਕੀਰਤਨ ਕਰਨ ਵਾਲਾ ਭਗਤੀਆ (ਗੁਰੂ ਜੀ ਨੇ ਅਸਲੀ ਰਾਮਦਾਸ ਦੇ ਲੱਛਣ ਦੱਸੇ ਹਨ)। ਆਤਮ ਰਾਮ-ਸਭ ਵਿਚ ਵਿਆਪਕ ਪ੍ਰਭੂ। ਦਾਸ ਦਸੰਤਣ-ਦਾਸਾਂ ਦਾ ਦਾਸ। ਭਾਇ-ਭਾਵਨਾ ਨਾਲ। ਤਿਨਿ-ਉਸ ਨੇ। ਨਿਕਟਿ-ਨੇੜੇ। ਜਾਨੁ-ਜਾਣਦਾ ਹੈ। ਸੋ-ਉਹ। ਕਉ-ਨੂੰ; ਉਤੇ। ਸੋਝੀ-ਸਮਝ; ਗਿਆਨ। ਪਰੈ-ਪੈਂਦੀ ਹੈ। ਸਗਲ-ਸਭ। ਜੁਗਤਿ-ਜੀਵਨ ਜਿਉਣ ਦਾ ਤਰੀਕਾ। ਆਤਮ ਉਦਾਸ-ਮਨ ਕਰਕੇ ਨਿਰਮੋਹ।੬।

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥ ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥ ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥ ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥ (ਜਿਸ ਪੁਰਖ ਦੇ) ਮਨ ਵਿਚ ਪ੍ਰਭੂ ਦੀ ਆਗਿਆ ਪਿਆਰੀ ਲਗਦੀ ਹੈ (ਰੱਬ ਦਾ ਹੁਕਮ ਦਿਲੋਂ ਮੰਨਦਾ ਹੈ)। ਉਹ ਹੀ ਪੁਰਖ ਜੀਵਨ ਮੁਕਤ ਕਹਾ ਸਕਦਾ ਹੈ। ਉਸ (ਪੁਰਖ) ਨੂੰ ਉਹੋ ਜਿਹੀ ਖੁਸ਼ੀ ਹੁੰਦੀ ਹੈ, ਉਹੋ ਜਿਹੀ ਗਮੀ ਹੁੰਦੀ ਹੈ।(ਖੁਸ਼ੀ ਗਮੀ ਦੇ ਝੰਝਟਾਂ ਤੋਂ ਉਪਰ ਜੋ ਅਨੰਦ ਹੈ, ਉਹ) ਅਨੰਦ ਉਸ ਨੂੰ ਸਦਾ ਬਣਿਆ ਰਹਿੰਦਾ ਹੈ, (ਕਿਉਂਕਿ) ਉਥੇ (ਉਸ ਦੇ ਹਿਰਦੇ ਵਿਚ ਪ੍ਰਭੂ ਦੇ ਚਰਨਾਂ ਤੋਂ) ਵਿਛੋੜਾ ਨਹੀਂ ਹੈ। ਤਿਹੋ ਜਿਹਾ ਉਸ ਨੂੰ ਸੋਨਾ ਪ੍ਰਤੀਤ ਹੁੰਦਾ ਹੈ, ਤੈਸੀ ਹੀ ਉਸ ਨੂੰ ਮਿੱਟੀ ਲਗਦੀ ਹੈ।(ਉਸ ਦੇ ਲਈ) ਤਿਹੋ ਜਿਹਾ ਅੰਮ੍ਰਿਤ ਹੈ, ਉਹੋ ਜਿਹੀ ਕੌੜੀ ਜਹਿਰ ਹੈ। ਤਿਹੋ ਜਿਹਾ (ਉਸ ਦੇ ਲਈ) ਆਦਰ ਹੈ, ਉਹੋ ਜਿਹਾ ਨਿਰਾਦਰ ਹੈ; ਤਿਹੋ ਜਿਹਾ (ਉਸ ਲਈ) ਹੰਕਾਰ ਕਰਣ ਵਾਲਾ ਹੈ (ਜੋ ਹੰਕਾਰ ਕਾਰਣ ਉਸ ਦਾ ਆਦਰ ਨਹੀਂ ਕਰਦਾ। ਉਸ ਲਈ) ਉਹੋ ਜਿਹਾ ਕੰਗਾਲ ਹੈ, ਉਹੋ ਜਿਹਾ ਰਾਜਾ ਹੁੰਦਾ ਹੈ।(ਹਰੀ ਉਸ ਉਤੇ) ਜੋ ਵੀ ਭਾਣਾ ਵਰਤਾਉਂਦਾ ਹੈ, ਉਹ ਉਸ ਨੂੰ ਸਹੀ ਸਮਝਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਜੀਵਨ ਮੁਕਤ ਕਿਹਾ ਜਾਂਦਾ ਹੈ।੭।

ਪਦਾਰਥ = ਆਤਮ-ਮਨ ਤੋਂ; ਅਪਣੇ ਅੰਦਰ। ਹਿਤਾਵੈ-ਪਿਆਰ ਕਰਦਾ ਹੈ; ਹਿਤ ਵਾਲੀ ਜਾਣਦਾ ਹੈ। ਜੀਵਨ ਮੁਕਤਿ-ਜੋ ਜਿਉਂਦਾ ਹੀ ਮੁਕਤ ਹੋ ਗਿਆ। ਸੋਊ-ਉਹ ਹੀ। ਤੈਸਾ-ਤਿਹੋ ਜਿਹਾ; ਉਹੋ ਜਿਹਾ। ਹਰਖੁ-ਖੁਸ਼ੀ। ਸੋਗੁ-ਗਮੀ। ਬਿਓਗ-ਵਿਛੋੜਾ। ਸੁਵਰਨੁ-ਸੋਨਾ। ਬਿਖੁ-ਜਹਿਰ। ਖਾਟੀ-ਕੌੜੀ। ਮਾਨੁ ਅਭਿਮਾਨ-ਆਦਰ ਤੇ ਨਿਰਾਦਰ (ਮ.ਕੋ)। ਰੰਕੁ-ਕੰਗਾਲ। ਸਾਈ-ਉਹ ਹੀ। ਜੁਗਤਿ-ਯੋਗ; ਸਹੀ।੭।

ਪਾਰਬ੍ਰਹਮ ਕੇ ਸਗਲੇ ਠਾਉ ॥ ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ ॥ ਆਪੇ ਕਰਨ ਕਰਾਵਨ ਜੋਗੁ ॥ ਪ੍ਰਭ ਭਾਵੈ ਸੋਈ ਫੁਨਿ ਹੋਗੁ ॥ ਪਸਰਿਓ ਆਪਿ ਹੋਇ ਅਨਤ ਤਰੰਗ ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ ਜੈਸੀ ਮਤਿ ਦੇਇ ਤੈਸਾ ਪਰਗਾਸ ॥ ਪਾਰਬ੍ਰਹਮੁ ਕਰਤਾ ਅਬਿਨਾਸ ॥ ਸਦਾ ਸਦਾ ਸਦਾ ਦਇਆਲ ॥ ਸਿਮਰਿ ਸਿਮਰਿ ਨਾਨਕ ਭਏ ਨਿਹਾਲ ॥੮॥੯॥ (ਸਰੀਰ ਰੂਪ) ਸਾਰੇ ਅਸਥਾਨ ਪ੍ਰਮੇਸ਼ਰ ਦੇ ਹਨ। ਜਿਸ ਜਿਸ ਸਰੀਰ ਰੂਪ ਘਰ ਵਿਚ (ਜਿਸ ਜਿਸ ਜੀਵ ਨੂੰ ਪ੍ਰਭੂ) ਰੱਖਦਾ ਹੈ, ਉਹੋ ਜਿਹਾ ਉਨ੍ਹਾਂ ਦਾ ਨਾਉਂ ਪੈ ਜਾਂਦਾ ਹੈ (ਅਪਰਸ ,ਬੈਸਨੋ, ਭਗਉਤੀ, ਪੰਡਤ ਤੇ ਜੀਵਨ ਮੁਕਤ ਆਦਿ ਦੀ ਜਿਹੋ ਜਿਹੀ ਪ੍ਰਕਿਰਿਆ ਜੀਵ ਧਾਰਦਾ ਹੈ, ਉਹੋ ਜਿਹਾ ਉਸਦਾ ਨਾਂ ਪੈ ਜਾਂਦਾ

All Rights Reserved by Harjinder Singh Gyani | www.GuruGranthVakhyaan.org

ਹੈ।ਕਿਸੇ ਨੂੰ ਪ੍ਰਭੂ ਵਿਦਿਆ ਦੇ ਦਿੰਦਾ ਹੈ, ਉਹ ਪੰਡਤ ਹੋ ਜਾਂਦਾ ਹੈ।ਕਿਸੇ ਵਿਚ ਪ੍ਰੇਮ, ਉਹ ਭਗਉਤੀ ਤੇ ਕਿਸੇ ਵਿਚ ਸੇਵਾ ਭਾਵ ਪਾ ਦੇਂਦਾ ਹੈ ਤਾਂ ਉਹ ਰਾਮ ਦਾ ਦਾਸ ਹੋ ਜਾਂਦਾ ਹੈ, ਇਸੇ ਤਰ੍ਹਾਂ ਬਾਕੀ ਜੂਨਾਂ ਦੇ ਜੀਵਾਂ ਦੇ ਨਾਮ ਪੈ ਜਾਂਦੇ ਹਨ)।ਪ੍ਰਭੂ ਆਪ ਹੀ (ਸਭ ਕੁਛ) ਕਰਨ ਦੇ ਯੋਗ ਹੈ (ਤੇ ਆਪ ਹੀ ਜੀਵਾਂ ਪਾਸੋਂ) ਕਰਾਉਣ ਦੇ ਯੋਗ ਹੈ।ਜੋ ਕੁਛ ਪ੍ਰਭੂ ਨੂੰ ਭਾਉਂਦਾ ਹੈ, ਫਿਰ ਉਹੋ ਹੀ ਹੁੰਦਾ ਹੈ।(ਜਿਵੇਂ ਸਮੁੰਦਰ ਉਤੇ ਅਨੰਤ ਲਹਿਰਾਂ ਦਾ ਪਸਾਰਾ ਦਿਸਦਾ ਹੈ, ਤਿਵੇਂ ਪ੍ਰਭੂ) ਆਪ ਅਨੰਤ ਲਹਿਰਾਂ ਹੋ ਕੇ ਪਸਰ ਰਿਹਾ ਹੈ (ਅਦ੍ਰਿਸ਼ਟ ਵਾਹਿਗੁਰੂ ਹੀ ਅਨੰਤ ਰੂਪ ਹੋ ਕੇ ਦਿਸਦਾ ਹੈ)।ਪ੍ਰਭੂ ਦੇ ਕੌਤਕ ਜਾਣੇ ਨਹੀਂ ਜਾ ਸਕਦੇ (ਕਿ ਕਿਵੇਂ ਨਿਰਗੁਣ ਪ੍ਰਭੂ ਸਰਗੁਣ ਰੂਪ ਵਿਚ ਬਦਲਦਾ ਹੈ? ਸਮਝ ਵਿਚ ਨਹੀਂ ਆਉਂਦਾ)।ਜੈਸੀ ਮੱਤ (ਕਿਸੇ ਜੀਵ ਨੂੰ ਪ੍ਰਭੂ) ਦੇਂਦਾ ਹੈ, ਉਹੋ ਜਿਹਾ ਪ੍ਰਕਾਸ਼ (ਗਿਆਨ ਉਸ ਨੂੰ ਉਸ ਮੱਤ ਦਾ) ਹੋ ਜਾਂਦਾ ਹੈ (ਕੋਈ ਮੂਰਖ ਕੋਈ ਸਿਆਣਾ ਬਣ ਜਾਂਦਾ ਹੈ)।ਪ੍ਰਮਾਤਮਾ ਸਭ ਨੂੰ ਪੈਦਾ ਕਰਨ ਵਾਲਾ ਹੈ, (ਪਰ ਆਪ ਉਹ) ਨਾਸ਼ ਰਹਿਤ ਹੈ।(ਫਿਰ ਉਹ ਅਪਣੇ ਪੈਦਾ ਕੀਤੇ ਜੀਵਾਂ ਉਤੇ) ਸਦਾ ਸਦਾ ਦਇਆ ਕਰਨ ਵਾਲਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਜਿਹੜੇ ਪੁਰਖ (ਵਾਹਿਗੁਰੂ ਨੂੰ ਮਨ ਬਾਣੀ ਕਰਕੇ) ਸਿਮਰਦੇ ਹਨ, ਉਹ ਨਿਹਾਲ ਹੋ ਗਏ ਹਨ।੮।੯।

ਪਦਾਰਥ = ਸਗਲੇ–ਸਾਰੇ।ਠਾਉ–ਥਾਂ।ਜਿਤੁ–ਜਿਸ ਵਿਚ।ਘਰਿ–ਸਰੀਰ ਰੂਪ ਘਰ ਵਿਚ।ਤਿਨ–ਉਨ੍ਹਾਂ ਦਾ।ਭਾਵੈ–ਭਾਉਂਦਾ ਹੈ।ਸੋਈ–ਉਹ ਹੀ।ਫੁਨਿ–ਫੇਰ; ਮੁੜ।ਹੋਗੁ–ਹੁੰਦਾ ਹੈ।ਪਸਰਿਓ–ਫੈਲਿਆ ਹੈ।ਅਨਤ–ਅਨੰਤ; ਬੇਅੰਤ।ਤਰੰਗ–ਲਹਿਰਾਂ।ਲਖੇ ਨ ਜਾਹਿ–ਜਾਣੇ ਨਹੀਂ ਜਾਂਦੇ।ਰੰਗ–ਕੌਤਕ; ਤਮਾਸ਼ੇ।ਪਰਗਾਸ–ਚਾਨਣਾ ਗਿਆਨ ਦਾ।ਅਬਿਨਾਸ–ਨਾਸ਼ ਰਹਿਤ।ਭਏ–ਹੋਏ।੮।੯।

ਸਲੋਕੁ ॥ ਉਸਤਤਿ ਕਰਹਿ ਅਨੇਕ ਜਨ, ਅੰਤੁ ਨ ਪਾਰਾਵਾਰ ॥ ਨਾਨਕ ਰਚਨਾ ਪ੍ਰਭਿ ਰਚੀ, ਬਹੁ ਬਿਧਿ ਅਨਿਕ ਪ੍ਰਕਾਰ ॥੧॥ ਅਨੇਕਾਂ ਹੀ ਸੇਵਕ ਜਨ (ਪ੍ਰਭੂ ਦੀ) ਉਸਤਤੀ ਕਰਦੇ ਹਨ, (ਪਰ ਪ੍ਰਭੂ ਦੀ ਉਸਤਤੀ ਦਾ ਕੋਈ) ਅੰਤ ਨਹੀਂ ਤੇ ਨਾ ਹੀ ਪਾਰਾਵਾਰ ਹੈ (ਪ੍ਰਭੂ ਦੀ ਉਸਤਤੀ ਪ੍ਰਭੂ ਬਾਰੇ ਪੂਰਾ ਬਿਆਨ ਨਹੀਂ ਕਰ ਸਕਦੀ।ਕਿਉਂਕਿ ਪ੍ਰਭੂ ਦੇ ਪਾਰਾਵਾਰ ਦਾ ਵੀ ਕੋਈ ਅੰਤ ਨਹੀ)।ਨਾਨਕ ਗੁਰੂ ਜੀ ਆਖਦੇ ਹਨ ਕਿ ਅਨੇਕਾਂ ਪ੍ਰਕਾਰ (ਦਿਸਦੇ ਅਣ ਦਿਸਦੇ ਸੰਸਾਰ) ਦੀ ਰਚਨਾ ਪ੍ਰਭੂ ਨੇ ਅਨੇਕਾਂ ਤਰੀਕਿਆਂ ਨਾਲ ਰਚੀ ਹੈ।੧।

ਪਦਾਰਥ = ਜਨ–ਸੇਵਕ।ਪਾਰਾਵਾਰੁ–ਉਰਲੇ ਕਿਨਾਰੇ ਤੇ ਪਾਰ ਵਾਲੇ ਕਿਨਾਰੇ ਦਾ।ਰਚਨਾ–ਸ੍ਰਿਸਟੀ ਰਚਨਾ।ਰਚੀ–ਬਣਾਈ।ਪ੍ਰਭਿ–ਪ੍ਰਭੂ ਨੇ।ਬਹੁ ਬਿਧਿ–ਬਹੁਤ ਤਰੀਕਿਆਂ ਨਾਲ।ਪ੍ਰਕਾਰ–ਕਿਸਮਾਂ ਦੀ।੧।

ਅਸਟਪਦੀ ॥ ਕਈ ਕੋਟਿ ਹੋਏ ਪੂਜਾਰੀ ॥ ਕਈ ਕੋਟਿ ਆਚਾਰ ਬਿਉਹਾਰੀ ॥ ਕਈ ਕੋਟਿ ਭਏ ਤੀਰਥ ਵਾਸੀ ॥ ਕਈ ਕੋਟਿ ਬਨ ਭ੍ਰਮਹਿ ਉਦਾਸੀ ॥ ਕਈ ਕੋਟਿ ਬੇਦ ਕੇ ਸ੍ਰੋਤੇ ॥ ਕਈ ਕੋਟਿ ਤਪੀਸੁਰ ਹੋਤੇ ॥ ਕਈ ਕੋਟਿ ਆਤਮ ਧਿਆਨੁ ਧਾਰਹਿ ॥ ਕਈ ਕੋਟਿ ਕਬਿ ਕਾਬਿ ਬੀਚਾਰਹਿ ॥ ਕਈ ਕੋਟਿ ਨਵਤਨ ਨਾਮ ਧਿਆਵਹਿ ॥ ਨਾਨਕ ਕਰਤੇ ਕਾ ਅੰਤੁ ਨ ਪਾਵਹਿ ॥੧॥ (ਸੰਸਾਰ ਰਚਨਾ ਵਿਚ) ਕਈ ਕ੍ਰੋੜ (ਪ੍ਰਭੂ ਦੀ) ਪੂਜਾ ਕਰਨ ਵਾਲੇ ਪੁਜਾਰੀ ਹੋਏ ਹਨ।ਕਈ ਕ੍ਰੋੜ ਕਰਮਾਂ ਦੇ ਕਰਨ ਵਾਲੇ (ਕਰਮ ਕਾਂਡੀ) ਹੋਏ ਹਨ।ਕਈ ਕ੍ਰੋੜ ਤੀਰਥਾਂ ਤੇ ਵਸਣ ਵਾਲੇ ਹੋਏ ਹਨ।ਕਈ ਕ੍ਰੋੜ (ਘਰ ਬਾਰ ਛਡ ਕੇ) ਉਦਾਸੀ ਹੋ ਕੇ ਜੰਗਲਾਂ ਵਿਚ ਫਿਰਦੇ ਹਨ।ਕਈ ਕ੍ਰੋੜ ਬੇਦਾਂ ਦੇ ਸੁਣਨ ਵਾਲੇ ਹਨ।ਕਈ ਕ੍ਰੋੜ ਵੱਡੇ ਤਪੱਸਵੀ ਹੋ ਰਹੇ ਹਨ; ਤਪੀ ਤੇ ਹਵਨ ਕਰਨ ਵਾਲੇ ਹਨ।ਕਈ ਕ੍ਰੋੜ ਆਤਮਾ ਦਾ (ਅੰਤ੍ਰਮੁਖੀ ਹੋ ਕੇ) ਧਿਆਨ ਧਾਰਦੇ ਹਨ।ਕਈ ਕ੍ਰੋੜ ਕਵੀ ਕਵਿਤਾ ਦੁਆਰਾ (ਪ੍ਰਭੂ ਨੂੰ) ਵਿਚਾਰਦੇ ਹਨ; ਕਵੀਆਂ (ਰਿਸ਼ੀਆਂ) ਦੇ ਰਚੇ ਕਾਵਿ (ਗ੍ਰੰਥਾਂ ਨੂੰ) ਵਿਚਾਰਦੇ ਹਨ।ਕਈ ਕ੍ਰੋੜ (ਮਨੁੱਖ ਐਸੇ) ਹਨ, (ਜੋ ਹਰ ਰੋਜ ਪ੍ਰਭੂ ਦਾ) ਨਵਾਂ ਨਾਮ ਧਿਆਉਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਰਚਣਹਾਰ ਪ੍ਰਭੂ ਦਾ (ਇਹ ਸਾਰੇ) ਅੰਤ ਨਹੀਂ ਪਾ ਸਕਦੇ।੧।

ਪਦਾਰਥ = ਕਈ ਕੋਟਿ–ਅਣ ਗਿਣਤ ਲੋਕ।ਆਚਾਰ ਬਿਉਹਾਰੀ–ਧਾਰਮਕ ਕਰਮ ਕਰਨ ਵਾਲੇ।ਭਏ–ਹੋਏ।ਬਨ–ਜੰਗਲਾਂ ਵਿਚ।ਵਾਸੀ–ਵਸਣ ਵਾਲੇ।ਭਰਮਹਿ–ਫਿਰਦੇ ਹਨ।ਉਦਾਸੀ–ਤਿਆਗੀ।ਸ੍ਰੋਤੇ–ਸੁਣਨ ਵਾਲੇ।ਤਪੀਸੁਰ–ਵੱਡੇ ਤਪੀਏ।ਹੋਤੇ–ਹੋਏ ਹਨ; ਹਵਨ ਕਰਦੇ ਹਨ।ਆਤਮ–ਆਤਮਾ ਵਿਚ; ਅੰਤ੍ਰਮੁਖੀ।ਕਬਿ–ਕਵੀ।ਕਾਬਿ–ਕਾਵ ਗ੍ਰੰਥ।ਨਵਤਨ–ਨਵਾਂ।ਕਰਤੇ ਕਾ–ਰਚਣਹਾਰ ਵਾਹਿਗੁਰੂ ਦਾ।੧।

ਕਈ ਕੋਟਿ ਭਏ ਅਭਿਮਾਨੀ ॥ ਕਈ ਕੋਟਿ ਅੰਧ ਅਗਿਆਨੀ ॥ ਕਈ ਕੋਟਿ ਕਿਰਪਨ ਕਠੋਰ ॥ ਕਈ ਕੋਟਿ ਅਭਿਗ ਆਤਮ ਨਿਕੋਰ ॥ ਕਈ ਕੋਟਿ ਪਰ ਦਰਬ ਕਉ ਹਿਰਹਿ ॥ ਕਈ ਕੋਟਿ ਪਰ ਦੂਖਨਾ ਕਰਹਿ ॥ ਕਈ ਕੋਟਿ ਮਾਇਆ ਸ੍ਰਮ ਮਾਹਿ ॥ ਕਈ ਕੋਟਿ ਪਰਦੇਸ ਭਰਮਾਹਿ ॥ ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ ॥੨॥ ਕਈ ਕ੍ਰੋੜ ਹੰਕਾਰੀ (ਲੋਕ) ਹੋਏ ਹਨ।ਕਈ ਕ੍ਰੋੜ (ਮਨੁੱਖ) ਅੰਨ੍ਹੇ ਅਗਿਆਨੀ (ਮਹਾਂ ਮੂਰਖ) ਹਨ।ਕਈ ਕ੍ਰੋੜ ਸੂਮ ਤੇ ਪੱਥਰ ਦਿਲ ਹਨ।ਕਈ ਕ੍ਰੋੜ ਨਾ ਭਿੱਜਣ ਵਾਲੇ ਤੇ ਮਨ ਦੇ ਕੋਰੇ (ਕੋਰੇ ਕਪੜੇ ਤੇ ਰੰਗ ਨਹੀਂ ਚੜ੍ਹਦਾ, ਰੱਬ ਦੇ ਪ੍ਰੇਮ ਰੰਗ ਤੋਂ ਖਾਲੀ) ਹਨ।ਕਈ ਕ੍ਰੋੜ ਪਰਾਏ ਧਨ ਨੂੰ ਚੁਰਾ ਲੈਂਦੇ ਹਨ। ਕਈ ਕ੍ਰੋੜ ਪਰਾਈ ਨਿੰਦਾ ਕਰਦੇ ਹਨ; ਦੂਜਿਆਂ ਤੇ ਦੂਸ਼ਨ ਅਰੋਪਨ ਕਰਦੇ ਹਨ।ਕਈ ਕ੍ਰੋੜ ਮਾਇਆ ਕਮਾਉਣ ਦੀ ਮੇਹਨਤ ਵਿਚ ਲੱਗੇ ਰਹਿੰਦੇ ਹਨ।ਕਈ ਕ੍ਰੋੜ ਪ੍ਰਦੇਸਾਂ ਵਿਚ ਫਿਰਦੇ ਹਨ।(ਪਰ ਹੇ ਪ੍ਰਭੂ! ਆਪ ਜੀ ਜੀਵਾਂ ਨੂੰ) ਜਿਸ ਜਿਸ ਪਾਸੇ ਲਾਉਂਦੇ ਹੋ, ਉਸ ਉਸ

ਪਾਸੇ ਹੀ (ਜੀਵਾਂ ਦਾ) ਲਗਣਾ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਕਰਤਾਰ ਦੀ (ਅਜੇਹੀ ਅਦਭੁਤ) ਰਚਨਾ ਬਾਰੇ ਕਰਤਾਰ ਹੀ ਜਾਣਦਾ ਹੈ (ਮਨੁੱਖ ਦੀ ਅਲਪ ਬੁਧੀ ਕਰਤਾਰ ਦੀ ਰਚਨਾ ਬਾਰੇ ਨਹੀਂ ਜਾਣ ਸਕਦੀ)।੨।

ਪਦਾਰਥ = ਅਭਿਮਾਨੀ-ਹੰਕਾਰੀ। ਅੰਧ ਅਗਿਆਨੀ-ਅੰਨ੍ਹੇ ਅਗਿਆਨੀ; ਮਹਾਂ ਮੂਰਖ। ਕਿਰਪਨ-ਸੂਮ। ਕਠੋਰ-ਸਖਤ ਦਿਲ ਵਾਲੇ। ਅਭਿਗ-ਨਾ ਭਿੱਜਣ ਵਾਲੇ; ਨਾ ਨਰਮ ਹੋਣ ਵਾਲੇ। ਨਿਕੋਰ-ਨਿਰੇ ਕੋਰੇ; ਬੜੇ ਰੁੱਖੇ; ਜਿਸ ਤੇ ਉਪਦੇਸ਼ ਦਾ ਕੋਈ ਅਸਰ ਨਹੀਂ ਹੈ। ਦਰਬ-ਧਨ। ਪਰ-ਪਰਾਇਆ। ਹਿਰਹਿ-ਚੁਰਾਉਂਦੇ ਹਨ। ਦੂਖਨਾ-ਨਿੰਦਿਆ; ਦੋਸ਼। ਸ੍ਰਮ-ਮਿਹਨਤ। ਭਰਮਾਹਿ-ਫਿਰਦੇ ਹਨ।੨।

ਕਈ ਕੋਟਿ ਸਿਧ ਜਤੀ ਜੋਗੀ ॥ ਕਈ ਕੋਟਿ ਰਾਜੇ ਰਸ ਭੋਗੀ ॥ ਕਈ ਕੋਟਿ ਪੰਖੀ ਸਰਪ ਉਪਾਏ ॥ ਕਈ ਕੋਟਿ ਪਾਥਰ ਬਿਰਖ ਨਿਪਜਾਏ ॥ ਕਈ ਕੋਟਿ ਪਵਣ ਪਾਣੀ ਬੈਸੰਤਰ ॥ ਕਈ ਕੋਟਿ ਦੇਸ ਭੂ ਮੰਡਲ ॥ (ਸੰਸਾਰ ਵਿਚ) ਕਈ ਕ੍ਰੋੜ ਸਿੱਧ, ਜਤੀ ਤੇ ਜੋਗੀ ਹਨ। ਕਈ ਕ੍ਰੋੜ ਰਸਾਂ ਦੇ ਭੋਗਣ ਵਾਲੇ ਰਾਜੇ ਹਨ। ਕਈ ਕ੍ਰੋੜ (ਪ੍ਰਭੂ ਨੇ) ਪੰਛੀ ਤੇ ਸੱਪ ਪੈਦਾ ਕੀਤੇ ਹਨ। ਕਈ ਕ੍ਰੋੜ ਪੱਥਰ ਤੇ ਬ੍ਰਿਛ ਪੈਦਾ ਕੀਤੇ ਹਨ। ਕਈ ਕ੍ਰੋੜ ਪੌਣ, ਪਾਣੀ ਤੇ ਅੱਗ ਆਦਿ ਤੱਤ ਹਨ। ਕਈ ਕ੍ਰੋੜ ਧਰਤੀ ਦੇ ਮੰਡਲ ਹਨ ਤੇ (ਉਨ੍ਹਾਂ ਉਪਰ) ਦੇਸ਼ ਹਨ।

ਅੰਗ ੨੭੬ = ਕਈ ਕੋਟਿ ਸਸੀਅਰ ਸੂਰ ਨਖ੍ਯ੍ਯਤ੍ਰ ॥ ਕਈ ਕੋਟਿ ਦੇਵ ਦਾਨਵ ਇੰਦ੍ਰ ਸਿਰਿ ਛਤ੍ਰ ॥ ਸਗਲ ਸਮਗ੍ਰੀ ਅਪਨੈ ਸੂਤਿ ਧਾਰੈ ॥ ਨਾਨਕ ਜਿਸੁ ਜਿਸੁ ਭਾਵੈ, ਤਿਸੁ ਤਿਸੁ ਨਿਸਤਾਰੈ ॥੩॥ (ਪ੍ਰਭੂ ਦੇ ਰਚੇ ਸੰਸਾਰ ਵਿਚ) ਕਈ ਕ੍ਰੋੜ ਚੰਦ, ਸੂਰਜ ਤੇ ਤਾਰੇ ਹਨ। ਕਈ ਕ੍ਰੋੜ ਦੈਂਤ, ਦੇਵਤੇ ਤੇ ਸਿਰਾਂ ਉਪਰ ਛਤ੍ਰਾਂ ਵਾਲੇ ਇੰਦ੍ਰ ਹਨ। (ਪ੍ਰਭੂ ਨੇ ਇਹ) ਸਾਰੀ ਸਮੱਗ੍ਰੀ (ਸਾਰੀ ਰਚਨਾ ਰਚ ਕੇ) ਅਪਣੇ ਹੁਕਮ ਰੂਪ ਸੂਤ੍ਰ ਵਿਚ ਪ੍ਰੋ ਕੇ ਰੱਖੀ ਹੋਈ ਹੈ ਭਾਵ ਸਭ ਨੂੰ ਅਪਣੀ ਮਰਜੀ ਅਨੁਸਾਰ ਚਲਾ ਰਿਹਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਜਿਸ (ਜੀਵ ਦੀ ਕਰਣੀ ਪ੍ਰਭੂ ਨੂੰ) ਭਾਉਂਦੀ ਹੈ, ਉਸ ਉਸ ਨੂੰ (ਸੰਸਾਰ ਸਮੁੰਦਰ ਤੋਂ) ਤਾਰ ਲੈਂਦਾ ਹੈ।੩।

ਪਦਾਰਥ = ਸਿਧ-ਸਿੱਧੀ ਨੂੰ ਪ੍ਰਾਪਤ ਹੋਇਆ ਜੋਗੀ। ਜਤੀ-ਕਾਮ ਨੂੰ ਵਸ ਵਿਚ ਰੱਖਣ ਵਾਲਾ ਸਾਧੂ। ਰਸ ਭੋਗੀ-ਰਸ ਭੋਗਣ ਵਾਲਾ। ਪੰਖੀ-ਉਡਣ ਵਾਲੇ ਪੰਛੀ। ਸਰਪ-ਸੱਪ। ਉਪਾਏ-ਪੈਦਾ ਕੀਤੇ। ਬਿਰਖ-ਬ੍ਰਿਛ। ਨਿਪਜਾਏ-ਪੈਦਾ ਕੀਤੇ। ਪਵਣ-ਹਵਾ। ਬੈਸੰਤਰ-ਅੱਗ। ਭੂ ਮੰਡਲ-ਗੋਲ ਅਕਾਰ ਵਾਲੀਆਂ ਧਰਤੀਆਂ। ਸਸੀਅਰ-ਚੰਦ। ਸੂਰ-ਸੂਰਜ। ਨਖ੍ਯ੍ਯਤ੍ਰ-ਤਾਰੇ। ਦੇਵ-ਦੇਵਤੇ। ਦਾਨਵ-ਦੈਂਤ। ਸਿਰਿ-ਸਿਰ ਉਤੇ। ਸਮਗ੍ਰੀ-ਪਦਾਰਥ; ਸਾਰੀ ਰਚਨਾ। ਸੂਤਿ-ਹੁਕਮ ਰੂਪ ਧਾਗੇ ਵਿਚ। ਭਾਵੈ-ਭਾਉਂਦੀ ਹੈ; ਪਸੰਦ ਹੈ। ਨਿਸਤਾਰੈ-ਤਾਰ ਲੈਂਦਾ ਹੈ।੩।

ਕਈ ਕੋਟਿ ਰਾਜਸ ਤਾਮਸ ਸਾਤਕ ॥ ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥ ਕਈ ਕੋਟਿ ਕੀਏ ਰਤਨ ਸਮੁਦ ॥ ਕਈ ਕੋਟਿ ਨਾਨਾ ਪ੍ਰਕਾਰ ਜੰਤ ॥ ਕਈ ਕੋਟਿ ਕੀਏ ਚਿਰ ਜੀਵੇ ॥ ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ ॥ ਕਈ ਕੋਟਿ ਜਖ੍ਯ੍ਯ ਕਿੰਨਰ ਪਿਸਾਚ ॥ ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ ॥ ਸਭ ਤੇ ਨੇਰੈ ਸਭਹੂ ਤੇ ਦੂਰਿ ॥ ਨਾਨਕ ਆਪਿ ਅਲਿਪਤੁ ਰਹਿਆ ਭਰਪੂਰਿ ॥੪॥ ਕਈ ਕ੍ਰੋੜ ਜੀਵ ਰਜੋ ਗੁਣੀ, ਤਮੋ ਗੁਣੀ ਤੇ ਸਤੋ ਗੁਣੀ ਹਨ। ਕਈ ਕ੍ਰੋੜ ਬੇਦ ਪੁਰਾਣ, ਸਿਮ੍ਰਤੀਆਂ ਅਤੇ ਸ਼ਾਸਤ੍ਰ ਹਨ। ਕਈ ਕ੍ਰੋੜ ਰਤਨਾਂ ਦੇ ਸਮੁੰਦਰ ਪੈਦਾ ਕੀਤੇ ਹਨ। ਕਈ ਕ੍ਰੋੜ ਅਨੇਕਾਂ ਪ੍ਰਕਾਰ ਦੇ ਜੀਵ ਜੰਤ ਹਨ। ਕਈ ਕ੍ਰੋੜ ਲੰਬੀਆਂ ਉਮਰਾਂ ਵਾਲੇ ਜੀਵ ਪੈਦਾ ਕੀਤੇ ਹਨ। ਕਈ ਕ੍ਰੋੜ ਪਹਾੜੀਆਂ ਤੇ ਸੁਮੇਰ ਵਰਗੇ ਸੋਨੇ ਦੇ ਪਹਾੜ ਹੋਏ ਹਨ। ਕਈ ਕ੍ਰੋੜ ਜਖ, ਕਿੰਨਰ ਤੇ ਪਿਸਾਚ ਹਨ। ਕਈ ਕ੍ਰੋੜ ਭੂਤ, ਪ੍ਰੇਤ, ਸੂਰ ਤੇ ਸ਼ੇਰ ਹਨ। (ਪ੍ਰਭੂ) ਸਭਨਾਂ ਦੇ ਨੇੜੇ ਵੀ ਹੈ ਅਤੇ ਸਭ ਤੋਂ ਦੂਰ ਵੀ ਹੈ (ਗੁਰਮੁਖਾਂ ਦੇ ਨੇੜੇ ਹੈ ਤੇ ਮਨਮੁੱਖਾਂ ਤੋਂ ਦੂਰ ਹੈ)। ਨਾਨਕ ਗੁਰੂ ਜੀ ਆਖਦੇ ਹਨ, (ਦੂਰ ਇਸ ਲਈ ਕਿ ਪ੍ਰਭੂ) ਆਪ ਅਲੇਪ ਹੈ, (ਨੇੜੇ ਇਸ ਲਈ ਕਿ ਉਹ ਸਭ ਵਿਚ) ਪੂਰਨ ਵੀ ਹੋ ਰਿਹਾ ਹੈ।੪।

ਪਦਾਰਥ = ਰਾਜਸ-ਰਜੋ ਗੁਣੀ ਮਨੁੱਖ। ਤਾਮਸ-ਤਮੋ ਗੁਣੀ ਮਨੁੱਖ। ਸਾਤਕ-ਸਤੋ ਗੁਣੀ ਮਨੁੱਖ। ਅਰੁ-ਅਤੇ। ਕੀਏ-ਪੈਦਾ ਕੀਤੇ। ਨਾਨਾ ਪ੍ਰਕਾਰ-ਅਨੇਕਾਂ ਕਿਸਮਾਂ ਦੇ। ਚਿਰ ਜੀਵੇ-ਲੰਬੀ ਉਮਰ ਜਿਉਣ ਵਾਲੇ। ਗਿਰੀ-ਛੋਟੇ ਪਹਾੜ। ਮੇਰ-ਸੁਮੇਰ ਪਰਬਤ। ਥੀਵੇ-ਹੋ ਗਏ; ਬਣ ਗਏ। ਜਖ੍ਯ੍ਯ-ਕੁਬੇਰ ਦੀ ਸੇਵਾ ਵਿਚ ਰਹਿਣ ਵਾਲੇ ਦੇਵਤੇ। ਕਿੰਨਰ (ਦੇਵਤਿਆਂ ਦੇ ਖਜਾਨਚੀ ਕੁਬੇਰ ਦੀ ਸਭਾ ਵਿਚ ਕਿੰਨਰ ਨਾਚ ਕਰਦੇ ਹਨ। ਕਿੰਨਰ ਤੇ ਜੱਖ ਦੇਵਤਿਆਂ ਦੀਆਂ ਜਾਤਾਂ ਹਨ)। ਪਿਸਾਚ-ਦੇਵਤਿਆਂ ਦੀ ਇਕ ਘਟੀਆ ਜਾਤ ਹੈ (ਆਰੀਆਂ ਦੇ ਪੰਜਾਬ ਵਿਚ ਆਉਣ ਵੇਲੇ ਪਿਸਾਚ ਨਾਂ ਦੀ ਇਥੇ ਇਕ ਜਾਤ ਵਸਦੀ ਸੀ)। ਸੂਕਰ-ਸੂਰ। ਮ੍ਰਿਗਾਚ-(ਮ੍ਰਿਗ+ਅਚ = ਮ੍ਰਿਗਾਂ ਨੂੰ ਖਾਣ ਵਾਲਾ) ਸ਼ੇਰ। ਤੇ-ਤੋਂ। ਅਲਿਪਤ-ਨਿਰਲੇਪ। ਭਰਪੂਰਿ-ਪਰੀ ਪੂਰਣ; ਵਿਆਪਕ।੪।

ਕਈ ਕੋਟਿ ਪਾਤਾਲ ਕੇ ਵਾਸੀ ॥ ਕਈ ਕੋਟਿ ਨਰਕ ਸੁਰਗ ਨਿਵਾਸੀ ॥ ਕਈ ਕੋਟਿ ਜਨਮਹਿ ਜੀਵਹਿ ਮਰਹਿ ॥ ਕਈ ਕੋਟਿ ਬਹੁ ਜੋਨੀ ਫਿਰਹਿ ॥ ਕਈ ਕੋਟਿ ਬੈਠਤ ਹੀ ਖਾਹਿ ॥ ਕਈ ਕੋਟਿ ਘਾਲਹਿ ਥਕਿ ਪਾਹਿ ॥ ਕਈ ਕੋਟਿ ਕੀਏ ਧਨਵੰਤ ॥ ਕਈ ਕੋਟਿ ਮਾਇਆ ਮਹਿ ਚਿੰਤ ॥ ਜਹ ਜਹ ਭਾਣਾ ਤਹ ਤਹ ਰਾਖੇ ॥ ਨਾਨਕ ਸਭੁ ਕਿਛੁ ਪ੍ਰਭ ਕੈ ਹਾਥੇ ॥੫॥ ਕਈ ਕ੍ਰੋੜ ਜੀਵ ਪਤਾਲ ਦੇ ਵਸਣ ਵਾਲੇ ਹਨ। ਕਈ ਕ੍ਰੋੜ (ਪਾਪੀ ਜੀਵ) ਨਰਕਾਂ ਵਿਚ (ਤੇ ਕਈ ਕ੍ਰੋੜ ਸਕਾਮੀ) ਸੁਰਗਾਂ ਵਿਚ ਰਹਿਣ ਵਾਲੇ ਹਨ। ਕਈ ਕ੍ਰੋੜ ਜੀਵ ਜੰਮਦੇ ਹਨ, ਜਿਉਂਦੇ ਹਨ ਤੇ (ਫਿਰ) ਮਰ ਜਾਂਦੇ ਹਨ। ਕਈ ਕ੍ਰੋੜ ਬਹੁਤ ਜੋਨੀਆਂ ਵਿਚ ਫਿਰਦੇ ਹਨ। ਕਈ ਕ੍ਰੋੜ (ਜੀਵ ਵਿਹਲੇ) ਬੈਠੇ ਹੀ ਖਾਂਦੇ ਹਨ

All Rights Reserved by Harjinder Singh Gyani | www.GuruGranthVakhyaan.org

।ਕਈ ਕ੍ਰੋੜ ਕਮਾਈ ਕਰਦੇ ਥੱਕ ਪੈਂਦੇ ਹਨ।ਕਈ ਕ੍ਰੋੜ ਧਨਵਾਨ (ਪ੍ਰਭੂ ਨੇ) ਕੀਤੇ ਹਨ।ਕਈ ਕ੍ਰੋੜ ਮਾਇਆ (ਕੋਲ ਹੋਣ ਕਰਕੇ ਸੰਭਾਲਣ ਦੀ) ਚਿੰਤਾ ਵਿਚ ਰਹਿੰਦੇ ਹਨ; ਮਾਇਆ (ਨਾ ਹੋਣ ਕਰਕੇ) ਚਿੰਤਾ ਵਿਚ ਰਹਿੰਦੇ ਹਨ।ਜਿਥੇ ਜਿਥੇ ਪ੍ਰਭੂ ਨੂੰ ਭਾਉਂਦਾ ਹੈ, (ਜੀਵ ਨੂੰ) ਉਥੇ ਉਥੇ ਰਖਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਸਭ ਕੁਛ ਪ੍ਰਭੂ ਦੇ ਹੱਥ ਵਿਚ ਹੈ।੫।

ਪਦਾਰਥ = ਵਾਸੀ–ਵਸਣ ਵਾਲੇ।ਜੀਵਹਿ–ਜਿਉਂਦੇ ਹਨ।ਬਹੁ–ਬਹੁਤ।ਫਿਰਹਿ–ਫਿਰਦੇ ਹਨ।ਖਾਹਿ–ਖਾਂਦੇ ਹਨ।ਘਾਲਹਿ–ਮਿਹਨਤ; ਕਮਾਈ ਕਰਦੇ ਹਨ।ਧਨਵੰਤ–ਧਨਾਢ।ਜਹ ਜਹ–ਜਿਥੇ ਜਿਥੇ।ਭਾਣਾ–ਚੰਗਾ ਲਗਦਾ ਹੈ।ਤਹ ਤਹ–ਉਥੇ ਉਥੇ।ਹਾਥੇ–ਹੱਥ ਵਿਚ।੫।

ਕਈ ਕੋਟਿ ਭਏ ਬੈਰਾਗੀ ॥ ਰਾਮ ਨਾਮ ਸੰਗਿ ਤਿਨਿ ਲਿਵ ਲਾਗੀ ॥ ਕਈ ਕੋਟਿ ਪ੍ਰਭ ਕਉ ਖੋਜੰਤੇ ॥ ਆਤਮ ਮਹਿ ਪਾਰਬ੍ਰਹਮੁ ਲਹੰਤੇ ॥ ਕਈ ਕੋਟਿ ਦਰਸਨ ਪ੍ਰਭ ਪਿਆਸ ॥ ਤਿਨ ਕਉ ਮਿਲਿਓ ਪ੍ਰਭੁ ਅਬਿਨਾਸ ॥ ਕਈ ਕੋਟਿ ਮਾਗਹਿ ਸਤਸੰਗੁ ॥ ਪਾਰਬ੍ਰਹਮ ਤਿਨ ਲਾਗਾ ਰੰਗੁ ॥ ਜਿਨ ਕਉ ਹੋਏ ਆਪਿ ਸੁਪ੍ਰਸੰਨ ॥ ਨਾਨਕ ਤੇ ਜਨ ਸਦਾ ਧਨਿ ਧੰਨਿ ॥੬॥ (ਹੁਣ ਵੈਰਾਗ, ਸਤਿਸੰਗ ਤੇ ਨਾਮ ਦੁਆਰਾ ਪ੍ਰਭੂ ਦੇ ਪ੍ਰੇਮੀ ਹੋਣ ਵਾਲਿਆਂ ਦਾ ਵਰਨਣ ਕਰਦੇ ਹਨ।ਵਾਹਿਗੁਰੂ ਦੇ ਰਚੇ ਸੰਸਾਰ ਤੋਂ) ਕਈ ਕ੍ਰੋੜ ਬੈਰਾਗਵਾਨ ਹੋਏ ਹਨ।ਉਨ੍ਹਾਂ ਦੀ ਵਾਹਿਗੁਰੂ ਦੇ ਨਾਮ ਨਾਲ ਲਿਵ ਲਗੀ ਹੋਈ ਹੈ।ਕਈ ਕ੍ਰੋੜ (ਮਨੁੱਖ) ਪ੍ਰਭੂ ਨੂੰ ਖੋਜਦੇ ਹਨ (ਸਾਧਨਾ ਕਰਦੇ ਹਨ।ਉਹ ਅਪਣੀ) ਆਤਮਾ ਵਿਚ ਪਾਰਬ੍ਰਹਮ ਨੂੰ ਲੱਭ ਲੈਂਦੇ ਹਨ।ਕਈ ਕ੍ਰੋੜ (ਪੁਰਖ ਅਜੇਹੇ) ਹਨ, ਜਿਨ੍ਹਾਂ ਨੂੰ ਪ੍ਰਭੂ ਦੇ ਦਰਸ਼ਨਾਂ ਦੀ ਪਿਆਸ ਹੈ।ਉਨ੍ਹਾਂ ਨੂੰ ਨਾਸ਼ ਰਹਿਤ ਪ੍ਰਭੂ ਮਿਲ ਗਿਆ ਹੈ।ਕਈ ਕ੍ਰੋੜ ਸਤਿ ਸੰਗ ਨੂੰ ਹੀ ਮੰਗਦੇ ਹਨ।(ਕਿਉਂਕਿ) ਉਨ੍ਹਾਂ ਨੂੰ ਪਾਰਬ੍ਰਹਮ ਦਾ ਪ੍ਰੇਮ ਲਗ ਗਿਆ ਹੈ।ਜਿਨ੍ਹਾਂ ਉਪਰ ਪ੍ਰਭੂ ਆਪ ਬਹੁਤ ਪ੍ਰਸੰਨ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ, ਉਹ ਪੁਰਖ ਧੰਨ ਹਨ, ਸਦਾ ਹੀ ਧੰਨ ਹਨ।੬।

ਪਦਾਰਥ = ਬੈਰਾਗੀ–ਜਗਤ ਦੇ ਪਦਾਰਥਾਂ ਵਿਚ ਜਿਸਦਾ ਪ੍ਰੇਮ ਨਹੀਂ; ਸੁਆਮੀ ਰਾਮਾਨੰਦ ਦਾ ਚਲਾਇਆ ਵੈਸ਼ਨਵ ਸਾਧੂਆਂ ਦਾ ਇਕ ਫਿਰਕਾ।ਸੰਗਿ–ਨਾਲ।ਤਿਨਿ–ਉਨ੍ਹਾਂ ਦੀ।ਲਿਵ–ਬਿਰਤੀ ਦੀ ਇਕਾਗ੍ਰਤਾ; ਪ੍ਰੀਤ।ਕਉ–ਨੂੰ।ਲਹੰਤੇ–ਲੱਭ ਲੈਂਦੇ ਹਨ।ਪਿਆਸ–ਇੱਛਾ; ਤਾਂਘ।ਅਬਿਨਾਸ–ਨਾਸ਼ ਰਹਿਤ।ਰੰਗੁ–ਪ੍ਰੇਮ।ਜਿਨ ਕਉ–ਜਿਨ੍ਹਾਂ ਉਪਰ।ਸੁਪ੍ਰਸੰਨ–ਬਹੁਤ ਖੁਸ਼।ਤੇ–ਉਹ।ਧਨਿ ਧੰਨਿ–ਧੰਨ ਧੰਨ।੬।

ਕਈ ਕੋਟਿ ਖਾਣੀ ਅਰੁ ਖੰਡ ॥ ਕਈ ਕੋਟਿ ਅਕਾਸ ਬ੍ਰਹਮੰਡ ॥ ਕਈ ਕੋਟਿ ਹੋਏ ਅਵਤਾਰ ॥ ਕਈ ਜੁਗਤਿ ਕੀਨੋ ਬਿਸਥਾਰ ॥ ਕਈ ਬਾਰ ਪਸਰਿਓ ਪਾਸਾਰ ॥ ਸਦਾ ਸਦਾ ਇਕੁ ਏਕੰਕਾਰ ॥ ਕਈ ਕੋਟਿ ਕੀਨੇ ਬਹੁ ਭਾਤਿ ॥ ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ ॥ ਤਾ ਕਾ ਅੰਤੁ ਨ ਜਾਨੈ ਕੋਇ ॥ ਆਪੇ ਆਪਿ ਨਾਨਕ ਪ੍ਰਭੁ ਸੋਇ ॥੭॥ (ਹੁਣ ਸ੍ਰਿਸਟੀ ਤੇ ਪ੍ਰਭੂ ਦੀ ਬੇਅੰਤਤਾ ਦਾ ਵਰਨਣ।ਪ੍ਰਭੂ ਦੀ ਰਚਨਾ ਵਿਚ ਚਾਰ ਖਾਣੀਆਂ ਤੇ ਨੌਂ ਖੰਡ ਹੀ ਨਹੀਂ) ਕਈ ਕ੍ਰੋੜ ਖਾਣੀਆਂ ਤੇ ਖੰਡ ਹਨ।ਕਈ ਕ੍ਰੋੜ ਅਕਾਸ਼ ਤੇ ਬ੍ਰਹਮੰਡ ਹਨ।ਕਈ ਕ੍ਰੋੜ (ਬਿਸ਼ਨੂੰ ਦੇ) ਅਵਤਾਰ ਹੋਏ ਹਨ; (ਰੱਬ ਦੀ ਰਚਨਾ ਵਿਚ) ਕਈ ਕ੍ਰੋੜ ਜੀਵਾਂ ਦਾ ਜਨਮ ਹੋਇਆ ਹੈ।ਕਈ ਤਰੀਕਿਆਂ ਨਾਲ (ਸੰਸਾਰ ਦਾ) ਵਿਸਥਾਰ ਕੀਤਾ ਹੈ।ਕਈ ਬਾਰ (ਰੱਬ ਨੇ ਸੰਸਾਰ) ਪਸਾਰੇ ਨੂੰ ਪਸਾਰਿਆ ਹੈ (ਸੰਸਾਰ ਰਚਨਾ ਬਹੁਤ ਬਾਰ ਕੀਤੀ ਹੈ ਤੇ ਕਈ ਬਾਰ ਨਾਸ਼ ਕੀਤੀ ਹੈ।ਪਰ ਉਹ) ਇਕ ਓਅੰਕਾਰ ਸਦਾ ਸਦਾ ਇਕ ਹੀ ਰਹਿੰਦਾ ਹੈ।ਕਈ ਕ੍ਰੋੜ ਜੀਵ ਬਹੁਤ ਕਿਸਮਾਂ ਦੇ ਪੈਦਾ ਕੀਤੇ ਹਨ।(ਉਹ) ਪ੍ਰਭੂ ਤੋਂ ਪੈਦਾ ਹੋ ਕੇ ਪ੍ਰਭੂ ਵਿਚ ਹੀ ਸਮਾ ਜਾਂਦੇ ਹਨ।ਉਸ ਪ੍ਰਭੂ ਦਾ ਅੰਤ ਕੋਈ (ਵੀ ਜੀਵ) ਨਹੀਂ ਜਾਣ ਸਕਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪ੍ਰਭੂ ਅਪਣੇ ਆਪ ਵਿਚ ਸਭ ਕੁਝ ਹੈ (ਉਹ ਸੁਤੰਤਰ ਹੈ, ਕਿਸੇ ਦੇ ਅਧੀਨ ਨਹੀਂ)।੭।

ਪਦਾਰਥ = ਖਾਣੀ–ਉਤਪਤੀ ਦੇ ਸੋਮੇ (ਅੰਡਜ ਜੇਰਜ ਸੇਤਜ ਤੇ ਉਤਭੁਜ)।ਅਰੁ–ਅਤੇ।ਖੰਡ–ਮਹਾਂ ਦੀਪ।ਜੁਗਤਿ–ਤਰੀਕਿਆਂ ਨਾਲ। ਕੀਨੋ–ਕੀਤਾ।ਭਾਤਿ–ਕਿਸਮਾਂ।ਤੇ–ਤੋਂ।ਹੋਏ–ਪੈਦਾ ਹੋਏ।ਸਮਾਤਿ–ਸਮਾ ਜਾਂਦੇ ਹਨ।ਤਾ ਕਾ–ਉਸ ਦਾ।ਸੋਇ–ਉਹ।੭।

ਕਈ ਕੋਟਿ ਪਾਰਬ੍ਰਹਮ ਕੇ ਦਾਸ ॥ ਤਿਨ ਹੋਵਤ ਆਤਮ ਪਰਗਾਸ ॥ ਕਈ ਕੋਟਿ ਤਤ ਕੇ ਬੇਤੇ ॥ ਸਦਾ ਨਿਹਾਰਹਿ ਏਕੋ ਨੇਤ੍ਰੇ ॥ ਕਈ ਕੋਟਿ ਨਾਮ ਰਸੁ ਪੀਵਹਿ ॥ ਅਮਰ ਭਏ ਸਦ ਸਦ ਹੀ ਜੀਵਹਿ ॥ ਕਈ ਕੋਟਿ ਨਾਮ ਗੁਨ ਗਾਵਹਿ ॥ ਆਤਮਰਸਿ ਸੁਖਿ ਸਹਜਿ ਸਮਾਵਹਿ ॥ ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ ॥ ਨਾਨਕ ਓਇ ਪਰਮੇਸੁਰ ਕੇ ਪਿਆਰੇ ॥੮॥੧੦॥ (ਹਰੀ ਦੀ ਰਚਨਾ ਵਿਚ) ਕਈ ਕ੍ਰੋੜ ਪਾਰਬ੍ਰਹਮ ਦੇ ਸੇਵਕ ਹਨ।ਉਨ੍ਹਾਂ (ਸੇਵਕਾਂ) ਨੂੰ ਆਤਮਕ ਪ੍ਰਕਾਸ਼ ਹੁੰਦਾ ਹੈ।ਕਈ ਕ੍ਰੋੜ (ਮਨੁੱਖ ਜਗਤ ਦੀ) ਅਸਲੀਅਤ ਜਾਨਣ ਵਾਲੇ ਹਨ।(ਉਹ) ਅੱਖਾਂ ਨਾਲ ਸਦਾ ਇਕ ਪ੍ਰਭੂ ਨੂੰ (ਸਾਰੇ ਵਿਆਪਕ) ਦੇਖਦੇ ਹਨ।ਕਈ ਕ੍ਰੋੜ ਨਾਮ ਰਸ ਪੀਂਦੇ ਹਨ।ਉਹ (ਜਨਮ) ਮਰਣ ਤੋਂ ਰਹਿਤ ਹੋ ਕੇ ਸਦਾ ਸਦਾ ਹੀ ਜਿਉਂਦੇ ਹਨ।ਕਈ ਕ੍ਰੋੜ (ਮਨੁੱਖ) ਨਾਮ ਦੇ ਗੁਣ ਗਾਉਂਦੇ ਹਨ।ਉਹ ਆਤਮਕ ਅਨੰਦ ਵਿਚ ਤੇ ਸਹਿਜ ਅਵਸਥਾ ਵਾਲੇ (ਕੁਦਰਤੀ) ਸੁਖ ਵਿਚ ਟਿਕੇ ਰਹਿੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ, (ਪ੍ਰਭੂ) ਅਪਣੇ ਸੇਵਕਾਂ ਨੂੰ ਹਰੇਕ ਸੁਆਸ ਨਾਲ ਸੰਭਾਲਦਾ ਹੈ; ਯਾਦ ਰਖਦਾ ਹੈ।(ਅਜੇਹੇ) ਉਹ ਮਨੁੱਖ ਹੀ ਪ੍ਰਮੇਸਰ ਦੇ ਪਿਆਰੇ (ਆਖੇ ਜਾਂਦੇ) ਹਨ।੮।੧੦।

ਪਦਾਰਥ = ਤਿਨ ਉਨ੍ਹਾਂ ਨੂੰ।ਹੋਵਤ–ਹੁੰਦਾ ਹੈ।ਤਤ–ਅਸਲੀਅਤ।ਬੇਤੇ–ਜਾਨਣ ਵਾਲੇ।ਨਿਹਾਰਹਿ–ਦੇਖਦੇ ਹਨ।ਏਕੋ–ਇਕ ਪ੍ਰਭੂ ਨੂੰ। ਨੇਤ੍ਰੇ–ਅੱਖਾਂ ਨਾਲ।ਅਮਰ–ਜਨਮ ਮਰਣ ਤੋਂ ਰਹਿਤ।ਭਏ–ਹੋਏ ਹਨ।ਆਤਮ ਰਸਿ–ਆਤਮਕ ਅਨੰਦ ਵਿਚ।ਸੁਖਿ ਸਹਜਿ–ਅਸਲੀ

All Rights Reserved by Harjinder Singh Gyani | www.GuruGranthVakhyaan.org

(ਕੁਦਰਤੀ) ਸੁੱਖ; ਸਹਿਜ ਅਵਸਥਾ ਦਾ ਸੁੱਖ। ਸਮਾਵਹਿ–ਸਮਾਉਂਦੇ (ਟਿਕੇ ਰਹਿੰਦੇ) ਹਨ। ਓਇ–ਉਹ (ਬਹੁ ਵਚਨ)।੮।੧੦।

ਸਲੋਕ ॥ ਕਰਣ ਕਾਰਣ ਪ੍ਰਭੁ ਏਕੁ ਹੈ, ਦੂਸਰ ਨਾਹੀ ਕੋਇ ॥ ਨਾਨਕ ਤਿਸੁ ਬਲਿਹਾਰਣੈ, ਜਲਿ ਥਲਿ ਮਹੀਅਲਿ ਸੋਇ ॥੧॥ (ਸਾਰੀ ਸੰਸਾਰ) ਰਚਨਾ ਦਾ ਮੂਲ ਕਾਰਣ ਇਕ ਪ੍ਰਭੂ ਹੀ ਹੈ; ਸਾਰੇ ਕਾਰਣਾਂ ਦੇ ਕਰਨ ਵਾਲਾ ਇਕ ਪ੍ਰਭੂ ਹੀ ਹੈ, (ਉਸ ਤੋਂ ਬਿਨਾ ਸਮਰੱਥ ਹੋਰ) ਦੂਜਾ ਕੋਈ ਨਹੀਂ। ਨਾਨਕ ਉਸ ਪ੍ਰਭੂ ਤੋਂ ਬਲਹਾਰ ਜਾਂਦਾ ਹੈ, (ਜਿਹੜਾ) ਜਲਾਂ ਵਿਚ, ਥਲਾਂ ਵਿਚ ਤੇ ਪੁਲਾੜ ਵਿਚ (ਸਭ ਜਗ੍ਹਾ) ਉਹ ਪ੍ਰਭੂ ਵਿਆਪਕ ਹੈ।੧।

ਪਦਾਰਥ = ਕਰਣ–(ਸ੍ਰਿਸਟੀ) ਰਚਨਾ। ਕਾਰਣ–(ਰਚਨਾ ਕਰਨ ਦਾ ਮੂਲ) ਕਾਰਣ; ਕਾਰਣਾਂ ਦੇ ਕਰਨ ਵਾਲਾ ਪ੍ਰਭੂ। ਜਲਿ–ਪਾਣੀ ਵਿਚ। ਥਲਿ–ਥਲਾਂ ਵਿਚ। ਮਹੀਅਲਿ–ਧਰਤੀ ਦੇ ਅਸਮਾਨ ਦੇ ਵਿਚਕਾਰਲੀ ਜਗ੍ਹਾ (ਪੁਲਾੜ)। ਸੋਇ–ਉਹ।੧।

ਅਸਟਪਦੀ ॥ ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥ ਖਿਨ ਮਹਿ ਥਾਪਿ ਉਥਾਪਨਹਾਰਾ ॥ (ਸ੍ਰਿਸਟੀ ਨੂੰ ਪੈਦਾ ਕਰਨ ਵਾਲੇ ਕਾਰਣਾਂ ਨੂੰ) ਕਰਨ ਵਾਲਾ ਤੇ (ਉਨ੍ਹਾਂ ਕਾਰਣਾਂ ਤੋਂ ਅੱਗੇ ਪੈਦਾ) ਕਰਾਉਣ ਵਾਲਾ ਪ੍ਰਭੂ ਆਪ ਹੀ ਹੈ (ਅਤੇ ਹੁਣ ਵੀ ਸਭ ਕੁਛ) ਕਰਨ ਦੇ ਸਮਰੱਥ ਹੈ। (ਅੱਗੇ ਨੂੰ ਵੀ) ਜੋ ਉਸ ਪ੍ਰਭੂ ਨੂੰ ਚੰਗਾ ਲਗੇ, ਉਹ ਹੀ ਹੋਵੇਗਾ। (ਉਹ) ਇਕ ਖਿਨ ਵਿਚ ਉਤਪਤੀ ਤੇ ਖਿਨ ਵਿਚ ਨਾਸ਼ ਕਰ ਦੇਣ ਵਾਲਾ ਹੈ। (ਕੋਈ ਪ੍ਰਕ੍ਰਿਤੀ ਤੋਂ, ਕੋਈ ਪ੍ਰਮਾਣੂਆਂ, ਕੋਈ ਸੂਖਮ ਤੱਤਾਂ ਤੋਂ ਤੇ ਕੋਈ ਬ੍ਰਹਮਾ ਤੋਂ ਜਗਤ ਬਣਿਆ ਦਸਦਾ ਹੈ, ਪਰ ਇਹ ਸਾਰੇ ਕਾਰਣ ਪ੍ਰਭੂ ਤੋਂ ਹੀ ਪੈਦਾ ਹੋਏ ਹਨ। ਇਸ ਕਰਕੇ ਮੂਲ ਕਾਰਣ ਪ੍ਰਭੂ ਆਪ ਹੀ ਹੈ)।

ਅੰਗ ੨੭੭ = ਅੰਤੁ ਨਹੀ ਕਿਛੁ ਪਾਰਾ ਵਾਰਾ ॥ ਹੁਕਮੇ ਧਾਰਿ ਅਧਰ ਰਹਾਵੈ ॥ ਹੁਕਮੇ ਉਪਜੈ ਹੁਕਮਿ ਸਮਾਵੈ ॥ ਹੁਕਮੇ ਊਚ ਨੀਚ ਬਿਉਹਾਰ ॥ ਹੁਕਮੇ ਅਨਿਕ ਰੰਗ ਪਰਕਾਰ ॥ ਕਰਿ ਕਰਿ ਦੇਖੈ ਅਪਨੀ ਵਡਿਆਈ ॥ ਨਾਨਕ ਸਭ ਮਹਿ ਰਹਿਆ ਸਮਾਈ ॥੧॥ ਉਸ ਪ੍ਰਭੂ ਦੇ ਪਾਰ ਤੇ ਉਰਾਰ ਦਾ ਕੋਈ ਅੰਤ ਨਹੀਂ। (ਸ੍ਰਿਸਟੀ ਨੂੰ) ਬਣਾ ਕੇ (ਉਸਨੂੰ ਦੁਨਿਆਵੀ) ਆਸਰੇ ਤੋਂ ਬਿਨਾ ਟਿਕਾਈ ਰਖਦਾ ਹੈ; ਸ੍ਰਿਸਟੀ ਨੂੰ ਹੁਕਮ ਦੇ ਆਸਰੇ ਧਾਰਨ ਕਰੀ ਰਖਦਾ ਹੈ, (ਪ੍ਰਭੂ ਆਪ) ਨਿਰ ਆਸਰੇ ਹੈ। ਸ੍ਰਿਸਟੀ ਪ੍ਰਭੂ ਦੇ) ਹੁਕਮ ਨਾਲ ਹੀ ਪੈਦਾ ਹੁੰਦੀ ਹੈ ਤੇ ਹੁਕਮ ਨਾਲ ਹੀ ਮਿਟ ਜਾਂਦੀ ਹੈ। ਹੁਕਮ ਵਿਚ ਹੀ (ਜੀਵਾਂ ਵੱਲੋਂ) ਉਚੇ ਨੀਵੇਂ ਵਰਤਾਉ ਹੁੰਦੇ ਹਨ। ਹੁਕਮ ਵਿਚ ਹੀ ਜੀਵ ਕਈ ਰੰਗਾਂ ਦੇ ਤੇ ਕਈ ਪ੍ਰਕਾਰ ਦੇ ਪੈਦਾ ਹੁੰਦੇ ਹਨ; ਹੁਕਮ ਵਿਚ ਹੀ ਅਨੇਕ ਪ੍ਰਕਾਰ ਦੇ ਖੇਲ ਤਮਾਸ਼ੇ ਹੁੰਦੇ ਹਨ। (ਸ੍ਰਿਸਟੀ ਨੂੰ ਪੈਦਾ) ਕਰ ਕਰ ਕੇ ਆਪ ਹੀ ਅਪਨੀ ਵਿਸ਼ਾਲਤਾ ਦੇਖ ਰਿਹਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ) ਸਭ ਵਿਚ ਸਮਾ ਰਿਹਾ ਹੈ।੧।

ਪਦਾਰਥ = ਜੋਗੁ–ਸਮਰੱਥ; ਤਾਕਤ ਵਾਲਾ। ਹੋਗੁ–ਹੋਵੇਗਾ। ਥਾਪਿ–ਪੈਦਾ ਕਰਕੇ। ਉਥਾਪਨਹਾਰਾ–ਨਾਸ ਕਰਨ ਵਾਲਾ। ਪਾਰਾਵਾਰਾ–ਪਾਰ ਵਾਲਾ ਤੇ ਉਰਾਰ ਵਾਲਾ ਕਿਨਾਰਾ। ਧਾਰਿ–ਟਿਕਾ ਕੇ। ਅਧਰ–ਬਿਨਾ ਆਸਰ ਦੇ। ਰਹਾਵੈ–ਰੱਖਦਾ ਹੈ। ਉਪਜੈ–ਪੈਦਾ ਹੁੰਦਾ ਹੈ।੧।

ਪ੍ਰਭ ਭਾਵੈ ਮਾਨੁਖ ਗਤਿ ਪਾਵੈ ॥ ਪ੍ਰਭ ਭਾਵੈ ਤਾ ਪਾਥਰ ਤਰਾਵੈ ॥ ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ ਪ੍ਰਭ ਭਾਵੈ ਤਾ ਹਰਿ ਗੁਣ ਭਾਖੈ ॥ ਪ੍ਰਭ ਭਾਵੈ ਤਾ ਪਤਿਤ ਉਧਾਰੈ ॥ ਆਪਿ ਕਰੈ ਆਪਨ ਬੀਚਾਰੈ ॥ ਦੁਹਾ ਸਿਰਿਆ ਕਾ ਆਪਿ ਸੁਆਮੀ ॥ ਖੇਲੈ ਬਿਗਸੈ ਅੰਤਰਜਾਮੀ ॥ ਜੋ ਭਾਵੈ ਸੋ ਕਾਰ ਕਰਾਵੈ ॥ ਨਾਨਕ ਦ੍ਰਿਸਟੀ ਅਵਰੁ ਨ ਆਵੈ ॥੨॥ ਜੇ ਪ੍ਰਭੂ ਨੂੰ ਭਾਵੇ ਤਾਂ ਮਨੁੱਖ (ਨਾਮ ਜਪ ਕੇ) ਮੁਕਤੀ ਪਾ ਲੈਂਦਾ ਹੈ। ਪ੍ਰਭੂ ਨੂੰ ਭਾਵੇ ਤਾਂ ਪੱਥਰ (ਵਾਂਗ ਭਾਰੇ ਪਾਪੀਆਂ ਨੂੰ ਸੰਸਾਰ ਸਮੁੰਦਰ ਤੋਂ) ਤਾਰ ਦੇਂਦਾ ਹੈ। ਪ੍ਰਭੂ ਨੂੰ ਭਾਵੇ ਤਾਂ ਜੀਵ ਨੂੰ ਸੁਆਸਾਂ ਤੋਂ ਬਿਨਾ ਵੀ ਬਚਾਈ ਰੱਖਦਾ ਹੈ। ਪ੍ਰਭੂ ਨੂੰ ਭਾਵੇ ਤਾਂ ਜੀਵ ਹਰੀ ਦੇ ਗੁਣ ਗਾਉਂਦਾ ਹੈ। ਪ੍ਰਭੂ ਨੂੰ ਭਾਵੇ ਤਾਂ ਧਰਮ ਤੋਂ ਡਿੱਗੇ ਮਨੁੱਖਾਂ ਦਾ ਵੀ ਉਧਾਰ ਕਰ ਦੇਂਦਾ ਹੈ। (ਇਹ ਸਭ ਕੁਛ ਪ੍ਰਭੂ) ਆਪ ਹੀ ਅਪਣੇ ਵਿਚਾਰ ਅਨੁਸਾਰ ਕਰਦਾ ਹੈ (ਕਿਸੇ ਕੰਮ ਵਿਚ ਕਿਸੇ ਦੀ ਸਲਾਹ ਨਹੀਂ ਲੈਂਦਾ)। ਦੁਹਾਂ ਸਿਰਿਆਂ (ਲੋਕ ਪ੍ਰਲੋਕ) ਦਾ ਮਾਲਕ ਪ੍ਰਭੂ ਆਪ ਹੀ ਹੈ। ਉਹ ਸਭ ਜੀਵਾਂ ਦੇ ਅੰਦਰ ਦੀਆਂ ਜਾਨਣ ਵਾਲਾ ਹੈ, ਆਪ ਹੀ (ਸੰਸਾਰ ਰਚਨਾ ਦੀ) ਖੇਡ ਖੇਡਦਾ ਹੈ ਤੇ (ਖੇਡ ਨੂੰ ਦੇਖ ਦੇਖ ਕੇ) ਖੁਸ਼ ਹੁੰਦਾ ਹੈ। (ਜੋ ਪ੍ਰਭੂ ਨੂੰ) ਚੰਗਾ ਲਗਦਾ ਹੈ, ਉਹ ਹੀ ਕੰਮ (ਜੀਵਾਂ ਤੋਂ) ਕਰਾਉਂਦਾ ਹੈ। ਨਾਨਕ ਨੂੰ (ਉਸ ਪ੍ਰਭੂ ਵਰਗਾ ਸਮਰੱਥ) ਹੋਰ ਕੋਈ ਨਜਰ ਨਹੀਂ ਆਉਂਦਾ।੨।

ਪਦਾਰਥ = ਪ੍ਰਭ ਭਾਵੈ–ਜੇ ਪ੍ਰਭੂ ਨੂੰ ਚੰਗਾ ਲਗੇ। ਗਤਿ–ਮੁਕਤੀ; ਉਚੀ ਆਤਮਕ ਅਵਸਥਾ। ਪਾਥਰ–ਪੱਥਰ ਦਿਲ ਮਨੁੱਖ। ਭਾਖੈ–ਗਾਉਂਦਾ (ਉਚਾਰਦਾ) ਹੈ। ਪਤਿਤ–ਧਰਮ ਤੋਂ ਡਿੱਗੇ ਹੋਏ। ਆਪਨ ਬੀਚਾਰੈ–ਅਪਣੇ ਵਿਚਾਰ ਅਨਸਾਰ। ਦੁਹਾ ਸਿਰਿਆ ਕਾ–ਲੋਕ ਪ੍ਰਲੋਕ ਦਾ; ਉਤਪਤੀ ਤੇ ਪਰਲੋ ਦਾ। ਖੇਲੈ–ਜਗਤ ਰਚਨਾ ਦੀ ਖੇਡ ਖੇਡਦਾ ਹੈ। ਬਿਗਸੈ–ਖੁਸ਼ ਹੁੰਦਾ ਹੈ। ਦ੍ਰਿਸਟੀ–ਨਜਰ ਵਿਚ। ਅਵਰੁ–ਹੋਰ।੨।

ਕਹੁ ਮਾਨੁਖ ਤੇ ਕਿਆ ਹੋਇ ਆਵੈ ॥ ਜੋ ਤਿਸੁ ਭਾਵੈ ਸੋਈ ਕਰਾਵੈ ॥ ਇਸ ਕੈ ਹਾਥਿ ਹੋਇ, ਤਾ ਸਭੁ ਕਿਛੁ ਲੇਇ ॥ ਜੋ ਤਿਸੁ ਭਾਵੈ ਸੋਈ ਕਰੇਇ ॥ ਅਨਜਾਨਤ ਬਿਖਿਆ ਮਹਿ ਰਚੈ ॥ ਜੇ ਜਾਨਤ ਆਪਨ ਆਪ ਬਚੈ ॥ ਭਰਮੇ ਭੂਲਾ ਦਹ ਦਿਸਿ ਧਾਵੈ ॥ ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥ ਕਰਿ ਕਿਰਪਾ ਜਿਸੁ ਅਪਨੀ ਭਗਤਿ ਦੇਇ ॥ ਨਾਨਕ ਤੇ ਜਨ ਨਾਮਿ ਮਿਲੇਇ ॥੩॥ ਦੱਸੋ ਮਨੁੱਖ ਤੋਂ (ਅਪਣੇ ਆਪ) ਕੀ ਬਣ ਆਉਂਦਾ ਹੈ? (ਪ੍ਰਭੂ ਦੀ ਮੱਦਤ ਤੋਂ ਬਿਨਾ ਮਨੁੱਖ ਤੋਂ ਕੋਈ ਕੰਮ ਸਿਰੇ ਨਹੀਂ ਚੜ੍ਹ ਸਕਦਾ)। ਜੋ ਉਸ ਪ੍ਰਭੂ ਨੂੰ ਭਾਉਂਦਾ

ਹੈ, ਉਹ ਹੀ (ਜੀਵ ਪਾਸੋਂ) ਕਰਾਉਂਦਾ ਹੈ। ਜੇ ਇਸ (ਮਨੁੱਖ) ਦੇ ਹੱਥ ਵਿਚ ਹੋਵੇ, ਤਾਂ ਇਹ ਸਭ ਕੁਛ (ਅਪਣੇ ਆਪ) ਲੈ ਲਵੇ (ਰੱਬ ਦੇ ਦਿਤੇ ਬਿਨਾ ਮਨੁੱਖ ਆਪ ਕੁਛ ਨਹੀਂ ਲੈ ਸਕਦਾ)। ਜੋ ਉਸਨੂੰ ਭਾਉਂਦਾ ਹੈ, ਉਹ ਹੀ ਕਰਦਾ ਹੈ। ਨਾ ਜਾਨਣ ਕਰਕੇ (ਇਹ) ਵਿਸ਼ਿਆਂ ਵਿਚ ਜਾ ਫਸਦਾ ਹੈ। ਜੇ ਜਾਣਦਾ ਹੋਵੇ (ਕਿ ਵਿਸ਼ਿਆਂ ਦਾ ਫਲ ਦੁਖ ਹੈ) ਤਾਂ ਆਪਣੇ ਆਪ (ਵਿਸ਼ਿਆਂ ਵਿਚ ਪੈਣ ਤੋਂ) ਬਚ ਜਾਵੇ (ਮਨੁੱਖ ਬੇਸਮਝ ਹੈ, ਇਸੇ ਲਈ ਵਿਸ਼ਿਆਂ ਵਿਚ ਫਸ ਜਾਂਦਾ ਹੈ, ਜੇ ਸਮਝ ਹੋਵੇ ਤਾਂ ਵਿਸ਼ਿਆਂ ਤੋਂ ਬਚ ਰਹੇ)। ਭਰਮਾਂ ਵਿਚ ਭੁੱਲਾ ਹੋਇਆ ਚਾਰ ਚੁਫੇਰੇ ਭਟਕਦਾ ਫਿਰਦਾ ਹੈ। (ਇਸਦਾ ਮਨ ਇਕ) ਨਿਮਖ ਵਿਚ ਚਾਰੇ ਪਾਸੇ ਘੁੰਮ ਫਿਰ ਆਉਂਦਾ ਹੈ। ਕਿਰਪਾ ਕਰਕੇ ਪ੍ਰਭੂ ਜਿਸ ਨੂੰ ਅਪਣੀ ਭਗਤੀ ਦੀ ਦਾਤ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਨਾਮ ਦੁਆਰਾ ਪ੍ਰਭੂ ਨਾਲ ਮਿਲ ਜਾਂਦੇ ਹਨ।੩।

ਪਦਾਰਥ = ਕਹੁ–ਦੱਸੋ। ਤੇ–ਤੋਂ। ਭਾਵੈ–ਚੰਗਾ ਲਗਦਾ ਹੈ। ਹਾਥਿ–ਹੱਥ (ਵਸ) ਵਿਚ। ਅਨਜਾਨਤ–ਨਾ ਜਾਨਣ ਕਰਕੇ; ਮੂਰਖ ਹੋਣ ਕਰਕੇ। ਬਿਖਿਆ–ਵਿਸ਼ੇ ਵਿਕਾਰ; ਮਾਇਆ। ਰਚੈ–ਫਸਦਾ ਹੈ। ਜਾਨਤ–ਜਾਣਦਾ ਹੋਵੇ। ਦਹ ਦਿਸਿ–ਦਸੇ ਪਾਸੇ (ਚਾਰ ਚੁਫੇਰੇ)। ਧਾਵੈ–ਦੌੜਦਾ ਹੈ। ਨਿਮਖ–ਅੱਖ ਦੇ ਫਰਕਣ ਜਿੰਨਾ ਸਮਾਂ। ਚਾਰਿ ਕੁੰਟ–ਚਾਰੇ ਪਾਸੇ। ਤੇ ਜਨ–ਉਹ ਪੁਰਖ। ਨਾਮਿ–ਨਾਮ ਦੁਆਰਾ।੩।

ਖਿਨ ਮਹਿ ਨੀਚ ਕੀਟ ਕਉ ਰਾਜ ॥ ਪਾਰਬ੍ਰਹਮ ਗਰੀਬ ਨਿਵਾਜ ॥ ਜਾ ਕਾ ਦ੍ਰਿਸਟਿ ਕਛੂ ਨ ਆਵੈ ॥ ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ ॥ ਜਾ ਕਉ ਅਪੁਨੀ ਕਰੈ ਬਖਸੀਸ ॥ ਤਾ ਕਾ ਲੇਖਾ ਨ ਗਨੈ ਜਗਦੀਸ ॥ ਜੀਉ ਪਿੰਡੁ ਸਭ ਤਿਸ ਕੀ ਰਾਸਿ ॥ ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ ॥ ਅਪਨੀ ਬਣਤ ਆਪਿ ਬਨਾਈ ॥ ਨਾਨਕ ਜੀਵੈ ਦੇਖਿ ਬਡਾਈ ॥੪॥ (ਉਹ) ਪ੍ਰਭੂ ਐਸਾ ਗਰੀਬ ਨਿਵਾਜ ਹੈ। ਜੋ ਖਿਨ ਵਿਚ ਕੀੜੇ ਵਰਗੇ ਨੀਵੇਂ ਮਨੁੱਖ ਨੂੰ ਰਾਜ ਦੇ ਦੇਂਦਾ ਹੈ। ਜਿਸ (ਮਨੁੱਖ ਦਾ ਨਾਮ ਥੇਹ, ਕੋਈ ਗੁਣ ਜਾਂ ਤੇਜ ਪ੍ਰਤਾਪ) ਕੁਛ ਵੀ ਨਜਰ ਨਹੀਂ ਆਉਂਦਾ। ਉਸ ਨੂੰ ਤੁਰੰਤ ਚਾਰ ਚੁਫੇਰੇ ਪ੍ਰਗਟ (ਮਸ਼ਹੂਰ) ਕਰ ਦਿੰਦਾ ਹੈ। ਪ੍ਰਭੂ ਜਿਸ (ਮਨੁੱਖ) ਉਤੇ ਅਪਨੀ ਬਖਸ਼ਿਸ਼ ਕਰਦਾ ਹੈ। ਜਗਤ ਦਾ ਮਾਲਕ ਪ੍ਰਭੂ ਉਸ ਦੇ ਕਰਮਾਂ ਦਾ ਲੇਖਾ ਨਹੀਂ ਗਿਣਦਾ। (ਮਨੁੱਖ ਨੂੰ) ਜਿੰਦ ਤੇ ਸਰੀਰ ਸਭ (ਉਸ ਪ੍ਰਭੂ ਦੀ ਦਿਤੀ) ਪੂੰਜੀ ਹੈ। ਘਟ ਘਟ (ਹਰੇਕ ਜੀਵ) ਵਿਚ ਪਰੀ ਪੂਰਨ ਬ੍ਰਹਮ ਦਾ ਪ੍ਰਕਾਸ਼ ਹੈ। ਅਪਣੀ ਜਗਤ ਰਚਨਾ ਪ੍ਰਭੂ ਨੇ ਆਪ ਰਚੀ ਹੈ (ਇਕ ਤੋਂ ਅਨੇਕ ਰੂਪ ਵਿਚ ਪ੍ਰਗਟ ਹੋ ਰਿਹਾ ਹੈ)। ਨਾਨਕ (ਪ੍ਰਭੂ ਦੀ) ਵਡਿਆਈ ਦੇਖ ਕੇ ਜਿਉਂਦਾ ਹੈ।੪।

ਪਦਾਰਥ = ਕੀਟ–ਕੀੜਾ। ਕਉ–ਨੂੰ। ਨਿਵਾਜ–ਮੇਹਰ ਕਰਨ ਵਾਲਾ। ਜਾ ਕਾ–ਜਿਸ ਦਾ। ਦ੍ਰਿਸਟਿ ਨ ਆਵੈ–(ਕੋਈ ਗੁਣ) ਨਜਰ ਨਹੀਂ ਆਉਂਦਾ। ਤਤਕਾਲ–ਤੁਰੰਤ। ਬਖਸੀਸ–ਬਖਸ਼ਿਸ਼। ਤਾ ਕਾ–ਉਸ ਦਾ। ਨ ਗਨੈ–ਨਹੀਂ ਗਿਣਦਾ। ਜਗਦੀਸ–ਜਗਤ ਦਾ ਮਾਲਕ। ਜੀਉ–ਜਿੰਦ। ਪਿੰਡੁ–ਸਰੀਰ। ਰਾਸਿ–ਪੂੰਜੀ। ਘਟਿ ਘਟਿ–ਹਰੇਕ ਜੀਵ ਵਿਚ। ਪੂਰਨ–ਵਿਆਪਕ। ਬਣਤ–ਜਗਤ ਰਚਨਾ।੪।

ਇਸ ਕਾ ਬਲੁ ਨਾਹੀ ਇਸੁ ਹਾਥ ॥ ਕਰਨ ਕਰਾਵਨ ਸਰਬ ਕੋ ਨਾਥ ॥ ਆਗਿਆਕਾਰੀ ਬਪੁਰਾ ਜੀਉ ॥ ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਕਬਹੂ ਊਚ ਨੀਚ ਮਹਿ ਬਸੈ ॥ ਕਬਹੂ ਸੋਗ ਹਰਖ ਰੰਗਿ ਹਸੈ ॥ ਕਬਹੂ ਨਿੰਦ ਚਿੰਦ ਬਿਉਹਾਰ ॥ ਕਬਹੂ ਊਭ ਅਕਾਸ ਪਇਆਲ ॥ ਕਬਹੂ ਬੇਤਾ ਬ੍ਰਹਮ ਬੀਚਾਰ ॥ ਨਾਨਕ ਆਪਿ ਮਿਲਾਵਣਹਾਰ ॥੫॥ ਇਸ ਜੀਵ ਦਾ ਬਲ ਇਸ ਦੇ (ਅਪਣੇ) ਹੱਥ ਵਿਚ ਨਹੀਂ ਹੈ (ਬਲ ਦਾਤਾ ਵਾਹਿਗੁਰੂ ਹੈ। ਸਭ ਕੁਛ) ਕਰਨ ਤੇ ਜੀਵਾਂ ਪਾਸੋਂ ਕਰਾਉਣ ਵਾਲਾ ਸਭ ਦਾ ਮਾਲਕ ਵਾਹਿਗੁਰੂ ਹੈ। (ਇਹ) ਜੀਵ ਵਿਚਾਰਾ ਹੁਕਮ ਵਿਚ ਚਲਣ ਵਾਲਾ ਹੈ। ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਫਿਰ ਉਹ ਹੀ ਕੁਛ ਹੁੰਦਾ ਹੈ। ਕਦੇ ਇਹ ਜੀਵ ਉਚੀ ਨੀਵੀ ਹਾਲਤ ਵਿਚ ਰਹਿੰਦਾ ਹੈ। ਕਦੇ ਗਮੀ ਕਰਕੇ ਰੋਂਦਾ ਹੈ ਤੇ ਕਦੇ ਖੁਸ਼ੀ ਦੀ ਮੌਜ ਵਿਚ ਹਸਦਾ ਹੈ। ਕਦੇ ਹੋਰਨਾਂ ਦੀ ਨਿੰਦਾ ਸੋਚਦੇ ਰਹਿਣ ਦਾ ਅਪਣਾ ਵਤੀਰਾ ਬਣਾ ਲੈਂਦਾ ਹੈ (ਸ਼ਬਦਾਰਥ)। ਕਦੇ ਉਚੇ ਅਕਾਸ਼ ਜਾ ਚੜ੍ਹਦਾ ਹੈ ਤੇ ਕਦੇ ਨੀਵੇਂ ਪਤਾਲ ਵਿਚ ਚਲੇ ਜਾਂਦਾ ਹੈ ਭਾਵ ਕਦੇ ਚੜ੍ਹਦੀ ਕਲਾ ਤੇ ਕਦੇ ਢਹਿੰਦੀ ਕਲਾ ਵਿਚ ਹੁੰਦਾ ਹੈ। ਕਦੇ ਬ੍ਰਹਮ ਦੇ ਬਿਚਾਰ ਦਾ ਜਾਨਣ ਵਾਲਾ (ਗਿਆਨੀ) ਬਣ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਜੀਵ ਨੂੰ) ਮਿਲਾਉਣ ਵਾਲਾ ਪ੍ਰਭੂ ਆਪ ਹੀ ਹੈ।੫। (ਇਸ ਪਦੇ ਵਿਚ ਜੀਵ ਦੀ ਨਿਰਬਲਤਾ ਦੱਸੀ ਹੈ ਤੇ ਅੱਗੇ ਜੀਵ ਦੀਆਂ ਬਦਲਦੀਆਂ ਹਾਲਤਾਂ ਤੇ ਸੁਭਾਵ ਦਾ ਜਿਕਰ ਹੈ)।

ਪਦਾਰਥ = ਬਲ–ਤਾਕਤ। ਸਰਬ ਕੋ–ਸਭ ਦਾ। ਨਾਥ–ਮਾਲਕ। ਆਗਿਆਕਾਰੀ–ਹੁਕਮ ਵਿਚ ਚਲਣ ਵਾਲਾ। ਬਪੁਰਾ–ਬਿਚਾਰਾ। ਜੀਉ–ਜੀਵ। ਫੁਨਿ–ਫਿਰ। ਥੀਉ–ਹੁੰਦਾ ਹੈ। ਕਬਹੂ–ਕਦੇ। ਹਰਖ–ਖੁਸ਼ੀ। ਰੰਗਿ–ਮੌਜ ਵਿਚ। ਨਿੰਦ ਚਿੰਦ–ਨਿੰਦਿਆ ਸੋਚਦੇ ਰਹਿਣਾ; ਨਿੰਦਾ ਤੇ ਉਸਤਤੀ। ਬਿਓਹਾਰ–ਵਤੀਰਾ। ਊਭ–ਉਚਾ। ਪਇਆਲ–ਪਤਾਲ। ਬੇਤਾ–ਜਾਨਣ ਵਾਲਾ। ਬ੍ਰਹਮ ਬੀਚਾਰ–ਰੱਬ ਦਾ ਵਿਚਾਰ।੫।

ਕਬਹੂ ਨਿਰਤਿ ਕਰੈ ਬਹੁ ਭਾਤਿ ॥ ਕਬਹੂ ਸੋਇ ਰਹੈ ਦਿਨੁ ਰਾਤਿ ॥ ਕਬਹੂ ਮਹਾ ਕ੍ਰੋਧ ਬਿਕਰਾਲ ॥ ਕਬਹੂ ਸਰਬ ਕੀ ਹੋਤ ਰਵਾਲ ॥ ਕਬਹੂ ਹੋਇ ਬਹੈ ਬਡ ਰਾਜਾ ॥ ਕਬਹੁ ਭੇਖਾਰੀ ਨੀਚ ਕਾ ਸਾਜਾ ॥ ਕਬਹੂ ਅਪਕੀਰਤਿ ਮਹਿ ਆਵੈ ॥ ਕਬਹੂ ਭਲਾ ਭਲਾ ਕਹਾਵੈ ॥ ਜਿਉ ਪ੍ਰਭੁ ਰਾਖੈ ਤਿਵ ਹੀ ਰਹੈ ॥ ਗੁਰ ਪ੍ਰਸਾਦਿ ਨਾਨਕ ਸਚੁ ਕਹੈ ॥੬॥ ਕਦੇ (ਇਹ ਜੀਵ ਮਾਇਆ ਦੇ ਲਾਲਚ ਵਿਚ) ਕਈ ਕਿਸਮਾਂ ਦੇ ਨਾਚ ਕਰਦਾ ਹੈ। ਕਦੇ (ਆਲਸੀ ਹੋ ਕੇ) ਦਿਨ ਰਾਤ ਸੁੱਤਾ ਰਹਿੰਦਾ ਹੈ। ਕਦੇ ਬਹੁਤ ਕ੍ਰੋਧ ਵਿਚ ਭਿਆਨਕ ਰੂਪ ਧਾਰ ਲੈਂਦਾ ਹੈ। ਕਦੇ

All Rights Reserved by Harjinder Singh Gyani | www.GuruGranthVakhyaan.org

(ਗਰੀਬ ਬਣ ਕੇ) ਸਾਰਿਆਂ ਦੇ ਚਰਨਾਂ ਦੀ ਧੂੜ ਹੁੰਦਾ ਹੈ। ਕਦੇ ਵੱਡਾ ਰਾਜਾ ਬਣ ਬੈਠਦਾ ਹੈ। ਕਦੇ ਨੀਚ ਭਿਖਾਰੀ ਦਾ ਭੇਖ ਬਣਾ ਲੈਂਦਾ ਹੈ। ਕਦੇ (ਭੈੜੇ ਬੰਦਿਆਂ ਦਾ ਸੰਗ ਕਰਕੇ ਅਪਣਾ) ਅਪਜਸ ਕਰਾਉਣ ਵਿਚ ਆਉਂਦਾ ਹੈ। ਕਦੇ (ਸਾਧੂਆਂ ਦੀ ਸੰਗਤ ਕਰਕੇ) ਭਲਾ ਭਲਾ ਕਹਾਉਂਦਾ ਹੈ। ਜਿਵੇਂ ਪ੍ਰਭੂ (ਇਸ ਜੀਵ ਨੂੰ) ਰੱਖਦਾ ਹੈ, (ਇਹ) ਉਸੇ ਤਰ੍ਹਾਂ ਰਹਿੰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਨਾਨਕ ਸੱਚ ਆਖਦਾ ਹੈ; ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ (ਕੋਈ ਵਿਰਲਾ ਮਨੁੱਖ) ਸੱਚੇ ਨਾਮ ਨੂੰ ਉਚਾਰਦਾ ਹੈ।੬।

ਪਦਾਰਥ = ਕਬਹੂ–ਕਦੇ। ਨਿਰਤਿ–ਨਾਚ। ਬਹੁ–ਬਹੁਤ। ਭਾਤਿ–ਕਿਸਮਾਂ ਦੇ। ਸੋਇ ਰਹੈ–ਸੁੱਤਾ ਰਹਿੰਦਾ ਹੈ। ਬਿਕਰਾਲ–ਭਿਆਨਕ। ਸਰਬ ਕੀ–ਸਭ ਦੀ। ਹੋਤ–ਹੁੰਦਾ ਹੈ। ਰਵਾਲ–ਚਰਨ ਧੂੜ। ਬਹੈ–ਬੈਠਦਾ ਹੈ। ਸਾਜਾ–ਭੇਖ। ਅਪਕੀਰਤਿ–ਬਦਨਾਮੀ। ਤਿਵ–ਉਸੇ ਤਰ੍ਹਾਂ।੬।

ਕਬਹੂ ਹੋਇ ਪੰਡਿਤੁ ਕਰੇ ਬਖੵਾਨ ॥ ਕਬਹੂ ਮੋਨਿਧਾਰੀ ਲਾਵੈ ਧਿਆਨੁ ॥ ਕਬਹੂ ਤਟ ਤੀਰਥ ਇਸਨਾਨ ॥ ਕਬਹੂ ਸਿਧ ਸਾਧਿਕ ਮੁਖਿ ਗਿਆਨ ॥ ਕਬਹੂ ਕੀਟ ਹਸਤਿ ਪਤੰਗ ਹੋਇ ਜੀਆ ॥ ਅਨਿਕ ਜੋਨਿ ਭਰਮੈ ਭਰਮੀਆ ॥ ਕਦੇ (ਇਹ ਮਨੁੱਖ) ਪੰਡਤ ਹੋ ਕੇ (ਬੇਦਾਂ ਤੇ ਸ਼ਾਸਤ੍ਰਾਂ ਦੇ) ਵਖਿਆਨ ਕਰਦਾ ਹੈ। ਕਦੇ ਮੋਨਧਾਰੀ ਬਣ ਕੇ ਧਿਆਨ ਲਾਉਂਦਾ ਹੈ। ਕਦੇ ਤੀਰਥਾਂ ਦੇ ਕਿਨਾਰਿਆਂ ਤੇ (ਵਸ ਕੇ) ਇਸ਼ਨਾਨ ਕਰਦਾ ਹੈ। ਕਦੇ ਸਿੱਧ ਤੇ ਕਦੇ ਸਾਧਿਕ ਬਣ ਕੇ ਮੂੰਹ ਨਾਲ ਗਿਆਨ ਦੀਆਂ ਗੱਲਾਂ (ਲੋਕਾਂ ਨੂੰ) ਸੁਣਾਉਂਦਾ ਹੈ। ਕਦੇ (ਇਹ ਮਾੜੇ ਕਰਮਾਂ ਦੇ ਕਾਰਣ) ਕੀੜਾ, ਹਾਥੀ ਜਾਂ ਪਤੰਗਾ ਆਦਿ ਜੀਵ ਹੋ ਕੇ ਅਨੇਕਾਂ ਜੋਨੀਆਂ ਵਿਚ ਭਰਮਾਇਆ ਹੋਇਆ ਫਿਰਦਾ ਹੈ।

ਅੰਗ ੨੭੮ = ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ ॥ ਜਿਉ ਪ੍ਰਭ ਭਾਵੈ ਤਿਵੈ ਨਚਾਵੈ ॥ ਜੋ ਤਿਸੁ ਭਾਵੈ ਸੋਈ ਹੋਇ ॥ ਨਾਨਕ ਦੂਜਾ ਅਵਰੁ ਨ ਕੋਇ ॥੭॥ ਨਕਲੀਆਂ ਵਾਂਗ ਅਨੇਕਾਂ ਤਰ੍ਹਾਂ ਦੇ ਭੇਖ ਕਰਕੇ ਦਿਖਾਉਂਦਾ ਹੈ। ਜਿਵੇਂ ਪ੍ਰਭੂ ਨੂੰ ਭਾਉਂਦਾ ਹੈ, ਤਿਵੇਂ ਜੀਵ ਨੂੰ (ਅਨੇਕਾਂ ਜੋਨੀਆਂ ਦੇ ਰੂਪ ਵਿਚ) ਨਚਾ ਰਿਹਾ ਹੈ। ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਹੀ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਪ੍ਰਭੂ ਵਰਗਾ ਸਮਰੱਥ) ਦੂਜਾ ਹੋਰ ਕੋਈ ਨਹੀਂ ਹੈ।੭।

ਪਦਾਰਥ = ਕਰੇ–ਕਰਦਾ ਹੈ। ਬਖੵਾਨ–ਵਖਿਆਨ; ਉਪਦੇਸ਼। ਮੋਨਧਾਰੀ–ਚੁੱਪ ਰਹਿਣ ਵਾਲਾ। ਤਟ–ਕਿਨਾਰਾ। ਸਿਧ–ਕਰਾਮਾਤੀ ਜੋਗੀ। ਸਾਧਿਕ–ਸਾਧਨਾ ਕਰਨ ਵਾਲਾ (ਅਭਿਆਸੀ)। ਮੁਖਿ–ਮੂੰਹ ਨਾਲ। ਕੀਟ–ਕੀੜਾ। ਹਸਤਿ–ਹਾਥੀ। ਪਤੰਗ–ਭਮੱਕੜ। ਭਰਮੀਆ–ਭਰਮ ਵਿਚ ਪਾਇਆ ਹੋਇਆ। ਨਾਨਾ–ਕਈ ਤਰ੍ਹਾਂ ਦੇ। ਸ੍ਵਾਗੀ–ਨਕਲੀਆ। ਤਿਵੈ–ਉਸੇ ਤਰ੍ਹਾਂ। ਸੋਈ–ਉਹ ਹੀ। ਅਵਰੁ–ਹੋਰ।੭।

ਕਬਹੂ ਸਾਧ ਸੰਗਤਿ ਇਹੁ ਪਾਵੈ ॥ ਉਸੁ ਅਸਥਾਨ ਤੇ ਬਹੁਰਿ ਨ ਆਵੈ ॥ ਅੰਤਰਿ ਹੋਇ ਗਿਆਨ ਪਰਗਾਸੁ ॥ ਉਸੁ ਅਸਥਾਨ ਕਾ ਨਾਹੀ ਬਿਨਾਸੁ ॥ ਮਨ ਤਨ ਨਾਮਿ ਰਤੇ ਇਕ ਰੰਗਿ ॥ ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥ ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥ ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥ ਕਦੇ (ਇਹ ਮਨੁੱਖ) ਸਾਧ ਸੰਗਤ ਪ੍ਰਾਪਤ ਕਰਦਾ ਹੈ। ਉਸ ਅਸਥਾਨ (ਸਾਧ ਸੰਗਤ) ਤੋਂ ਫਿਰ ਮੁੜ ਕੇ ਨਹੀਂ ਆਉਂਦਾ; ਮੁੜ ਜੋਨੀਆਂ ਵਿਚ (ਜਨਮ ਲੈ ਕੇ) ਨਹੀਂ ਆਉਂਦਾ। (ਸਾਧ ਸੰਗਤ ਦੀ ਬਰਕਤ ਨਾਲ ਇਸ ਦੇ) ਅੰਦਰ ਗਿਆਨ ਦਾ ਚਾਨਣ ਹੋ ਜਾਂਦਾ ਹੈ। (ਗਿਆਨ ਦਾ ਪ੍ਰਕਾਸ਼ ਇਸ ਨੂੰ ਜਿਸ ਸਥਾਨ ਤੇ ਲੈ ਜਾਂਦਾ ਹੈ) ਉਸ ਅਸਥਾਨ ਦਾ ਕਦੇ ਨਾਸ਼ ਨਹੀਂ ਹੁੰਦਾ (ਅਬਿਨਾਸੀ ਪਦ ਪ੍ਰਾਪਤ ਕਰ ਲੈਂਦਾ ਹੈ। ਜਿਨ੍ਹਾਂ ਪੁਰਖਾਂ ਦੇ) ਮਨ ਤੇ ਤਨ ਇਕ ਪ੍ਰਭੂ ਦੇ ਨਾਮ ਵਿਚ ਤੇ ਪ੍ਰੇਮ ਵਿਚ ਰੰਗੇ ਰਹਿੰਦੇ ਹਨ। (ਉਹ) ਸਦਾ ਪਾਰਬ੍ਰਹਮ ਦੇ ਨਾਲ ਵਸਦੇ ਹਨ। ਜਿਵੇਂ ਜਲ ਵਿਚ ਜਲ ਆ ਕੇ ਮਿਲਦਾ ਹੈ (ਤੇ ਇਕ ਰੂਪ ਹੋ ਜਾਂਦਾ ਹੈ)। ਤਿਵੇਂ (ਪ੍ਰਭੂ ਨਾਲ ਮਿਲੇ ਪੁਰਖ ਦੀ ਆਤਮ) ਜੋਤ ਪ੍ਰਭੂ ਦੀ ਜੋਤ ਨਾਲ ਲੀਨ ਹੋ (ਮਿਲ) ਜਾਂਦੀ ਹੈ। (ਫਿਰ ਉਸ ਪੁਰਖ ਦੇ) ਜਨਮ ਮਰਣ ਦੇ ਫੇਰੇ ਮਿਟ ਜਾਂਦੇ ਹਨ ਅਤੇ ਪ੍ਰਭੂ ਦੇ ਚਰਨਾਂ ਵਿਚ ਟਿਕਾਣਾ ਪ੍ਰਾਪਤ ਕਰ ਲੈਂਦਾ ਹੈ। ਨਾਨਕ (ਸਮਰੱਥ) ਪ੍ਰਭੂ ਤੋਂ ਸਦਾ ਕੁਰਬਾਨ ਜਾਂਦਾ ਹੈ।੮।੧੧। (ਸਤ ਸੰਗਤ ਦੁਆਰਾ ਜੀਵ ਦੀ ਮੁਕਤੀ ਦੱਸੀ ਹੈ)।

ਪਦਾਰਥ = ਬਹੁਰਿ–ਮੁੜ, ਵਾਪਸ। ਅੰਤਰਿ–ਹਿਰਦੇ ਅੰਦਰ। ਬਿਨਾਸੁ–ਨਾਸ਼। ਰਤੇ–ਰੰਗੇ ਹਨ। ਇਕ ਰੰਗਿ–ਇਕ ਪ੍ਰਭੂ ਦੇ ਪ੍ਰੇਮ ਵਿਚ। ਕੈ ਸੰਗਿ–ਦੇ ਨਾਲ। ਖਟਾਨਾ–ਮਿਲਦਾ (ਰਲਦਾ) ਹੈ। ਗਵਨ–ਜਨਮ ਮਰਣ ਦਾ ਗੇੜ। ਬਿਸ੍ਰਾਮ–ਟਿਕਾਣਾ; ਅਰਾਮ।੮।੧੧।

www.gurugranthvakhyaan.org

All Rights Reserved by Harjinder Singh Gyani | www.GuruGranthVakhyaan.org